Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA

FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।




Gurjatinder S. Randhawa
REALTOR CA DRE licence # 01490567
916-320-9444

Vol. 19, Issue- 892, 05 to 11 Feb., 2026, Ph: 916-320-9444, E-mail: punjabmailusa@yahoo.com, Web: punjabmailusa.com

# ਬਿਕਰਮ ਮਜੀਠੀਆ ਨਾਭਾ ਜੇਲ੍ਹ ਤੋਂ ਹੋਏ ਰਿਹਾਅ

## ■ ਸੁਪਰੀਮ ਕੋਰਟ ਵੱਲੋਂ ਦਿੱਤੀ ਗਈ ਸੀ ਜ਼ਮਾਨਤ
## ■ ਮਜੀਠੀਆ ਨੇ ਨਾਭਾ ਜੇਲ੍ਹ ਤੋਂ ਬਾਹਰ ਆਉਂਦਿਆਂ ਹੀ ਸਰਕਾਰ ਵਿਰੁੱਧ ਲਾਏ ਗੰਭੀਰ ਦੋਸ਼

**ਮਜੀਠਾ, (ਪੰਜਾਬ ਮੇਲ)-** ਸੱਤ ਮਹੀਨਿਆਂ ਬਾਅਦ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਜੇਲ੍ਹ 'ਚੋਂ ਬਾਹਰ ਆ ਗਏ ਹਨ। ਇਸ ਦੌਰਾਨ ਜਿੱਥੇ ਸ਼੍ਰੋਮਣੀ ਅਕਾਲੀ ਦਲ ਤੇ ਪਾਰਟੀ ਵਰਕਰਾਂ ਵਿਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ, ਉਥੇ ਹੀ ਦੇਰ ਸ਼ਾਮ ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਬਿਕਰਮ ਮਜੀਠੀਆ ਨੂੰ ਮਿਲਣ ਪਹੁੰਚੇ।

ਦੱਸ ਦੇਈਏ ਕਿ ਬਿਜਕਮ ਮਜੀਠੀਆ ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਦੇਰ ਸ਼ਾਮ ਆਪਣੇ ਘਰ ਪੁੱਜੇ। ਇਸ ਦੌਰਾਨ ਉਨ੍ਹਾਂ ਨੇ ਜਿੱਥੇ ਆਪਣੇ ਪਿਤਾ ਤੋਂ ਆਸ਼ੀਰਵਾਦ ਲਿਆ, ਉਥੇ ਹੀ ਉਹ ਆਪਣੇ ਬੱਚਿਆਂ ਨਾਲ ਮਿਲਣ ਤੋਂ ਬਾਅਦ ਮੁੜ ਮੁੱਛਾਂ ਨੂੰ ਤਾਅ ਦਿੰਦੇ ਨਜ਼ਰ ਆਏ।



### ਸਾਨੂੰ ਨਿਆਂ ਮਿਲਿਆ : ਸੁਖਬੀਰ

**ਚੰਡੀਗੜ੍ਹ :** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਸੁਪਰੀਮ ਕੋਰਟ ਵਲੋਂ ਬਿਕਰਮ ਮਜੀਠੀਆ ਨੂੰ ਜ਼ਮਾਨਤ ਮਿਲਣ 'ਤੇ ਕਿਹਾ ਕਿ ਇਹ ਸੱਚਾਈ ਦੀ ਜਿੱਤ ਹੈ। ਉਨ੍ਹਾਂ ਕਿਹਾ ਕਿ ਪਰਿਵਾਰ ਅਤੇ ਪਾਰਟੀ ਨੂੰ ਅਦਾਲਤ 'ਤੇ ਪੂਰਾ ਭਰੋਸਾ ਹੈ ਅਤੇ ਸਾਨੂੰ ਨਿਆਂ ਮਿਲਿਆ ਹੈ।



ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਦੀਆਂ ਧੱਕੇਸ਼ਾਹੀਆਂ ਦੀ ਫ਼ੈਸਲੇ ਨੇ ਪੋਲ ਖੋਲ੍ਹ ਦਿੱਤੀ ਹੈ। ਸਰਕਾਰ ਵੱਲੋਂ ਬਣਾਏ ਝੂਠੇ ਕੇਸ ਅਦਾਲਤਾਂ ਅੱਗੇ ਟਿਕ ਨਹੀਂ ਸਕਦੇ। ਭਗਵੰਤ ਮਾਨ ਸਰਕਾਰ ਅਤੇ ਪੁਲਿਸ ਵਲੋਂ ਕੀਤੇ ਜਾ ਰਹੇ ਤਸ਼ੱਦਦ ਨੂੰ ਫੈਸਲੇ ਨਾਲ ਠੱਲ੍ਹ ਪਵੇਗੀ ਅਤੇ ਸਰਕਾਰ ਦਾ ਚਿਹਰਾ ਜਨਤਾ ਦੇ ਸਾਹਮਣੇ ਨੰਗਾ ਹੋ ਜਾਵੇਗਾ।

### ਰੱਬ ਦੀ ਅਦਾਲਤ 'ਚ ਦੇਰ ਹੈ ਪਰ ਹਨੇਰ ਨਹੀਂ : ਗਨੀਵ ਕੌਰ

**ਨਾਭਾ :** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਸੁਪਰੀਮ ਕੋਰਟ ਤੋਂ ਜ਼ਮਾਨਤ ਮਿਲਣ ਤੋਂ ਬਾਅਦ ਉਨ੍ਹਾਂ ਦੇ ਪਰਿਵਾਰ ਅਤੇ ਸਮਰਥਕਾਂ ਵਿਚ ਖੁਸ਼ੀ ਦੀ ਲਹਿਰ ਹੈ।



ਅਦਾਲਤ ਦੇ ਇਸ ਫੈਸਲੇ ਨੂੰ 'ਸੱਚ ਦੀ ਜਿੱਤ' ਕਰਾਰ ਦਿੰਦਿਆਂ ਮਜੀਠੀਆ ਦੀ ਪਤਨੀ ਗਨੀਵ ਕੌਰ ਨੇ ਸਰਕਾਰ 'ਤੇ ਤਿੱਖੇ ਨਿਸ਼ਾਨੇ ਸਾਧੇ ਹਨ। ਉਨ੍ਹਾਂ ਕਿਹਾ ਕਿ ਇਹ ਸਰਕਾਰ ਸ਼ਾਇਦ ਭੁੱਲ ਗਈ ਸੀ ਕਿ ਸਭ ਤੋਂ ਉੱਪਰ ਇਕ ਰੱਬ ਦੀ ਅਦਾਲਤ ਵੀ ਹੈ, ਜਿੱਥੇ ਦੇਰ ਹੈ ਪਰ ਹਨੇਰ ਨਹੀਂ। ਗਨੀਵ ਕੌਰ ਨੇ ਕਿਹਾ ਕਿ ਸੱਚਾਈ ਦੀ ਜਿੱਤ ਹੋਈ ਹੈ। ਉਨ੍ਹਾਂ ਨੇ ਪ੍ਰਮਾਤਮਾ ਅਤੇ ਦੇਸ਼ ਦੀ ਸਰਵਉੱਚ ਅਦਾਲਤ ਦਾ ਤਹਿ ਦਿਲੋਂ ਧੰਨਵਾਦ ਕੀਤਾ।

### ਖਹਿਰਾ ਨੇ ਭਗਵੰਤ ਮਾਨ ਦੇ ਟਵੀਟ ਦਾ ਉਨ੍ਹਾਂ ਦੇ ਹੀ ਅੰਦਾਜ਼ 'ਚ ਦਿੱਤਾ ਜਵਾਬ

**ਚੰਡੀਗੜ੍ਹ :** ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਉਨ੍ਹਾਂ ਦੇ ਹੀ ਅੰਦਾਜ਼ ਵਿਚ ਜਵਾਬ ਦਿੱਤਾ ਹੈ। ਦਰਅਸਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕਿਸੇ ਦਾ ਨਾਂ ਲਏ ਬਗ਼ੈਰ ਇਕ ਟਵੀਟ ਕੀਤਾ ਸੀ, ਜਿਸ ਵਿਚ ਉਨ੍ਹਾਂ ਆਖਿਆ ਸੀ ਕਿ "ਕੱਲ੍ਹ ਬਣ ਜਾਣ ਭਾਵੇਂ ਅੱਜ ਬਣ ਜਾਣ, ਅਦਾਲਤਾਂ ਦਾ ਓਥੇ ਰੱਬ ਰਾਖਾ, ਜਿੱਥੇ ਮੁਲਾਕਾਤੀ ਹੀ ਜੱਜ ਬਣ ਜਾਣ...।" ਖਹਿਰਾ ਨੇ ਵੀ ਇਸ ਟਵੀਟ ਦਾ ਜਵਾਬ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ 'ਤੇ ਹਮਲਾ ਬੋਲਿਆ ਹੈ। ਖਹਿਰਾ ਨੇ ਟਵੀਟ ਕੀਤਾ, "ਜਦੋਂ ਅਹੁਦਾ ਹੰਕਾਰ ਵਿਚ ਤਬਦੀਲ ਹੋਜੇ, ਜਦੋਂ ਝੂਠ ਸਰਕਾਰ ਦੀ ਦਲੀਲ ਹੋਜੇ, ਜਦੋਂ ਚੋਰਾਂ ਨਾਲ ਸੀ.ਐੱਮ. ਭਗਵੰਤ ਮਾਨ ਦੀ ਡੀਲ ਹੋਜੇ, ਸਾਰੀ ਵਜ਼ਾਰਤ ਦੀ ਜੀਭਾ ਫ਼ਿਰ ਸੀਲ ਹੋਜੇ, ਲਹੂ ਪਰਜਾ ਦਾ ਰਾਜੇ ਲਈ ਛਬੀਲ ਹੋਜੇ, ਉਸ ਸੂਬੇ ਦਾ ਸੱਚੀਂ ਫ਼ਿਰ ਰੱਬ ਰਾਖਾ!"



ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਤੋਂ ਜ਼ਮਾਨਤ ਮਿਲਣ ਤੋਂ ਬਾਅਦ ਨਾਭਾ ਜੇਲ੍ਹ ਤੋਂ ਬਾਹਰ ਆਏ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਹਮਲਾਵਰ ਰੁਖ 'ਚ ਨਜ਼ਰ ਆਏ। ਚਿੱਟੇ ਕੁੜਤੇ-ਪਜਾਮੇ ਵਿਚ ਬਾਹਰ ਨਿਕਲੇ ਮਜੀਠੀਆ ਨੇ ਸਭ ਤੋਂ ਪਹਿਲਾਂ ਆਪਣੀਆਂ ਮੁੱਛਾਂ ਨੂੰ ਤਾਅ ਦਿੱਤਾ ਅਤੇ ਉੱਥੇ ਮੌਜੂਦ ਸਮਰਥਕਾਂ ਦਾ ਧੰਨਵਾਦ ਕੀਤਾ। ਜੇਲ੍ਹ ਦੇ ਮੁੱਖ ਗੇਟ ਤੱਕ ਪੈਦਲ ਆਉਣ ਤੋਂ ਬਾਅਦ ਮਜੀਠੀਆ ਨੇ ਮੀਡੀਆ ਅਤੇ ਸਮਰਥਕਾਂ ਦੇ ਰੂਬਰੂ ਹੁੰਦਿਆਂ 'ਆਪ' ਸਰਕਾਰ 'ਤੇ ਗੰਭੀਰ ਦੋਸ਼ ਲਗਾਏ। ਉਨ੍ਹਾਂ ਕਿਹਾ ਕਿ, 'ਸਰਕਾਰਾਂ ਚਾਹੁੰਦੀ ਸੀ ਕਿ ਮੈਂ ਜ਼ਿੰਦਾ ਬਾਹਰ ਹੀ ਨਾ ਆਵਾਂ। ਪਰ ਪ੍ਰਮਾਤਮਾ ਦੀ ਮਿਹਰ ਸਦਕਾ ਉਹ ਅੱਜ ਸਭ ਦੇ ਵਿਚਕਾਰ ਹਨ।


ਮਜੀਠੀਆ ਨੇ ਮਜ਼ਾਕੀਆ ਲਹਿਜ਼ੇ 'ਚ ਬੋਲਦਿਆਂ ਕਿਹਾ ਕਿ ਉਨ੍ਹਾਂ ਗ੍ਰਿਫਤਾਰੀ ਤੋਂ ਬਾਅਦ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਉਨ੍ਹਾਂ ਦੇ ਸੂਤਰਾਂ ਬਾਰੇ ਜਾਣਨ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਅਕਾਲੀ ਆਗੂ ਨੇ ਮੁੱਖ ਮੰਤਰੀ ਵੱਲੋਂ ਹਾਲ ਹੀ ਵਿਚ ਸਾਂਝੇ ਕੀਤੇ ਇੱਕ ਟਵੀਟ ਬਾਰੇ ਟਿੱਪਣੀ ਵੀ ਕੀਤੀ। ਉਨ੍ਹਾਂ ਨੇ ਸੁਨੀਲ ਜਾਖੜ, ਕੈਪਟਨ ਅਮਰਿੰਦਰ ਸਿੰਘ, ਸੁਖਬੀਰ ਬਾਦਲ, ਚਰਨਜੀਤ ਸਿੰਘ ਚੰਨੀ, ਤਰੁਣ ਚੁੱਘ, ਭੈਣ ਹਰਸਿਮਰਤ ਬਾਦਲ ਅਤੇ ਸੁਖਪਾਲ ਖਹਿਰਾ ਦਾ ਧੰਨਵਾਦ ਕਰਦਿਆਂ ਦਾਅਵਾ ਕੀਤਾ ਕਿ ਉਹ ਮਾੜੇ ਸਮੇਂ ਵਿਚ ਉਨ੍ਹਾਂ ਦੇ ਨਾਲ ਖੜ੍ਹੇ ਰਹੇ।

ਰਿਹਾਈ ਤੋਂ ਬਾਅਦ ਉਨ੍ਹਾਂ ਆਪਣੇ ਸਮਰਥਕਾਂ ਨੂੰ ਸੰਬੋਧਨ ਕੀਤਾ ਅਤੇ ਫ਼ਿਰ ਸਿੱਧਾ ਗੁਰੂ ਸਾਹਿਬ ਦਾ ਸ਼ੁਕਰਾਨਾ ਕਰਨ ਲਈ ਪਟਿਆਲਾ ਦੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿਖੇ ਨਤਮਸਤਕ ਹੋਣ ਲਈ ਪਹੁੰਚੇ। ਮਜੀਠੀਆ ਨੇ ਕਿਹਾ ਕਿ ਉਹ ਪ੍ਰਮਾਤਮਾ ਦੇ ਸ਼ੁਕਰਗੁਜ਼ਾਰ ਹਨ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਕਈ ਸੀਨੀਅਰ ਲੀਡਰਾਂ ਨੇ ਗੁਰਦੁਆਰਾ ਸਾਹਿਬ ਪਹੁੰਚ ਕੇ ਬਿਕਰਮ ਮਜੀਠੀਆ ਨਾਲ ਮੁਲਾਕਾਤ ਕੀਤੀ।

■ ਬਾਕੀ ਖਬਰ ਸਫਾ 24 'ਤੇ

## ਭਾਰਤੀ-ਅਮਰੀਕੀ ਵਿਅਕਤੀ ਦੀ ਨਾਗਰਿਕਤਾ ਰੱਦ ਕਰਨ ਲਈ ਮੁਕੱਦਮਾ ਦਾਇਰ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਨਿਆਂ ਵਿਭਾਗ ਨੇ ਕਿਹਾ ਕਿ ਸੰਯੁਕਤ ਰਾਜ ਅਮਰੀਕਾ ਨੇ ਇੱਕ ਭਾਰਤੀ-ਅਮਰੀਕੀ ਵਿਅਕਤੀ ਦੀ ਨਾਗਰਿਕਤਾ ਰੱਦ ਕਰਨ ਲਈ ਇੱਕ ਸਿਵਲ ਮੁਕੱਦਮਾ ਦਾਇਰ ਕੀਤਾ ਹੈ, ਜਿਸਨੂੰ ਬਲਾਤਕਾਰ ਅਤੇ ਅਗਵਾ ਦਾ ਦੋਸ਼ੀ ਠਹਿਰਾਇਆ ਗਿਆ ਹੈ।



ਨਿਆਂ ਵਿਭਾਗ ਦੇ ਅਨੁਸਾਰ, ਗੁਰਮੀਤ ਸਿੰਘ ਨੇ ਅਮਰੀਕੀ ਨਾਗਰਿਕਤਾ ਲਈ ਅਰਜ਼ੀ ਦਿੰਦੇ ਸਮੇਂ ਗੰਭੀਰ ਅਪਰਾਧਾਂ ਨਾਲ ਸਬੰਧਤ ਜਾਣਕਾਰੀ ਛੁਪਾਈ ਸੀ। ਉਸ 'ਤੇ ਦੋਸ਼ ਹੈ ਕਿ ਉਸਨੇ ਨੈਚੁਰਲਾਈਜ਼ੇਸ਼ਨ ਪ੍ਰਕਿਰਿਆ ਦੌਰਾਨ ਗਲਤ ਜਾਣਕਾਰੀ ਦਿੱਤੀ ਅਤੇ ਭੌਤਿਕ ਤੱਥ ਛੁਪਾਏ। ਸ਼ਿਕਾਇਤ ਵਿਚ ਦੋਸ਼ ਲਗਾਇਆ ਗਿਆ ਹੈ ਕਿ ਟੈਕਸੀ ਡਰਾਈਵਰ ਵਜੋਂ ਕੰਮ ਕਰਦੇ ਸਮੇਂ, ਗੁਰਮੀਤ ਸਿੰਘ ਨੇ ਇੱਕ ਮਹਿਲਾ ਯਾਤਰੀ ਨੂੰ ਅਗਵਾ ਕੀਤਾ ਅਤੇ ਉਸਦਾ ਜਿਨਸੀ ਸ਼ੋਸ਼ਣ ਕੀਤਾ। ਜਦੋਂ ਉਹ ਸੌਂ ਗਈ, ਤਾਂ ਉਸਨੇ ਟੈਕਸੀ ਨੂੰ ਇੱਕ ਪਾਸੇ ਵਾਲੀ ਗਲੀ ਵਿਚ ਭਜਾ ਦਿੱਤਾ ਅਤੇ ਉਸਨੂੰ ਚਾਕੂ ਨਾਲ ਧਮਕਾਇਆ।

ਇਸ ਦੇ ਬਾਵਜੂਦ, ਗੁਰਮੀਤ ਸਿੰਘ ਨੇ ਨਾਗਰਿਕਤਾ ਪ੍ਰਕਿਰਿਆ ਪੂਰੀ ਕੀਤੀ ਅਤੇ 19 ਅਕਤੂਬਰ, 2011 ਨੂੰ ਅਮਰੀਕੀ ਨਾਗਰਿਕ ਬਣ ਗਿਆ। ਬਾਅਦ ਵਿਚ ਨਿਊਯਾਰਕ ਦੀ ਇੱਕ ਅਦਾਲਤ ਨੇ ਉਸਨੂੰ ਪਹਿਲੀ-ਡਿਗਰੀ ਬਲਾਤਕਾਰ ਅਤੇ ਦੂਜੀ-ਡਿਗਰੀ ਅਗਵਾ ਦਾ ਦੋਸ਼ੀ ਠਹਿਰਾਇਆ। ਉਸਨੂੰ 20 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ। ਅਮਰੀਕੀ ਅਟਾਰਨੀ ਜਨਰਲ ਪਾਮੇਲਾ ਬੌਂਡੀ ਨੇ ਕਿਹਾ ਕਿ ਨਾਗਰਿਕਤਾ ਪ੍ਰਕਿਰਿਆ ਦੌਰਾਨ ਅਪਰਾਧਾਂ ਨੂੰ ਛੁਪਾਉਣ ਵਾਲਿਆਂ ਦੀ ਨਾਗਰਿਕਤਾ ਖੋਹ ਲਈ ਜਾਵੇਗੀ। ਉਨ੍ਹਾਂ ਕਿਹਾ ਕਿ ਅਮਰੀਕੀ ਨਾਗਰਿਕਤਾ ਇੱਕ ਵਿਸ਼ੇਸ਼ ਅਧਿਕਾਰ ਹੈ। ਨਿਆਂ ਵਿਭਾਗ ਦੇ ਸਿਵਲ ਡਿਵੀਜ਼ਨ ਨੇ ਕਿਹਾ ਕਿ ਗੁਰਮੀਤ ਸਿੰਘ ਨੂੰ ਕਦੇ ਵੀ ਅਮਰੀਕੀ ਨਾਗਰਿਕਤਾ ਨਹੀਂ ਦਿੱਤੀ ਜਾਣੀ ਚਾਹੀਦੀ ਸੀ। ਵਿਭਾਗ ਅਨੁਸਾਰ, ਉਹ ਪਰਿਵਾਰਕ ਆਧਾਰ 'ਤੇ ਅਮਰੀਕਾ ਵਿਚ ਦਾਖਲ ਹੋਇਆ ਅਤੇ ਬਾਅਦ ਵਿਚ ਅਪਰਾਧ ਕਰਕੇ ਅਤੇ ਗਲਤ ਜਾਣਕਾਰੀ ਦੇ ਕੇ ਨਾਗਰਿਕਤਾ ਪ੍ਰਾਪਤ ਕੀਤੀ। ਇਮੀਗ੍ਰੇਸ਼ਨ ਅਤੇ ਰਾਸ਼ਟਰੀਅਤਾ ਐਕਟ ਦੇ ਤਹਿਤ, ਅਮਰੀਕੀ ਸਰਕਾਰ ਨਾਗਰਿਕਤਾ ਨੂੰ ਰੱਦ ਕਰ ਸਕਦੀ ਹੈ, ਜੇਕਰ ਇਹ ਧੋਖਾਧੜੀ ਜਾਂ ਗਲਤ ਜਾਣਕਾਰੀ ਦੁਆਰਾ ਪ੍ਰਾਪਤ ਕੀਤੀ ਗਈ ਹੈ।

## ਨੈਵ ਗੁਰਮ ਨੂੰ ਫਰਿਜ਼ਨੋ ਸਿਟੀ ਕੌਂਸਲ ਮੈਂਬਰ ਦੀ ਚੋਣ ਲਈ ਪੰਜਾਬੀ ਤੇ ਅਮਰੀਕਨ ਭਾਈਚਾਰੇ ਵੱਲੋਂ ਮਿਲਿਆ ਭਰਵਾਂ ਹੁੰਗਾਰਾ

**ਫਰਿਜ਼ਨੋ, (ਪੰਜਾਬ ਮੇਲ)-** ਫਰਿਜ਼ਨੋ ਦੇ ਵਸਨੀਕ ਅਮਰੀਕਾ ਦੇ ਜਨਮੇ ਨੌਜਵਾਨ ਗੱਭਰੂ ਨਵਕਰਨ ਸਿੰਘ ਗੁਰਮ, ਜਿਸ ਨੂੰ ਸਮੁੱਚੇ ਭਾਈਚਾਰੇ ਵਿਚ "ਨੈਵ ਗੁਰਮ" ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਜੋ ਇੱਥੋਂ ਦੀ ਕਾਨੂੰਨੀ ਵਿਦਿਆ ਵਿਚ ਗ੍ਰੈਜੂਏਟ ਹਨ ਅਤੇ ਭਾਈਚਾਰਕ ਕੰਮਾਂ ਵਿਚ ਵੱਧ-ਚੜ੍ਹ ਕੇ ਹਿੱਸਾ ਲੈਂਦੇ ਆ ਰਹੇ ਹਨ। ਇਨ੍ਹਾਂ ਨੇ ਹੁਣ ਫਰਿਜ਼ਨੋ ਸਿਟੀ ਵਿਚ ਜੂਨ ਮਹੀਨੇ ਹੋਣ ਜਾ ਰਹੀ ਸਿਟੀ ਕੌਂਸਲ ਦੀ ਚੋਣ ਲੜਨੀ ਹੈ, ਜਿਸ ਲਈ ਸਮੁੱਚੇ ਭਾਈਚਾਰੇ ਨੇ ਰਲ ਕੇ ਇਕ ਫੰਡ ਇਕੱਤਰਤਾ ਕਲੋਵਸ ਸ਼ਹਿਰ ਵਿਖੇ ਕੀਤੀ। ਜਿਸ ਵਿਚ ਵੱਖ-ਵੱਖ ਸੰਸਥਾਵਾਂ ਅਤੇ ਅਦਾਰਿਆਂ ਨਾਲ ਸਬੰਧਤ ਪੰਜਾਬੀ ਭਾਈਚਾਰੇ ਅਤੇ ਅਮਰੀਕਨ ਭਾਈਚਾਰੇ ਦੇ ਨੁਮਾਇੰਦਿਆਂ ਅਤੇ ਹੋਰ ਸਹਿਯੋਗੀਆਂ ਨੇ ਸ਼ਿਰਕਤ ਕੀਤੀ। ਇਸ ਸਮੇਂ ਖਾਸ ਤੌਰ 'ਤੇ ਆਪਣੇ ਸਹਿਯੋਗ ਦੀ ਵਚਨਬੱਧਤਾ ਪ੍ਰਗਟਾਉਣ ਲਈ ਫਰਿਜ਼ਨੋ ਸ਼ਹਿਰ ਦੇ ਮੇਅਰ ਜੈਰੀ ਡਾਇਰ ਅਤੇ ਸਿਟੀ ਕੌਂਸਲ ਦੇ ਮੈਂਬਰ ਹਾਜ਼ਰ ਸਨ। ਇਸ ਮੌਕੇ ਹੋਰ ਵੀ ਬਹੁਤ ਸਾਰੇ ਬੁਲਾਰਿਆਂ ਨੇ ਨੈਵ ਗੁਰਮ ਦੀਆਂ ਸੇਵਾਵਾਂ ਦਾ ਜ਼ਿਕਰ ਕਰਦੇ ਹੋਏ ਪੂਰਾ ਸਮਰਥਨ ਦੇਣ ਦਾ ਵਾਅਦਾ ਕੀਤਾ।



ਇਸ ਸਮੇਂ ਬੋਲਦੇ ਹੋਏ ਨੈਵ ਗੁਰਮ ਨੇ ਭਾਈਚਾਰੇ ਲਈਂ ਆਪਣੀਆ ਸੇਵਾਵਾਂ ਅਤੇ ਫਰਿਜ਼ਨੋ ਸ਼ਹਿਰ ਲਈ ਭਵਿੱਖ ਸਿਟੀ ਕੌਂਸਲ ਦੇ ਮੈਂਬਰ ਬਣਨ ਉਪਰੰਤ ਭਾਈਚਾਰਕ ਕਾਰਜਾਂ ਦਾ ਜ਼ਿਕਰ ਕੀਤਾ।

## ਅਮਰੀਕਾ 'ਚ ਚੋਰੀ ਦੇ ਦੋਸ਼ ਹੇਠ 3 ਪੰਜਾਬੀ ਗ੍ਰਿਫ਼ਤਾਰ


**ਨਵਾਡਾ, (ਪੰਜਾਬ ਮੇਲ)-** ਨਵਾਡਾ ਕਾਊਂਟੀ ਸ਼ੈਰਿਫ ਦੀ ਪੁਲਿਸ ਵੱਲੋਂ ਚੋਰੀ ਦੇ ਦੋਸ਼ ਹੇਠ 3 ਪੰਜਾਬੀ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਨ੍ਹਾਂ ਵੱਲੋਂ 2 ਟਰੱਕ ਟਰੇਲਰ ਚੋਰੀ ਕੀਤੇ ਗਏ ਸਨ, ਜਿਸ ਵਿਚੋਂ ਇਕ ਬਰਾਮਦ ਕਰ ਲਿਆ ਗਿਆ ਹੈ। ਉਸ ਟਰੱਕ ਵਿਚ ਬਹੁਤ ਸਾਰਾ ਮਹਿੰਗਾ ਸਾਮਾਨ ਸੀ, ਜੋ ਇਹ ਵੇਚਣਾ ਚਾਹੁੰਦੇ ਸਨ। ਪੁਲਿਸ ਸਪਾਰਕ ਡਿਪਾਰਟਮੈਂਟ ਨੇ 30 ਜਨਵਰੀ, 2026 ਨੂੰ ਇਸ ਟਰੱਕ ਟਰੇਲਰ ਨੂੰ ਬਰਾਮਦ ਕੀਤਾ।

ਗ੍ਰਿਫ਼ਤਾਰ ਕੀਤੇ ਪੰਜਾਬੀਆਂ ਦੀ ਪਛਾਣ ਦਪਿੰਦਰ ਸਿੰਘ (26) ਮਨਟੀਕਾ, ਹਰਮਨਪਾਲ ਸਿੰਘ (25) ਲੋਡਾਈ (ਕੈਲੀਫੋਰਨੀਆ) ਅਤੇ ਅਰਸ਼ਦੀਪ ਸਿੰਘ (21) ਫਰੀਮਾਂਟ ਵਜੋਂ ਹੋਈ ਹੈ। ਇਨ੍ਹਾਂ 3 ਨੌਜਵਾਨਾਂ 'ਤੇ 10-10 ਲੱਖ ਦਾ ਜੁਰਮਾਨਾ ਲਾਇਆ ਗਿਆ ਹੈ। ਪੁਲਿਸ ਵੱਲੋਂ ਇਨ੍ਹਾਂ ਤਿੰਨਾਂ ਨੂੰ ਜੇਲ੍ਹ ਭੇਜਿਆ ਗਿਆ ਹੈ ਅਤੇ ਆਉਣ ਵਾਲੇ ਦਿਨਾਂ ਵਿਚ ਇਨ੍ਹਾਂ ਨੂੰ ਕੋਰਟ ਵਿਚ ਪੇਸ਼ ਕੀਤਾ ਜਾਵੇਗਾ।

## ਸਰੀ 'ਚ ਗੋਲੀਬਾਰੀ ਦੇ ਦੋਸ਼ ਹੇਠ 3 ਪੰਜਾਬੀ ਨੌਜਵਾਨ ਗ੍ਰਿਫ਼ਤਾਰ

**ਸਰੀ, (ਪੰਜਾਬ ਮੇਲ)-** ਕੈਨੇਡਾ ਦੇ ਸਰੀ ਸ਼ਹਿਰ ਵਿਚ ਇੱਕ ਘਰ ਦੇ ਬਾਹਰ ਗੋਲੀਬਾਰੀ ਕਰਨ ਦੇ ਦੋਸ਼ ਵਿਚ ਪੁਲਿਸ ਨੇ 3 ਭਾਰਤੀ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਤਿੰਨਾਂ 'ਤੇ ਹਥਿਆਰਾਂ ਨਾਲ ਜੁੜੇ ਅਪਰਾਧਿਕ ਮਾਮਲੇ ਦਰਜ ਕੀਤੇ ਗਏ ਹਨ ਅਤੇ ਅਦਾਲਤ ਨੇ ਉਨ੍ਹਾਂ ਨੂੰ 5 ਫਰਵਰੀ ਤੱਕ ਪੁਲਿਸ ਹਿਰਾਸਤ 'ਚ ਭੇਜ ਦਿੱਤਾ ਹੈ।

ਪੁਲਿਸ ਵੱਲੋਂ ਜਾਰੀ ਕੀਤੀ ਗਈ ਜਾਣਕਾਰੀ ਅਨੁਸਾਰ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਹਰਜੋਤ ਸਿੰਘ (21), ਤਰਨਵੀਰ ਸਿੰਘ (19) ਅਤੇ ਦਯਾਜੀਤ ਸਿੰਘ ਬਿਲਿੰਗ (21) ਵਜੋਂ ਹੋਈ ਹੈ। ਪੁਲਿਸ ਨੇ ਇਨ੍ਹਾਂ ਤਿੰਨਾਂ ਦੀਆਂ ਤਸਵੀਰਾਂ ਜਾਰੀ ਕਰਦਿਆਂ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਕੋਲ ਇਸ ਘਟਨਾ ਨਾਲ ਜੁੜੀ ਕੋਈ ਜਾਣਕਾਰੀ, ਸੀ.ਸੀ.ਟੀ.ਵੀ. ਜਾਂ ਡੈਸ਼ਕੈਮ ਫੁਟੇਜ ਹੈ, ਤਾਂ ਉਹ ਜਾਂਚ ਵਿਚ ਮਦਦ ਲਈ ਅੱਗੇ ਆਉਣ। ਇਹ ਘਟਨਾ 1 ਫਰਵਰੀ ਨੂੰ ਸਵੇਰੇ ਲਗਪਗ 3:50 ਵਜੇ ਸਰੀ ਦੇ ਕ੍ਰਿਸੈਂਟ ਰੋਡ ਅਤੇ 132 ਸਟ੍ਰੀਟ ਦੇ ਕੋਲ ਵਾਪਰੀ। ਪੁਲਿਸ ਨੂੰ ਇੱਕ ਘਰ ਦੇ ਬਾਹਰ ਗੋਲੀ ਚੱਲਣ ਅਤੇ ਅੱਗ ਲੱਗਣ ਦੀ ਸੂਚਨਾ ਮਿਲੀ ਸੀ। ਘਟਨਾ ਦੇ ਤੁਰੰਤ ਬਾਅਦ ਪੁਲਿਸ ਨੇ ਇਲਾਕੇ ਦੀ ਘੇਰਾਬੰਦੀ ਕੀਤੀ। ਤਿੰਨਾਂ ਮੁਲਜ਼ਮਾਂ ਨੂੰ 28 ਐਵੇਨਿਊ ਅਤੇ 140 ਸਟ੍ਰੀਟ ਦੇ ਕੋਲ ਇੱਕ 'ਰਾਈਡਸ਼ੇਅਰ' (ਟੈਕਸੀ) ਗੱਡੀ ਵਿਚ ਸਵਾਰ ਹੁੰਦੇ ਸਮੇਂ ਦਬੋਚ ਲਿਆ ਗਿਆ। ਇਨ੍ਹਾਂ ਵਿਚੋਂ ਦਿਆਜੀਤ ਸਿੰਘ ਉਰਫ ਗੈਰੀ ਵਿਜ਼ਟਰ ਵੀਜ਼ੇ 'ਤੇ ਤਿੰਨ ਸਾਲ ਪਹਿਲਾਂ ਕੈਨੇਡਾ ਪਹੁੰਚਿਆ ਸੀ। ਦਯਾਜੀਤ ਸਿੰਘ ਉਰਫ ਗੈਰੀ ਗੁਰੂ ਨਾਨਕ ਮਿਸ਼ਨ ਪਬਲਿਕ ਸਕੂਲ ਪਾਉਂਟਾ ਸਾਹਿਬ ਦਾ ਵਿਦਿਆਰਥੀ ਰਿਹਾ ਹੈ। ਉਸ ਦੀ ਭੈਣ ਵੀ ਇੱਥੇ ਪੜ੍ਹਦੀ ਹੈ ਤੇ ਮਾਂ-ਬਾਪ ਕੋਲ ਵੀ ਕੈਨੇਡਾ ਦਾ ਵਿਜ਼ਟਰ ਵੀਜ਼ਾ ਹੈ।



# ਡੈਮੋਕ੍ਰੇਟਿਕ ਸ਼ਹਿਰਾਂ 'ਚ ਪ੍ਰਦਰਸ਼ਨਾਂ ਦੌਰਾਨ ਸਹਾਇਤਾ ਨਾ ਮੰਗੇ ਜਾਣ ਤੱਕ ਦਖਲ ਨਹੀਂ ਦੇਵਾਂਗੇ : ਟਰੰਪ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਉਨ੍ਹਾਂ ਨੇ ਹੋਮਲੈਂਡ ਸਕਿਓਰਿਟੀ ਸੈਕਟਰੀ ਕ੍ਰਿਸਟੀ ਨੋਏਮ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਡੈਮੋਕ੍ਰੇਟਿਕ ਪਾਰਟੀ ਸ਼ਾਸਿਤ ਸ਼ਹਿਰਾਂ 'ਚ ਹੋਣ ਵਾਲੇ ਵਿਰੋਧ ਪ੍ਰਦਰਸ਼ਨਾਂ ਦੌਰਾਨ ਉਦੋਂ ਤੱਕ ਦਖਲ ਨਾ ਦੇਣ, ਜਦੋਂ ਤੱਕ ਸਥਾਨਕ ਅਧਿਕਾਰੀ ਸੰਘੀ ਸਹਾਇਤਾ ਦੀ ਬੇਨਤੀ ਨਹੀਂ ਕਰਦੇ। ਟਰੰਪ ਦਾ ਇਹ ਬਿਆਨ ਉਦੋਂ ਆਇਆ ਹੈ, ਜਦੋਂ ਉਨ੍ਹਾਂ ਦੇ ਪ੍ਰਸ਼ਾਸਨ ਨੂੰ ਆਪਣੀ ਇਮੀਗ੍ਰੇਸ਼ਨ ਨੀਤੀ 'ਤੇ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ।



ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਲਿਖਿਆ ਕਿ ਅਸੀਂ ਖਰਾਬ ਤਰੀਕੇ ਨਾਲ ਚਲਾਏ ਜਾ ਰਹੇ ਡੈਮੋਕ੍ਰੇਟਿਕ ਸ਼ਹਿਰਾਂ 'ਚ ਹੋਣ ਵਾਲੇ ਕਿਸੇ ਵੀ ਵਿਰੋਧ ਪ੍ਰਦਰਸ਼ਨ ਜਾਂ ਦੰਗਿਆਂ ਵਿਚ ਉਦੋਂ ਤੱਕ ਦਖਲ ਨਹੀਂ ਦੇਵਾਂਗੇ, ਜਦੋਂ ਤੱਕ ਉਹ ਸਾਡੀ ਸਹਾਇਤਾ ਨਹੀਂ ਮੰਗਦੇ। ਹਾਲਾਂਕਿ, ਉਨ੍ਹਾਂ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਉਨ੍ਹਾਂ ਦਾ ਹੁਕਮ ਦਾ ਅਮਰੀਕੀ ਕਸਟਮਜ਼ ਅਤੇ ਇਮੀਗ੍ਰੇਸ਼ਨ ਇਨਫੋਰਸਮੈਂਟ (ਆਈ.ਸੀ.ਈ.) ਅਤੇ ਗ੍ਰਹਿ ਸੁਰੱਖਿਆ ਵਿਭਾਗ ਦੇ ਕਰਮਚਾਰੀਆਂ ਜਾਂ ਹੋਰ ਸੰਘੀ ਏਜੰਸੀਆਂ ਵਲੋਂ ਕੀਤੀਆਂ ਗਈਆਂ ਕਾਰਵਾਈਆਂ 'ਤੇ ਕੀ ਅਸਰ ਪਵੇਗਾ।

ਟਰੰਪ ਨੇ ਇਹ ਵੀ ਕਿਹਾ ਕਿ ਉਨ੍ਹਾਂ ਦਾ ਪ੍ਰਸ਼ਾਸਨ ਸੰਘੀ ਇਮਾਰਤਾਂ ਦੀ ਰੱਖਿਆ ਕਰੇਗਾ, ਜੋ ਪ੍ਰਦਰਸ਼ਨਕਾਰੀਆਂ ਕਾਰਨ ਖਤਰੇ 'ਚ ਹੋਣਗੀਆਂ। ਇਸ ਤੋਂ ਇਲਾਵਾ ਉਨ੍ਹਾਂ ਨੇ ਨੋਏਮ ਨੂੰ ਸੰਘੀ ਜਾਇਦਾਦ ਦੀ ਰੱਖਿਆ ਕਰਦੇ ਸਮੇਂ ਆਈ.ਸੀ.ਈ. ਅਤੇ ਯੂ.ਐੱਸ. ਬਾਰਡਰ ਪੈਟਰੋਲ 'ਤੇ ਸਖ਼ਤ ਰੁਖ਼ ਅਪਣਾਉਣ ਦਾ ਹੁਕਮ ਦਿੱਤਾ ਹੈ।

ਟਰੰਪ ਪ੍ਰਸ਼ਾਸਨ ਨੇ ਵਾਸ਼ਿੰਗਟਨ, ਲਾਸ ਏਂਜਲਸ, ਸ਼ਿਕਾਗੋ ਅਤੇ ਪੋਰਟਲੈਂਡ ਵਰਗੇ ਡੈਮੋਕ੍ਰੇਟਿਕ-ਸੰਚਾਲਿਤ ਸ਼ਹਿਰਾਂ 'ਚ ਨੈਸ਼ਨਲ ਗਾਰਡ ਜਾਂ ਸੰਘੀ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨੂੰ ਤਾਇਨਾਤ ਕੀਤਾ ਹੈ, ਜਿਸ ਕਾਰਨ ਆਲੋਚਨਾਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# ਟਰੰਪ ਵੱਲੋਂ ਭਾਰਤ-ਅਮਰੀਕਾ ਵਿਚਕਾਰ ਵਪਾਰਕ ਸਮਝੌਤੇ ਦਾ ਐਲਾਨ

## ਟੈਰਿਫ ਘਟਾ ਕੇ 18 ਫੀਸਦੀ ਕੀਤਾ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਮਵਾਰ ਨੂੰ ਭਾਰਤ ਅਤੇ ਅਮਰੀਕਾ ਵਿਚਾਲੇ ਇੱਕ ਵੱਡੇ ਵਪਾਰਕ ਸਮਝੌਤੇ ਦਾ ਐਲਾਨ ਕੀਤਾ ਹੈ। ਇਸ ਨਵੇਂ ਸਮਝੌਤੇ ਦੇ ਤਹਿਤ, ਅਮਰੀਕਾ ਭਾਰਤੀ ਵਸਤੂਆਂ 'ਤੇ ਲੱਗਣ ਵਾਲੇ ਟੈਰਿਫ (ਟੈਕਸ) ਨੂੰ 25 ਫੀਸਦੀ ਤੋਂ ਘਟਾ ਕੇ 18 ਫੀਸਦੀ ਕਰਨ ਲਈ ਸਹਿਮਤ ਹੋ ਗਿਆ ਹੈ।

ਭਾਰਤ ਵਿਚ ਅਮਰੀਕੀ ਰਾਜਦੂਤ ਸਰਜੀਓ ਗੋਰ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਰਾਸ਼ਟਰਪਤੀ ਟਰੰਪ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਫ਼ੋਨ 'ਤੇ ਗੱਲਬਾਤ ਕੀਤੀ ਹੈ। ਰਾਜਦੂਤ ਨੇ ਯੂਜ਼ਰਸ ਨੂੰ ਇਸ ਸਬੰਧੀ ਹੋਰ ਅਪਡੇਟਸ ਲਈ ਜੁੜੇ ਰਹਿਣ ਲਈ ਵੀ ਕਿਹਾ ਹੈ। ਹਾਲਾਂਕਿ, ਨਵੀਂ ਦਿੱਲੀ ਵੱਲੋਂ ਇਸ ਗੱਲਬਾਤ ਬਾਰੇ ਅਜੇ ਤੱਕ ਕੋਈ ਅਧਿਕਾਰਤ ਟਿੱਪਣੀ ਨਹੀਂ ਕੀਤੀ ਗਈ ਹੈ।

ਸਮਝੌਤੇ ਦੇ ਐਲਾਨ ਤੋਂ ਪਹਿਲਾਂ ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੁਥ ਸੋਸ਼ਲ' 'ਤੇ ਭਾਰਤ ਅਤੇ ਪੀ.ਐੱਮ. ਮੋਦੀ ਨਾਲ ਸਬੰਧਤ ਕਈ ਪੋਸਟਾਂ ਸਾਂਝੀਆਂ ਕੀਤੀਆਂ। ਉਨ੍ਹਾਂ ਨੇ ਇੰਡੀਆ ਗੇਟ ਦੀ ਤਸਵੀਰ ਸਾਂਝੀ ਕਰਦਿਆਂ ਇਸ ਨੂੰ ਭਾਰਤ ਦਾ "ਸੁੰਦਰ ਜਿੱਤ ਦਾ ਤੀਰਥ" (Triumphal Arch) ਦੱਸਿਆ। ਇਸ ਤੋਂ ਇਲਾਵਾ, ਉਨ੍ਹਾਂ ਨੇ ਇੱਕ ਮੈਗਜ਼ੀਨ ਕਵਰ ਦੀ ਤਸਵੀਰ ਵੀ ਸਾਂਝੀ ਕੀਤੀ, ਜਿਸ ਵਿਚ ਉਨ੍ਹਾਂ ਨੂੰ ਅਤੇ ਪੀ.ਐੱਮ. ਮੋਦੀ ਨੂੰ "ਸਾਲ 2025 ਦੇ ਨਿਊਜ਼ਮੇਕਰ" ਵਜੋਂ ਦਿਖਾਇਆ ਗਿਆ ਹੈ।



ਇਹ ਅਹਿਮ ਐਲਾਨ ਅਜਿਹੇ ਸਮੇਂ ਹੋਇਆ ਹੈ, ਜਦੋਂ ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਅਮਰੀਕਾ ਦੇ ਤਿੰਨ ਦਿਨਾਂ ਦੌਰੇ 'ਤੇ ਹਨ। ਉਹ ਉੱਥੇ ਨਾਜ਼ੁਕ ਖਣਿਜ ਸਪਲਾਈ ਚੇਨ ਬਾਰੇ ਮੰਤਰੀ ਪੱਧਰੀ ਬੈਠਕ ਵਿਚ ਹਿੱਸਾ ਲੈਣ ਗਏ ਹੋਏ ਹਨ।

ਜ਼ਿਕਰਯੋਗ ਹੈ ਕਿ ਪਿਛਲੇ ਸਾਲ ਅਮਰੀਕੀ ਰਾਸ਼ਟਰਪਤੀ ਵੱਲੋਂ ਭਾਰਤ 'ਤੇ 50 ਫੀਸਦੀ ਟੈਰਿਫ ਲਗਾਏ ਜਾਣ ਤੋਂ ਬਾਅਦ ਭਾਰਤ-ਅਮਰੀਕਾ ਸਬੰਧਾਂ ਵਿਚ ਕੁੜੱਤਣ ਆ ਗਈ ਸੀ। ਇਨ੍ਹਾਂ ਟੈਰਿਫਾਂ ਵਿਚ 25 ਫੀਸਦੀ ਵਾਧੂ ਟੈਕਸ ਰੂਸੀ ਤੇਲ ਦੀ ਖਰੀਦ ਕਾਰਨ ਲਗਾਇਆ ਗਿਆ ਸੀ। ਇਸ ਤੋਂ ਇਲਾਵਾ ਭਾਰਤ-ਪਾਕਿਸਤਾਨ ਟਕਰਾਅ ਨੂੰ ਖਤਮ ਕਰਨ ਸਬੰਧੀ ਟਰੰਪ ਦੇ ਦਾਅਵਿਆਂ ਕਾਰਨ ਵੀ ਦੋਵਾਂ ਦੇਸ਼ਾਂ ਦੇ ਸਬੰਧ ਪ੍ਰਭਾਵਿਤ ਹੋਏ ਸਨ। ਹੁਣ ਟੈਰਿਫ ਘਟਾਉਣ ਦੇ ਇਸ ਫੈਸਲੇ ਨੂੰ ਦੋਵਾਂ ਦੇਸ਼ਾਂ ਦੇ ਆਰਥਿਕ ਅਤੇ ਕੂਟਨੀਤਕ ਸਬੰਧਾਂ ਨੂੰ ਮੁੜ ਪੱਟੜੀ 'ਤੇ ਲਿਆਉਣ ਵੱਲ ਇੱਕ ਵੱਡੇ ਕਦਮ ਵਜੋਂ ਦੇਖਿਆ ਜਾ ਰਿਹਾ ਹੈ।

# ਕੈਨੇਡਾ 'ਚੋਂ ਬਾਹਰ ਜਾ ਰਹੇ ਲੋਕਾਂ ਦਾ ਰਿਕਾਰਡ ਰੱਖਣਾ ਜ਼ਰੂਰੀ

**ਟੋਰਾਂਟੋ, (ਪੰਜਾਬ ਮੇਲ)**- ਕੈਨੇਡਾ ਦੀ ਇਮੀਗ੍ਰੇਸ਼ਨ, ਸ਼ਰਨਾਰਥੀ ਤੇ ਨਾਗਰਿਕਤਾ ਮੰਤਰੀ ਲੀਨਾ ਡਿਆਬ ਨੇ ਕਿਹਾ ਹੈ ਕਿ ਦੇਸ਼ ਵਿਚੋਂ ਬਾਹਰ ਜਾ ਰਹੇ ਲੋਕਾਂ (ਵਿਸ਼ੇਸ਼ ਤੌਰ 'ਤੇ ਆਰਜ਼ੀ ਵੀਜ਼ਾਧਾਰਕਾਂ) ਬਾਰੇ ਸਰਕਾਰ ਨੂੰ ਪਤਾ ਹੋਣਾ ਜ਼ਰੂਰੀ ਹੈ, ਜਿਸ ਕਰਕੇ ਉਨ੍ਹਾਂ ਨੇ ਆਪਣੇ ਮੰਤਰਾਲੇ ਦੇ ਅਧਿਕਾਰੀਆਂ ਨੂੰ ਇਸ ਦੇ ਪ੍ਰਬੰਧ ਕਰਨ ਦੀਆਂ ਹਦਾਇਤਾਂ ਦਿੱਤੀਆਂ ਹਨ। ਬੀਤੇ ਦਹਾਕਿਆਂ ਤੋਂ ਕੈਨੇਡਾ ਦੇ ਸਰਹੱਦੀ ਲਾਂਘਿਆਂ 'ਤੇ ਇਮੀਗ੍ਰੇਸ਼ਨ ਚੈਕਿੰਗ ਦੇ ਅਜਿਹੇ ਪ੍ਰਬੰਧ ਹਨ, ਜਿਨ੍ਹਾਂ ਤਹਿਤ ਵਿਦੇਸ਼ਾਂ ਤੋਂ ਦੇਸ਼ 'ਚ ਦਾਖਲ ਹੋਣ ਵਾਲੇ ਲੋਕਾਂ ਦੀ ਪੜਤਾਲ ਕੀਤੀ ਜਾਂਦੀ ਹੈ ਪਰ ਦੇਸ਼ ਛੱਡ ਕੇ ਜਾਣ ਸਮੇਂ ਇਮੀਗ੍ਰੇਸ਼ਨ ਦੀ ਕੋਈ ਚੈਕਿੰਗ ਨਹੀਂ ਹੈ। 2019 ਤੋਂ ਹਵਾਈ ਜਹਾਜ਼ਾਂ ਦੀਆਂ ਕੰਪਨੀਆਂ ਨੂੰ ਉਨ੍ਹਾਂ ਦੇ ਜਹਾਜ਼ਾਂ 'ਚ ਕੈਨੇਡਾ ਤੋਂ ਬਾਹਰ ਜਾ ਰਹੇ ਮੁਸਾਫ਼ਰਾਂ ਦੀ ਲਿਸਟ ਉਡਾਣ ਤੋਂ 72 ਘੰਟੇ ਪਹਿਲਾਂ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੂੰ ਦੇਣੀ ਪੈਂਦੀ ਹੈ ਪਰ ਅਪਰਾਧੀਆਂ ਨੂੰ ਰੋਕਣ ਵਾਸਤੇ ਇਹ ਪ੍ਰਬੰਧ ਅਸਰਦਾਰ ਨਹੀਂ ਸਾਬਤ ਹੋ ਰਿਹਾ।

ਮੰਤਰੀ ਡਿਆਬ ਨੇ ਕਿਹਾ ਕਿ ਦੇਸ਼ ਛੱਡ ਕੇ ਜਾਂਦੇ ਆਰਜ਼ੀ ਵੀਜ਼ਾ ਧਾਰਕਾਂ (ਵਿਜ਼ਿਟਰ, ਸਟੱਡੀ, ਵਰਕ ਪਰਮਿਟ ਆਦਿ) ਦੀ ਗਿਣਤੀ ਬਾਰੇ ਸਰਕਾਰ ਨੂੰ ਪਤਾ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਡੇ ਕੋਲ ਦੇਸ਼ ਵਿਚੋਂ ਬਾਹਰ ਜਾ ਰਹੇ ਲੋਕਾਂ ਦਾ ਰਿਕਾਰਡ ਨਹੀਂ ਹੁੰਦਾ ਪਰ ਹੁਣ ਸਮਾਂ ਆ ਗਿਆ ਹੈ ਕਿ ਅਜਿਹਾ ਪ੍ਰਬੰਧ ਕੀਤਾ ਜਾਵੇ। ਮਿਲੀ ਜਾਣਕਾਰੀ ਅਨੁਸਾਰ 2026 ਦੌਰਾਨ 19 ਲੱਖ ਦੇ ਕਰੀਬ ਵਿਦੇਸ਼ੀਆਂ ਦੇ ਵਿਜ਼ਿਟਰ, ਸਟੱਡੀ ਅਤੇ ਵਰਕ ਪਰਮਿਟ ਖ਼ਤਮ ਹੋਣੇ ਹਨ, ਜਦਕਿ 2025 'ਚ ਖ਼ਤਮ ਹੋਏ ਅਜਿਹੇ ਪਰਮਿਟਾਂ ਦੀ ਗਿਣਤੀ 21 ਲੱਖ ਤੋਂ ਵੱਧ ਦੱਸੀ ਜਾ ਰਹੀ ਹੈ। ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਰਾਹੀਂ ਡਿਜੀਟਲ ਤਰੀਕੇ ਲੋਕਾਂ ਦੀ ਆਵਾਜਾਈ ਦਾ ਰਿਕਾਰਡ (ਨਾਂ, ਜਨਮ ਤਰੀਕ, ਪਾਸਪੋਰਟ ਦੀ ਜਾਣਕਾਰੀ) ਰੱਖਣਾ ਸੰਭਵ ਹੈ ਪਰ ਅਜੇ ਤੱਕ ਵੀਜ਼ਾ ਖ਼ਤਮ ਹੋਣ ਤੋਂ ਬਾਅਦ ਆਪਣੇ ਆਪ ਜਾਣ ਵਾਲੇ ਵਿਦੇਸ਼ੀਆਂ ਦੀ ਜਾਣਕਾਰੀ ਰੱਖਣ ਦਾ ਪ੍ਰਬੰਧ ਇਮੀਗ੍ਰੇਸ਼ਨ ਅਧਿਕਾਰੀਆਂ ਕੋਲ ਨਹੀਂ ਹੈ। ਮੰਤਰੀ ਡਿਆਬ ਨੇ ਕਿਹਾ ਕਿ ਇਮੀਗ੍ਰੇਸ਼ਨ ਅਤੇ ਨਾਗਰਿਕਤਾ ਦਾ ਪੁਰਾਣਾ ਸਿਸਟਮ ਸਮਾਂ ਵਿਹਾਅ ਚੁੱਕਾ ਹੈ, ਜਿਸ ਕਰਕੇ ਇਸ ਨੂੰ ਪੜਾਅਵਾਰ ਨਵਿਆਇਆ (ਡਿਜੀਟਲ ਕੀਤਾ) ਜਾ ਰਿਹਾ ਹੈ। ਇਹ ਵੀ ਪਤਾ ਲੱਗਾ ਹੈ ਕਿ ਭਵਿੱਖ 'ਚ ਕੈਨੇਡਾ ਦਾ ਵੀਜ਼ਾ ਪਾਸਪੋਰਟਾਂ ਵਿਚ ਸਟਿੱਕਰ ਲਗਾਉਣ ਦਾ ਸਿਲਸਿਲਾ ਬੰਦ ਕੀਤਾ ਜਾਵੇਗਾ। ਸਟਿੱਕਰ ਵੀਜ਼ਾ ਦੇ ਯੁੱਗ ਦਾ ਅੰਤ ਹੋ ਜਾਵੇਗਾ ਅਤੇ ਇਸ ਦੀ ਬਜਾਏ ਵੀਜ਼ਾ ਦਾ ਡਿਜੀਟਲ ਰੂਪ (ਫ਼ੋਨ/ਈਮੇਲ 'ਚ ਬਾਰਕੋਡ ਰਾਹੀਂ) ਧਾਰਕਾਂ ਨੂੰ ਦਿੱਤਾ ਜਾਇਆ ਕਰੇਗਾ, ਜਿਸ ਦੇ ਆਧਾਰ 'ਤੇ ਸਫ਼ਰ ਕੀਤਾ ਜਾ ਸਕੇਗਾ ਤੇ ਐਂਟਰੀ ਮਿਲਿਆ ਕਰੇਗੀ।

## ਹੁਣ ਪਾਕਿ ਨੇ ਯੂ.ਐੱਨ.ਐੱਸ.ਸੀ. 'ਚ ਸਿੰਧੂ ਜਲ ਸੰਧੀ ਦਾ ਮੁੱਦਾ ਚੁੱਕਿਆ

**ਅੰਮ੍ਰਿਤਸਰ, (ਪੰਜਾਬ ਮੇਲ)**-ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰਨ ਦੇ ਭਾਰਤ ਦੇ ਫ਼ੈਸਲੇ 'ਤੇ ਪਾਕਿਸਤਾਨ ਦੀ ਘਬਰਾਹਟ ਲਗਾਤਾਰ ਵਧਦੀ ਜਾ ਰਹੀ ਹੈ। ਇਸ ਬੇਚੈਨੀ ਦੇ ਚਲਦਿਆਂ ਹੀ ਹੁਣ ਪਾਕਿ ਨੇ ਸਿੰਧੂ ਜਲ ਸੰਧੀ ਦੀ ਮੁਅੱਤਲੀ ਦਾ ਮੁੱਦਾ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ 'ਚ ਉਠਾਇਆ ਹੈ। ਸੰਯੁਕਤ ਰਾਸ਼ਟਰ 'ਚ ਪਾਕਿ ਦੇ ਸਥਾਈ ਪ੍ਰਤੀਨਿਧੀ ਰਾਜਦੂਤ ਅਸੀਮ ਇਫ਼ਤਿਖ਼ਾਰ ਅਹਿਮਦ ਨੇ ਕਿਹਾ ਕਿ ਭਾਰਤ ਵੱਲੋਂ ਕੌਮਾਂਤਰੀ ਜਲ-ਵੰਡ ਸਮਝੌਤੇ ਨੂੰ ਮੁਅੱਤਲ ਕਰਨਾ ਇਕ ਖ਼ਤਰਨਾਕ ਮਿਸਾਲ ਕਾਇਮ ਕਰੇਗਾ। ਪਾਕਿਸਤਾਨੀ ਪ੍ਰਤੀਨਿਧੀ ਨੇ ਭਾਰਤ 'ਤੇ ਜਾਣਬੁੱਝ ਕੇ ਪਾਣੀ ਨੂੰ ਹਥਿਆਰ ਵਜੋਂ ਵਰਤਣ ਦਾ ਦੋਸ਼ ਲਗਾਇਆ ਅਤੇ ਕਿਹਾ ਕਿ ਸਿੰਧੂ ਜਲ ਸੰਧੀ 'ਤੇ ਪਾਕਿ ਦੀ ਸਥਿਤੀ ਬਿਲਕੁਲ ਸਪੱਸ਼ਟ ਹੈ। ਸੰਧੀ ਕਾਨੂੰਨੀ ਤੌਰ 'ਤੇ ਬਰਕਰਾਰ ਹੈ ਅਤੇ ਕਿਸੇ ਵੀ ਇਕਪਾਸੜ ਮੁਅੱਤਲੀ ਜਾਂ ਸੋਧ ਦੀ ਇਜਾਜ਼ਤ ਨਹੀਂ ਹੈ। ਉਨ੍ਹਾਂ ਕਿਹਾ ਕਿ ਸਿੰਧੂ ਜਲ ਸੰਧੀ ਦੁਵੱਲਾ ਮਾਮਲਾ ਨਹੀਂ, ਸਗੋਂ ਇਕ ਕੌਮਾਂਤਰੀ ਮੁੱਦਾ ਹੈ।

# ਇਰਾਨ ਅਮਰੀਕਾ ਨਾਲ ਗੱਲਬਾਤ ਲਈ ਹੋਇਆ ਰਾਜ਼ੀ !

**ਦੁਬਈ, (ਪੰਜਾਬ ਮੇਲ)**- ਇਰਾਨ ਦੇ ਰਾਸ਼ਟਰਪਤੀ ਨੇ ਕਿਹਾ ਹੈ ਕਿ ਉਨ੍ਹਾਂ ਨੇ ਦੇਸ਼ ਦੇ ਵਿਦੇਸ਼ ਮੰਤਰੀ ਨੂੰ ਅਮਰੀਕਾ ਨਾਲ ਵਾਜਬ ਗੱਲਬਾਤ ਕਰਨ ਦੇ ਨਿਰਦੇਸ਼ ਦਿੱਤੇ ਹਨ। ਤਹਿਰਾਨ ਵੱਲੋਂ ਇਹ ਪਹਿਲਾ ਸਪੱਸ਼ਟ ਸੰਕੇਤ ਹੈ ਕਿ ਉਹ ਗੱਲਬਾਤ ਦੀ ਕੋਸ਼ਿਸ਼ ਕਰਨਾ ਚਾਹੁੰਦਾ ਹੈ; ਹਾਲਾਂਕਿ ਅਮਰੀਕਾ ਨੇ ਅਜੇ ਤੱਕ ਅਧਿਕਾਰਤ ਤੌਰ 'ਤੇ ਇਹ ਸਵੀਕਾਰ ਨਹੀਂ ਕੀਤਾ ਹੈ ਕਿ ਇਹ ਗੱਲਬਾਤ ਹੋਵੇਗੀ। ਇਹ ਘਟਨਾਕ੍ਰਮ ਅਜਿਹੇ ਸਮੇਂ ਵਿਚ ਸਾਹਮਣੇ ਆਇਆ ਹੈ, ਜਦੋਂ ਪਿਛਲੇ ਮਹੀਨੇ ਇਰਾਨ ਵਿਚ ਦੇਸ਼ ਵਿਆਪੀ ਵਿਰੋਧ ਪ੍ਰਦਰਸ਼ਨਾਂ 'ਤੇ ਹੋਈ ਖ਼ੂਨੀ ਕਾਰਵਾਈ ਤੋਂ ਬਾਅਦ ਵਾਸ਼ਿੰਗਟਨ ਨਾਲ ਤਣਾਅ ਕਾਫੀ ਵਧਿਆ ਹੋਇਆ ਹੈ। ਇਹ ਐਲਾਨ ਸੁਧਾਰਵਾਦੀ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਲਈ ਵੱਡਾ ਮੋੜ ਹੈ। ਉਨ੍ਹਾਂ ਇਰਾਨੀਆਂ ਨੂੰ ਚਿਤਾਵਨੀ ਦਿੱਤੀ ਸੀ ਕਿ ਦੇਸ਼ ਵਿਚ ਮੌਜੂਦਾ ਹਾਲਾਤ ਉਨ੍ਹਾਂ ਦੇ ਕੰਟਰੋਲ ਤੋਂ ਬਾਹਰ ਹੋ ਗਏ ਹਨ। ਇਹ ਇਸ ਗੱਲ ਦਾ ਵੀ ਸੰਕੇਤ ਹੈ ਕਿ ਰਾਸ਼ਟਰਪਤੀ ਨੂੰ ਇਰਾਨ ਦੇ ਸੁਪਰੀਮ ਆਗੂ ਆਇਤੁੱਲਾ ਅਲੀ ਖਮੇਨੀ ਦਾ ਸਮਰਥਨ ਪ੍ਰਾਪਤ ਹੈ, ਜਿਨ੍ਹਾਂ ਨੇ ਪਹਿਲਾਂ ਇਸ ਗੱਲਬਾਤ ਨੂੰ ਖਾਰਜ ਕਰ ਦਿੱਤਾ ਸੀ।

# ਟਰੰਪ ਵੱਲੋਂ ਕੈਨੇਡਾ 'ਚ ਬਣੇ ਜਹਾਜ਼ਾਂ 'ਤੇ 50 ਫੀਸਦੀ ਟੈਕਸ ਲਾਉਣ ਦੀ ਚਿਤਾਵਨੀ

**ਵਾਸ਼ਿੰਗਟਨ/ਮਾਂਟਰੀਅਲ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਅਮਰੀਕੀ ਕੰਪਨੀ ਗਲਫਸਟਰੀਮ ਦੇ ਸਰਟੀਫਿਕੇਸ਼ਨ ਦੇ ਅਮਲ ਨੂੰ ਗਲਤ ਢੰਗ ਨਾਲ ਰੋਕਣ ਦਾ ਦੋਸ਼ ਲਾਇਆ ਹੈ। ਟਰੰਪ ਨੇ ਕੈਨੇਡਾ ਨੂੰ ਆਪਣਾ ਫੈਸਲਾ ਬਦਲਣ ਜਾਂ ਅਮਰੀਕੀ ਟੈਕਸ ਦਾ ਸਾਹਮਣਾ ਕਰਨ ਦੀ ਧਮਕੀ ਦਿੱਤੀ ਹੈ। ਟਰੰਪ ਨੇ ਕਿਹਾ ਕਿ ਜੇ ਕੈਨੇਡਾ ਨੇ ਗਲਫਸਟਰੀਮ ਐਰੋਸਪੇਸ ਕੌਰਪ ਦੇ ਜਹਾਜ਼ਾਂ ਨੂੰ ਮਨਜ਼ੂਰੀ ਨਾ ਦਿੱਤੀ ਤਾਂ ਅਮਰੀਕਾ ਵਿਚ ਵੇਚੇ ਜਾਣ ਵਾਲੇ ਕੈਨੇਡਾ ਦੇ ਜੈੱਟਾਂ 'ਤੇ ਪੰਜਾਹ ਫੀਸਦੀ ਟੈਕਸ ਲਾਇਆ ਜਾਵੇਗਾ। ਟਰੰਪ ਦੀ ਇਹ ਧਮਕੀ ਅਮਰੀਕਾ ਤੇ ਕੈਨੇਡਾ ਦਰਮਿਆਨ ਵਧ ਰਹੇ ਤਣਾਅ ਨੂੰ ਹੋਰ ਵਧਾ ਸਕਦੀ ਹੈ। ਇਸ ਤੋਂ ਪਹਿਲਾਂ ਵੀ ਦੋਵੇਂ ਦੇਸ਼ ਕਈ ਮਾਮਲਿਆਂ 'ਤੇ ਆਹਮੋ-ਸਾਹਮਣੇ ਆ ਗਏ ਸਨ। ਟਰੰਪ ਨੇ ਟਰੁੱਥ 'ਤੇ ਪੋਸਟ ਪਾ ਕੇ ਕਿਹਾ, "ਜੇ ਕਿਸੇ ਵੀ ਕਾਰਨ ਇਸ ਸਥਿਤੀ ਨੂੰ ਤੁਰੰਤ ਠੀਕ ਨਹੀਂ ਕੀਤਾ ਜਾਂਦਾ ਤਾਂ ਮੈਂ ਸੰਯੁਕਤ ਰਾਜ ਅਮਰੀਕਾ ਵਿਚ ਵੇਚੇ ਜਾਣ ਵਾਲੇ ਕਿਸੇ ਵੀ ਅਤੇ ਸਾਰੇ ਜਹਾਜ਼ਾਂ 'ਤੇ ਕੈਨੇਡਾ ਤੋਂ 50 ਫੀਸਦੀ ਟੈਰਿਫ ਵਸੂਲਣ ਜਾ ਰਿਹਾ ਹਾਂ।' ਇਸ ਤੋਂ ਇਕ ਹਫਤਾ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕੈਨੇਡਾ ਦੇ ਚੀਨ ਨਾਲ ਵਪਾਰਕ ਸੌਦੇ 'ਤੇ ਕੈਨੇਡਾ 'ਤੇ 100 ਫੀਸਦੀ ਟੈਰਿਫ ਲਾਉਣ ਦੀ ਧਮਕੀ ਦਿੱਤੀ ਸੀ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਜੇ ਇਹ ਦੇਸ਼ ਚੀਨ ਨਾਲ ਵਪਾਰਕ ਸੌਦਾ ਕਰਦਾ ਹੈ, ਤਾਂ ਅਮਰੀਕਾ ਕੈਨੇਡਾ ਤੋਂ ਆਉਣ ਵਾਲੇ ਸਾਮਾਨ 'ਤੇ 100 ਫੀਸਦੀ ਟੈਕਸ ਲਾ ਦੇਵੇਗਾ।

# ਐਪਸਟਾਈਨ ਫਾਈਲਾਂ 'ਚ ਭਾਰਤੀਆਂ ਪ੍ਰਤੀ ਨਫਰਤੀ ਸੋਚ ਦਾ ਖੁਲਾਸਾ !

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਦੇ ਨਿਆਂ ਵਿਭਾਗ ਵੱਲੋਂ ਦੋਸ਼ੀ ਜਿਨਸੀ ਅਪਰਾਧੀ ਜੈਫਰੀ ਐਪਸਟਾਈਨ ਨਾਲ ਸਬੰਧਤ ਲਗਭਗ 30 ਲੱਖ ਪੰਨਿਆਂ ਦੀਆਂ ਫਾਈਲਾਂ ਜਨਤਕ ਕੀਤੇ ਜਾਣ ਤੋਂ ਬਾਅਦ ਇੱਕ ਵੱਡਾ ਵਿਵਾਦ ਖੜ੍ਹਾ ਹੋ ਗਿਆ ਹੈ। ਇਨ੍ਹਾਂ ਫਾਈਲਾਂ ਵਿਚ ਨਾਰਵੇ ਦੇ ਇੱਕ ਸੀਨੀਅਰ ਡਿਪਲੋਮੈਟ ਟੇਰਜੇ ਰੋਡ-ਲਾਰਸਨ ਵੱਲੋਂ ਭਾਰਤੀਆਂ ਵਿਰੁੱਧ ਕੀਤੀ ਗਈ ਇੱਕ ਬੇਹੱਦ ਇਤਰਾਜ਼ਯੋਗ ਅਤੇ ਨਫਰਤੀ ਟਿੱਪਣੀ ਸਾਹਮਣੇ ਆਈ ਹੈ।

ਜੈਫਰੀ ਐਪਸਟਾਈਨ ਨੇ ਇੱਕ ਭਾਰਤੀ ਸਿਆਸਤਦਾਨ ਦੀ ਈਮੇਲ ਟੇਰਜੇ ਰੋਡ-ਲਾਰਸਨ ਨੂੰ ਫਾਰਵਰਡ ਕੀਤੀ ਸੀ। ਇਸ ਦੇ ਜਵਾਬ ਵਿਚ 25 ਦਸੰਬਰ 2015 ਨੂੰ ਭੇਜੀ ਗਈ ਈਮੇਲ ਵਿਚ ਰੋਡ-ਲਾਰਸਨ ਨੇ ਲਿਖਿਆ ਸੀ, 'ਕੀ ਤੁਸੀਂ ਉਹ ਕਹਾਵਤ ਸੁਣੀ ਹੈ: ਜਦੋਂ ਤੁਹਾਨੂੰ ਇੱਕ ਭਾਰਤੀ ਅਤੇ ਇੱਕ ਸੱਪ ਮਿਲੇ, ਤਾਂ ਪਹਿਲਾਂ ਭਾਰਤੀ ਨੂੰ ਮਾਰੋ!'। ਇਸ ਖੁਲਾਸੇ ਤੋਂ ਬਾਅਦ ਭਾਰਤੀਆਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਟੇਰਜੇ ਰੋਡ-ਲਾਰਸਨ ਨਾਰਵੇ ਦੇ ਇੱਕ ਸੀਨੀਅਰ ਡਿਪਲੋਮੈਟ ਰਹੇ ਹਨ ਅਤੇ ਸੰਯੁਕਤ ਰਾਸ਼ਟਰ (ਯੂ.ਐੱਨ.) ਵਿਚ ਰਾਜਦੂਤ ਵਜੋਂ ਵੀ ਸੇਵਾਵਾਂ ਨਿਭਾ ਚੁੱਕੇ ਹਨ। ਉਹ ਵੱਕਾਰੀ ਇੰਟਰਨੈਸ਼ਨਲ ਪੀਸ ਇੰਸਟੀਚਿਊਟ ਦੇ ਪ੍ਰਧਾਨ ਵੀ ਸਨ, ਪਰ ਸਾਲ 2020 ਵਿਚ ਜੈਫਰੀ ਐਪਸਟਾਈਨ ਨਾਲ ਸਬੰਧ ਸਾਹਮਣੇ ਆਉਣ ਤੋਂ ਬਾਅਦ ਉਨ੍ਹਾਂ ਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇਣਾ ਪਿਆ ਸੀ।

ਐਪਸਟਾਈਨ ਫਾਈਲਾਂ ਵਿਚ ਇਸ ਈਮੇਲ ਦੇ ਸਾਹਮਣੇ ਆਉਣ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਲੋਕਾਂ ਦੀ ਤਿੱਖੀ ਪ੍ਰਤੀਕਿਰਿਆ ਦੇਖਣ ਨੂੰ ਮਿਲ ਰਹੀ ਹੈ। ਵਰਤੋਂਕਾਰਾਂ ਨੇ ਇਸ ਨੂੰ "ਬੇਹੱਦ ਨਫ਼ਰਤ ਭਰਿਆ" ਅਤੇ "ਸ਼ਰਮਨਾਕ" ਕਰਾਰ ਦਿੱਤਾ ਹੈ। ਇੱਕ ਯੂਜ਼ਰ ਨੇ ਲਿਖਿਆ ਕਿ ਇਹ ਟਿੱਪਣੀ ਦਿਖਾਉਂਦੀ ਹੈ ਕਿ ਇਹ ਲੋਕ ਭਾਰਤੀਆਂ ਪ੍ਰਤੀ ਕਿੰਨੀ ਨਫ਼ਰਤ ਰੱਖਦੇ ਹਨ।

ਜੈਫਰੀ ਐਪਸਟਾਈਨ ਇੱਕ ਅਮਰੀਕੀ ਫਾਈਨਾਂਸਰ ਸੀ, ਜਿਸ 'ਤੇ ਨਾਬਾਲਗ ਲੜਕੀਆਂ ਦੇ ਜਿਨਸੀ ਸ਼ੋਸ਼ਣ ਅਤੇ ਵੇਸਵਾਗਮਨੀ ਦੇ ਕਈ ਗੰਭੀਰ ਦੋਸ਼ ਸਨ। ਸਾਲ 2008 ਵਿਚ ਉਸਨੂੰ ਸਜ਼ਾ ਵੀ ਹੋਈ ਸੀ, ਪਰ ਬਾਅਦ ਵਿਚ ਉਹ ਰਿਹਾਅ ਹੋ ਗਿਆ ਸੀ। ਉਸਦੀ ਉੱਚ ਪੱਧਰੀ ਰਾਜਨੀਤਿਕ ਪਹੁੰਚ ਕਾਰਨ ਇਹ ਮਾਮਲਾ ਹਮੇਸ਼ਾ ਚਰਚਾ ਵਿਚ ਰਿਹਾ ਹੈ ਅਤੇ ਹੁਣ ਜਨਤਕ ਹੋਈਆਂ ਫਾਈਲਾਂ ਕਈ ਵੱਡੇ ਚਿਹਰਿਆਂ ਨੂੰ ਬੇਨਕਾਬ ਕਰ ਰਹੀਆਂ ਹਨ।

# ਐਪਸਟਾਈਨ ਫਾਈਲਜ਼: ਨਵੇਂ ਦਸਤਾਵੇਜ਼ਾਂ 'ਚ ਕਈ ਤਾਕਤਵਰ ਸ਼ਖਸੀਅਤਾਂ ਦੇ ਨਾਂ ਆਏ ਸਾਹਮਣੇ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਦੇ ਨਿਆਂ ਵਿਭਾਗ (ਡਿਪਾਰਟਮੈਂਟ ਆਫ਼ ਜਸਟਿਸ) ਨੇ ਜੈਫਰੀ ਐਪਸਟਾਈਨ ਨਾਲ ਜੁੜੇ ਦਸਤਾਵੇਜ਼ਾਂ ਦਾ ਇੱਕ ਹੋਰ ਵੱਡਾ ਰਿਕਾਰਡ ਜਾਰੀ ਕੀਤਾ ਹੈ, ਜਿਸ ਵਿਚ ਤਕਨੀਕੀ ਦਿੱਗਜਾਂ, ਵਾਲ ਸਟ੍ਰੀਟ ਦੇ ਬ੍ਰੋਕਰਾਂ ਅਤੇ ਵਿਦੇਸ਼ੀ ਸ਼ਖ਼ਸੀਅਤਾਂ ਦੇ ਨਾਂ ਸ਼ਾਮਲ ਹਨ। ਇਹ ਦਸਤਾਵੇਜ਼ ਐਪਸਟਾਈਨ ਵਿਰੁੱਧ ਜਿਨਸੀ ਸ਼ੋਸ਼ਣ ਦੀਆਂ ਜਾਂਚਾਂ ਨਾਲ ਸਬੰਧਤ ਹਨ, ਹਾਲਾਂਕਿ ਇਨ੍ਹਾਂ ਵਿਚ ਸ਼ਾਮਲ ਕਿਸੇ ਵੀ ਵਿਅਕਤੀ 'ਤੇ ਅਜੇ ਤੱਕ ਕੋਈ ਅਪਰਾਧਿਕ ਦੋਸ਼ ਨਹੀਂ ਲਗਾਇਆ ਗਿਆ।

ਤਾਜ਼ਾ ਦਸਤਾਵੇਜ਼ਾਂ 'ਚ ਬ੍ਰਿਟੇਨ ਦੇ ਸਾਬਕਾ ਪ੍ਰਿੰਸ ਦਾ ਨਾਂ ਸੈਂਕੜੇ ਵਾਰ ਆਇਆ ਹੈ। ਉਨ੍ਹਾਂ 'ਤੇ ਲੱਗੇ ਦੋਸ਼ਾਂ ਕਾਰਨ ਕਿੰਗ ਚਾਰਲਸ 3 ਨੇ ਉਨ੍ਹਾਂ ਦੇ ਸ਼ਾਹੀ ਖਿਤਾਬ ਪਹਿਲਾਂ ਹੀ ਵਾਪਸ ਲੈ ਲਏ ਸਨ। ਇਨ੍ਹਾਂ ਦਸਤਾਵੇਜ਼ਾਂ ਵਿਚ ਟਰੰਪ ਦਾ ਵੀ ਹਜ਼ਾਰਾਂ ਵਾਰ ਜ਼ਿਕਰ ਕੀਤਾ ਗਿਆ ਹੈ, ਜਿਨ੍ਹਾਂ ਵਿਚ ਉਨ੍ਹਾਂ ਬਾਰੇ ਕਈ ਨਿਊਜ਼ ਆਰਟੀਕਲ ਸ਼ਾਮਲ ਹਨ। ਇਸ ਤੋਂ ਇਲਾਵਾ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਿਲ ਕਲਿੰਟਨ ਬਾਰੇ ਵੀ ਦੱਸਿਆ ਗਿਆ ਹੈ ਕਿ ਉਹ ਵੀ ਐਪਸਟਾਈਨ ਦੇ ਨਿੱਜੀ ਜਹਾਜ਼ ਵਿਚ ਸਫਰ ਕਰ ਚੁੱਕੇ ਹਨ।

ਇਸ ਤੋਂ ਇਲਾਵਾ ਟੇਸਲਾ ਦੇ ਸੰਸਥਾਪਕ ਐਲਨ ਮਸਕ ਅਤੇ ਵਰਜਿਨ ਗਰੁੱਪ ਦੇ ਰਿਚਰਡ ਬ੍ਰੈਨਸਨ ਨਾਲ ਹੋਈਆਂ ਈਮੇਲਾਂ ਦਾ ਵੀ ਇਨ੍ਹਾਂ ਦਸਤਾਵੇਜ਼ਾਂ 'ਚ ਜ਼ਿਕਰ ਹੈ। ਹਾਲਾਂਕਿ ਮਸਕ ਨੇ ਦਾਅਵਾ ਕੀਤਾ ਹੈ ਕਿ ਉਸ ਨੇ ਐਪਸਟਾਈਨ ਦੇ ਟਾਪੂ 'ਤੇ ਜਾਣ ਤੋਂ ਇਨਕਾਰ ਕਰ ਦਿੱਤਾ ਸੀ। ਗੂਗਲ ਦੇ ਸਹਿ-ਸੰਸਥਾਪਕ ਸਰਗੇਈ ਬ੍ਰਿਨ, ਇਜ਼ਰਾਈਲ ਦੇ ਸਾਬਕਾ ਪ੍ਰਧਾਨ ਮੰਤਰੀ ਅਹਿਦ ਬਰਾਕ ਅਤੇ ਸਾਬਕਾ ਅਮਰੀਕੀ ਖਜ਼ਾਨਾ ਸਕੱਤਰ ਲੈਰੀ ਸਮਰਸ ਦੇ ਨਾਮ ਵੀ ਇਨ੍ਹਾਂ ਫਾਈਲਾਂ ਵਿਚ ਮੌਜੂਦ ਹਨ।

ਸਲੋਵਾਕੀਆ ਦੇ ਪ੍ਰਧਾਨ ਮੰਤਰੀ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਮਿਰੋਸਲਾਵ ਲਾਜਕਾਕ ਨੇ ਇਨ੍ਹਾਂ ਫਾਈਲਾਂ ਵਿਚ ਨਾਂ ਸਾਹਮਣੇ ਆਉਣ ਤੋਂ ਬਾਅਦ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਇਨ੍ਹਾਂ ਸਾਰੀਆਂ ਹਸਤੀਆਂ ਨੇ ਐਪਸਟਾਈਨ ਦੁਆਰਾ ਕੀਤੇ ਗਏ ਜਿਨਸੀ ਸ਼ੋਸ਼ਣ ਨਾਲ ਕਿਸੇ ਵੀ ਤਰ੍ਹਾਂ ਦੇ ਸਬੰਧ ਤੋਂ ਇਨਕਾਰ ਕੀਤਾ ਹੈ। ਜ਼ਿਕਰਯੋਗ ਹੈ ਕਿ ਐਪਸਟਾਈਨ ਨੇ 2019 ਵਿਚ ਜੇਲ੍ਹ ਵਿਚ ਖੁਦਕੁਸ਼ੀ ਕਰ ਲਈ ਸੀ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ
ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਅੰਗਹੀਣ ਵਿਅਕਤੀਆਂ ਨੂੰ ਦਿੱਤੀ ਵਿੱਤੀ ਸਹਾਇਤਾ



ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸ੍ਰੀ ਮੁਕਤਸਰ ਸਾਹਿਬ ਵਿਖੇ 47 ਅੰਗਹੀਣ ਵਿਅਕਤੀਆਂ ਨੂੰ 40 ਹਜ਼ਾਰ ਦੇ ਕਰੀਬ ਸਹਾਇਤਾ ਰਾਸ਼ੀ ਦਿੱਤੀ ਗਈ।

ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਪ੍ਰਧਾਨ ਨੇ ਦੱਸਿਆ ਕਿ ਇਹ ਅੰਗਹੀਣ ਵਿਅਕਤੀ ਕੰਮ ਕਰਨ ਤੋਂ ਅਸਮਰਥ ਹਨ ਅਤੇ ਕਈ ਲੰਮੇ ਸਮੇਂ ਤੋਂ ਵੱਖ-ਵੱਖ ਬੀਮਾਰੀਆਂ ਤੋਂ ਪੀੜਤ ਹਨ ਅਤੇ ਇਨ੍ਹਾਂ ਦੀ ਆਰਥਿਕ ਸਥਿਤੀ ਵੀ ਠੀਕ ਨਹੀਂ ਹੈ। ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਟਰੱਸਟ ਦੇ ਪ੍ਰੋਟੋਕਾਲ ਮੁਤਾਬਕ ਇਨ੍ਹਾਂ ਅੰਗਹੀਣ ਵਿਅਕਤੀਆਂ ਦੇ ਸਮੇਂ ਸਮੇਂ ਅਨੁਸਾਰ ਫ਼ਾਰਮ ਭਰ ਕੇ ਡਾਕਟਰ ਐੱਸ.ਪੀ. ਸਿੰਘ ਓਬਰਾਏ ਕੋਲ ਭੇਜੇ ਜਾਂਦੇ ਹਨ, ਤਾਂ ਇਨ੍ਹਾਂ ਦੇ ਹਾਲਾਤਾਂ ਨੂੰ ਦੇਖਦਿਆਂ ਹੋਇਆਂ ਡਾ. ਓਬਰਾਏ ਵਲੋਂ ਤੁਰੰਤ ਹੀ ਪ੍ਰਵਾਨਗੀ ਦਿੱਤੀ ਜਾਂਦੀ ਹੈ ਅਤੇ ਟਰੱਸਟ ਦੀ ਸ੍ਰੀ ਮੁਕਤਸਰ ਸਾਹਿਬ ਟੀਮ ਰਾਹੀਂ ਇਨ੍ਹਾਂ ਨੂੰ ਸਹਾਇਤਾ ਰਾਸ਼ੀ ਤਕਸੀਮ ਕੀਤੀ ਜਾਂਦੀ ਹੈ।



ਡਾ. ਐੱਸ.ਪੀ. ਸਿੰਘ ਓਬਰਾਏ।

ਸਹਾਇਤਾ ਰਾਸ਼ੀ ਲੈਣ ਉਪਰੰਤ ਅੰਗਹੀਣ ਵਿਅਕਤੀਆਂ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਡਾ. ਓਬਰਾਏ ਹਮੇਸ਼ਾ ਸਾਡੀ ਲਾਠੀ ਬਣਕੇ ਸਾਡੇ ਨਾਲ ਖੜ੍ਹਦੇ ਹਨ, ਸਾਡੀਆਂ ਨਿੱਜੀ ਲੋੜਾਂ ਪੂਰੀਆਂ ਕਰਦੇ ਹਨ। ਇਸ ਮੌਕੇ ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਗੁਰਪਾਲ ਸਿੰਘ ਪਾਲੀ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਬਲਜੀਤ ਸਿੰਘ ਮਾਨ ਰਿਟਾ. ਪ੍ਰਿੰਸੀਪਲ, ਰਣਧੀਰ ਸਿੰਘ ਸਾਗੂ ਮੀਡੀਆ ਇੰਚਾਰਜ, ਚਰਨਜੀਤ ਸਿੰਘ, ਸੁਖਬੀਰ ਸਿੰਘ ਜੈਲਦਾਰ, ਬਰਨੇਕ ਸਿੰਘ ਰਿਟਾ. ਲੈਕਚਰਾਰ, ਸੋਮ ਨਾਥ, ਮਾਸਟਰ ਰਾਜਿੰਦਰ ਸਿੰਘ, ਅਸ਼ੋਕ ਕੁਮਾਰ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ ਮੈਨੇਜਰ ਸਹਿਬ, ਗੁਰਜੀਤ ਸਿੰਘ ਜੀਤਾ, ਜਤਿੰਦਰ ਸਿੰਘ ਕੈਂਥ, ਹਰਭਗਵਾਨ ਸਿੰਘ ਖੱਪਿਆਂਵਾਲ਼ੀ ਵਾਲੀ, ਕਾਲਾ ਖੱਪਿਆਂਵਾਲ਼ੀ, ਗੁਰਦਰਸ਼ਨ ਸਿੰਘ ਬੇਦੀ ਰਿਟਾ ਜ਼ਿਲ੍ਹਾ ਉੱਪ ਸਿੱਖਿਆ ਅਫ਼ਸਰ ਆਦਿ ਹਾਜ਼ਰ ਸਨ।

# ਅੰਮ੍ਰਿਤਪਾਲ ਸਿੰਘ ਦੀ ਪੈਰੋਲ ਅਰਜ਼ੀ ਪੰਜਾਬ ਸਰਕਾਰ ਵੱਲੋਂ ਰੱਦ

ਚੰਡੀਗੜ੍ਹ, (ਪੰਜਾਬ ਮੇਲ)- ਪੰਜਾਬ ਸਰਕਾਰ ਨੇ ਅੰਮ੍ਰਿਤਪਾਲ ਸਿੰਘ ਦੀ ਸੰਸਦ ਦੇ ਬਜਟ ਸੈਸ਼ਨ ਵਿਚ ਸ਼ਾਮਲ ਹੋਣ ਦੀ ਦਿੱਤੀ ਅਸਥਾਈ ਪੈਰੋਲ ਦੀ ਅਰਜ਼ੀ ਨੂੰ ਸਪੱਸ਼ਟ ਤੌਰ 'ਤੇ ਖਾਰਜ ਕਰ ਦਿੱਤੀ ਹੈ। ਸੂਤਰਾਂ ਮੁਤਾਬਕ ਸਰਕਾਰ ਦਾ ਮੰਨਣਾ ਹੈ ਕਿ ਜੇਕਰ ਅੰਮ੍ਰਿਤਪਾਲ ਨੂੰ ਅਸਥਾਈ ਤੌਰ 'ਤੇ ਜੇਲ੍ਹ ਤੋਂ ਰਿਹਾਅ ਕੀਤਾ ਜਾਂਦਾ ਹੈ, ਤਾਂ ਰਾਜ ਵਿਚ ਕਾਨੂੰਨ ਵਿਵਸਥਾ ਦੀ ਸਥਿਤੀ ਵਿਗੜ ਸਕਦੀ ਹੈ। ਇਸ ਡਰ ਕਾਰਨ ਉਸਦੀ ਪੈਰੋਲ ਪਟੀਸ਼ਨ ਰੱਦ ਕਰ ਦਿੱਤੀ ਗਈ ਹੈ।



ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪਿਛਲੇ ਮਹੀਨੇ ਪੰਜਾਬ ਸਰਕਾਰ ਨੂੰ ਅੰਮ੍ਰਿਤਪਾਲ ਸਿੰਘ ਦੀ ਅਸਥਾਈ ਰਿਹਾਈ ਦੀ ਪਟੀਸ਼ਨ 'ਤੇ ੭ ਕੰਮਕਾਜੀ ਦਿਨਾਂ ਦੇ ਅੰਦਰ ਫੈਸਲਾ ਲੈਣ ਦਾ ਨਿਰਦੇਸ਼ ਦਿੱਤਾ ਸੀ। ਅੰਮ੍ਰਿਤਪਾਲ ਦੇ ਵਕੀਲ ਇਮਾਨ ਸਿੰਘ ਖਾਰਾ ਨੇ ਕਿਹਾ ਕਿ ਉਨ੍ਹਾਂ ਨੂੰ ਸੋਮਵਾਰ ਨੂੰ ਪੰਜਾਬ ਸਰਕਾਰ ਤੋਂ ਸੰਸਦ ਮੈਂਬਰ ਦੀ ਰਿਹਾਈ ਦੀ ਅਰਜ਼ੀ ਦੇ ਸਬੰਧ ਵਿਚ ਜਵਾਬ ਮਿਲਿਆ ਹੈ। ਬਜਟ ਸੈਸ਼ਨ 28 ਜਨਵਰੀ ਨੂੰ ਸ਼ੁਰੂ ਹੋਇਆ ਸੀ ਅਤੇ ਪਹਿਲੇ ਪੜਾਅ ਵਿਚ 13 ਫਰਵਰੀ ਤੱਕ ਜਾਰੀ ਰਹੇਗਾ। ਦੂਜਾ ਪੜਾਅ 9 ਮਾਰਚ ਤੋਂ 2 ਅਪ੍ਰੈਲ ਤੱਕ ਹੋਵੇਗਾ।

# ਹੁਣ ਐੱਨ.ਆਰ.ਆਈਜ਼ ਲਈ ਆਪਣੀ ਜਾਇਦਾਦ ਵੇਚਣਾ ਹੋਇਆ ਸੌਖਾ!

ਨਵੀਂ ਦਿੱਲੀ, (ਪੰਜਾਬ ਮੇਲ)- ਕੇਂਦਰ ਸਰਕਾਰ ਨੇ ਬਜਟ 2026 'ਚ ਆਮ ਆਦਮੀ ਨੂੰ ਟੈਕਸ ਦੇ ਮੋਰਚੇ 'ਤੇ ਮਹੱਤਵਪੂਰਨ ਰਾਹਤ ਦਿੱਤੀ ਹੈ। ਹਾਲਾਂਕਿ ਇਨਕਮ ਟੈਕਸ 'ਚ ਕੋਈ ਛੋਟ ਨਹੀਂ ਦਿੱਤੀ ਗਈ ਪਰ ਕਈ ਬਦਲਾਅ ਕੀਤੇ ਗਏ ਹਨ, ਜਿਨ੍ਹਾਂ ਨਾਲ ਲੋਕਾਂ ਨੂੰ ਟੈਕਸ ਭੁਗਤਾਨ 'ਚ ਆਸਾਨੀ ਹੋਵੇਗੀ। ਖਾਸ ਤੌਰ 'ਤੇ ਵਿਦੇਸ਼ 'ਚ ਜਾਇਦਾਦ ਵੇਚਣ ਵਾਲੇ ਐੱਨ.ਆਰ.ਆਈ. ਅਤੇ ਛੋਟੇ ਵਿਦੇਸ਼ੀ ਅਸਾਸਿਆਂ ਦਾ ਖੁਲਾਸਾ ਨਾ ਕਰਨ ਵਾਲੇ ਲੋਕਾਂ ਨੂੰ ਰਾਹਤ ਮਿਲੀ ਹੈ। ਸਰਕਾਰ ਨੇ ਵਿਦਿਆਰਥੀਆਂ, ਤਕਨੀਕੀ ਮਾਹਿਰਾਂ ਅਤੇ ਵਿਦੇਸ਼ 'ਚ ਰਹਿਣ ਵਾਲੇ ਨਾਨ-ਰੈਜ਼ੀਡੈਂਟ ਇੰਡੀਅਨਜ਼ (ਐੱਨ.ਆਰ.ਆਈ.) ਲਈ ਇਕ ਵਨ-ਟਾਈਮ ਵਿਦੇਸ਼ੀ ਅਸਾਸਾ ਖੁਲਾਸਾ ਯੋਜਨਾ ਦਾ ਐਲਾਨ ਕੀਤਾ ਹੈ। ਇਸ ਨੂੰ ਫਾਰੇਨ ਐਸੈੱਟਸ ਆਫ ਸਮਾਲ ਟੈਕਸਪੇਅਰਜ਼ ਡਿਸਕਲੋਜ਼ਰ ਸਕੀਮ (ਫਾਸਟ-ਡੀ. ਐੱਸ.) ਦੇ ਨਾਂ ਨਾਲ ਲਾਂਚ ਕੀਤਾ ਗਿਆ ਹੈ। ਇਸ ਯੋਜਨਾ 'ਚ 6 ਮਹੀਨਿਆਂ ਦਾ ਸਮਾਂ ਦਿੱਤਾ ਜਾਵੇਗਾ। ਇਸ ਦਾ ਮਕਸਦ ਉਨ੍ਹਾਂ ਲੋਕਾਂ ਨੂੰ ਮੌਕਾ ਦੇਣਾ ਹੈ, ਜਿਨ੍ਹਾਂ ਨੇ ਪਹਿਲਾਂ ਵਿਦੇਸ਼ੀ ਆਮਦਨ ਅਤੇ ਅਸਾਸਿਆਂ ਦਾ ਖੁਲਾਸਾ ਨਹੀਂ ਕੀਤਾ ਸੀ, ਜਾਂ ਜਿਨ੍ਹਾਂ ਨੇ ਇਨਕਮ ਟੈਕਸ ਤਾਂ ਭਰਿਆ ਸੀ ਪਰ ਵਿਦੇਸ਼ੀ ਅਸਾਸਿਆਂ ਦਾ ਖੁਲਾਸਾ ਨਹੀਂ ਕਰ ਸਕੇ ਸਨ।

ਬਜਟ 'ਚ ਇਹ ਰਾਹਤ ਦਿੱਤੀ ਗਈ ਹੈ ਕਿ ਜੇਕਰ ਕਿਸੇ ਵਿਅਕਤੀ ਦੀ ਗੈਰ-ਅਚੱਲ ਵਿਦੇਸ਼ੀ ਅਸਾਸੇ ਦੀ ਕੁੱਲ ਕੀਮਤ 20 ਲੱਖ ਰੁਪਏ ਤੋਂ ਘੱਟ ਹੈ ਅਤੇ ਉਸ ਨੇ

**■ ਐੱਨ.ਆਰ.ਆਈ. ਲਈ ਵਨ-ਟਾਈਮ ਵਿਦੇਸ਼ੀ ਅਸਾਸਾ ਖੁਲਾਸਾ ਯੋਜਨਾ ਦਾ ਐਲਾਨ**

ਉਸ ਦਾ ਖੁਲਾਸਾ ਨਹੀਂ ਕੀਤਾ, ਤਾਂ ਉਸ 'ਤੇ ਕੋਈ ਕਾਰਵਾਈ ਨਹੀਂ ਹੋਵੇਗੀ। ਇਨ੍ਹਾਂ ਮਾਮਲਿਆਂ 'ਚ ਸਜ਼ਾ ਤੋਂ ਛੋਟ ਦਿੱਤੀ ਜਾਵੇਗੀ। ਇਹ ਨਵਾਂ ਨਿਯਮ 1 ਅਕਤੂਬਰ 2024 ਤੋਂ ਲਾਗੂ ਹੋਵੇਗਾ। ਇਸ ਨਾਲ ਸੀਮਤ ਵਿਦੇਸ਼ੀ ਅਸਾਸੇ ਰੱਖਣ ਵਾਲੇ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ।

ਹੁਣ ਐੱਨ.ਆਰ.ਆਈ. ਲਈ ਆਪਣੀ ਜਾਇਦਾਦ ਵੇਚਣਾ ਪਹਿਲਾਂ ਨਾਲੋਂ ਸਰਲ ਹੋ ਗਿਆ ਹੈ। ਪਹਿਲਾਂ ਐੱਨ.ਆਰ.ਆਈ. ਨੂੰ ਜਾਇਦਾਦ ਵੇਚਦੇ ਸਮੇਂ ਟੀ.ਡੀ.ਐੱਸ. ਕੱਟਣ ਅਤੇ ਜਮ੍ਹਾ ਕਰਨ ਲਈ ਟੀ.ਏ.ਐੱਨ. ਨੰਬਰ ਲੈਣਾ ਪੈਂਦਾ ਸੀ, ਜੋ ਪ੍ਰਕਿਰਿਆ ਨੂੰ ਗੁੰਝਲਦਾਰ ਬਣਾਉਂਦਾ ਸੀ। ਬਜਟ 2026 ਅਨੁਸਾਰ, ਹੁਣ ਜਾਇਦਾਦ ਖਰੀਦਣ ਵਾਲਾ ਭਾਰਤੀ ਖਰੀਦਦਾਰ ਹੀ ਟੀ.ਡੀ.ਐੱਸ. ਕੱਟੇਗਾ ਅਤੇ ਆਪਣੇ ਪੈਨ ਨੰਬਰ ਨਾਲ ਚਾਲਾਨ ਜਮ੍ਹਾ ਕਰੇਗਾ। ਇਸ ਨਾਲ ਐੱਨ.ਆਰ.ਆਈ. ਨੂੰ ਟੀ.ਏ.ਐੱਨ. ਲੈਣ ਦੀ ਲੋੜ ਨਹੀਂ ਹੋਵੇਗੀ ਅਤੇ ਉਨ੍ਹਾਂ ਦਾ ਕੰਮ ਸੌਖਾ ਹੋ ਜਾਵੇਗਾ। ਜੇਕਰ ਕਿਸੇ ਟੈਕਸਪੇਅਰ 'ਤੇ ਪੈਨਲਟੀ ਲੱਗਦੀ ਹੈ ਅਤੇ ਉਹ ਪਹਿਲੀ ਅਪੀਲੀ ਅਥਾਰਟੀ 'ਚ ਅਪੀਲ ਕਰਦਾ ਹੈ, ਤਾਂ ਅਪੀਲ ਦੌਰਾਨ ਲੱਗਣ ਵਾਲੇ ਵਿਆਜ ਤੋਂ ਛੋਟ ਦਿੱਤੀ ਜਾਵੇਗੀ। ਇਹ ਰਾਹਤ ਮਹੱਤਵਪੂਰਨ ਹੈ, ਕਿਉਂਕਿ ਅਪੀਲ ਲੰਬੀ ਚੱਲਣ 'ਤੇ ਵਿਆਜ ਦੀ ਰਾਸ਼ੀ ਕਾਫ਼ੀ ਵਧ ਜਾਂਦੀ ਹੈ।

# ਕੈਨੇਡਾ ਦੀ ਪੀ.ਆਰ. ਕਰਵਾਉਣ ਦੀ ਆੜ 'ਚ 25 ਲੱਖ ਦੀ ਧੋਖਾਧੜੀ

**■ ਸਹੁਰੇ ਪਰਿਵਾਰ ਖਿਲਾਫ਼ ਕੇਸ ਦਰਜ**

ਪਾਤੜਾਂ, (ਪੰਜਾਬ ਮੇਲ)- ਪਾਤੜਾਂ ਪੁਲਿਸ ਵੱਲੋਂ ਵਿਆਹ ਉਪਰੰਤ ਲੜਕੀ ਨੂੰ ਕੈਨੇਡਾ ਦੀ ਪੀ.ਆਰ. ਕਰਵਾਉਣ ਦੀ ਆੜ ਵਿਚ 25 ਲੱਖ ਰੁਪਏ ਦੀ ਧੋਖਾਦੇਹੀ ਕਰਨ ਵਾਲੇ ਸਹੁਰਾ ਪਰਿਵਾਰ ਖ਼ਿਲਾਫ਼ ਕੇਸ ਦਰਜ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਸ਼ਿਕਾਇਤਕਰਤਾ ਸ਼ਮਿੰਦਰ ਸਿੰਘ ਵਾਸੀ ਪਾਤੜਾਂ ਨੇ ਦੱਸਿਆ ਕਿ ਉਸ ਨੇ ਆਪਣੀ ਲੜਕੀ ਦਾ ਵਿਆਹ ਹਰਮਨਪ੍ਰੀਤ ਸਿੰਘ ਵਾਸੀ ਪਿੰਡ ਸਮਾਓ (ਜ਼ਿਲ੍ਹਾ ਮਾਨਸਾ) ਨਾਲ ਕੀਤਾ ਸੀ। ਵਿਆਹ ਉਪਰੰਤ ਲੜਕੀ ਨੂੰ ਕੈਨੇਡਾ ਦੀ ਪੀ.ਆਰ. ਕਰਵਾਉਣ ਦਾ ਝਾਂਸਾ ਦੇ ਕੇ ਸਹੁਰਾ ਪਰਿਵਾਰ ਨੇ ਉਨ੍ਹਾਂ ਨਾਲ 25 ਲੱਖ ਰੁਪਏ ਦੀ ਧੋਖਾਦੇਹੀ ਕੀਤੀ। ਇਸ ਤੋਂ ਇਲਾਵਾ ਦਾਜ-ਦਹੇਜ ਦਾ ਸਾਮਾਨ ਅਤੇ ਸੋਨੇ ਦੇ ਗਹਿਣੇ ਵੀ ਆਪਣੇ ਕਬਜ਼ੇ ਵਿਚ ਰੱਖ ਕੇ ਲੜਕੀ ਦੀ ਕੁੱਟਮਾਰ ਕੀਤੀ ਗਈ ਅਤੇ ਉਸ ਨੂੰ ਘਰੋਂ ਬਾਹਰ ਕੱਢ ਦਿੱਤਾ ਗਿਆ।

ਪੁਲਿਸ ਨੇ ਪੀੜਤ ਦੇ ਬਿਆਨਾਂ ਦੇ ਆਧਾਰ 'ਤੇ ਕਥਿਤ ਦੋਸ਼ੀਆਂ ਪਤੀ ਹਰਮਨਪ੍ਰੀਤ ਸਿੰਘ, ਸਹੁਰਾ ਲਖਵੀਰ ਸਿੰਘ ਅਤੇ ਸੱਸ ਜਸਪਾਲ ਕੌਰ ਵਾਸੀ ਪਿੰਡ ਸਮਾਓ, ਜ਼ਿਲ੍ਹਾ ਮਾਨਸਾ ਖ਼ਿਲਾਫ਼ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਹ ਮੁਕੱਦਮਾ ਦਰਖਾਸਤ ਨੰਬਰ 9869 (ਪੇਸ਼ੀ ਮਿਤੀ 23-01-2026) ਦੇ ਆਧਾਰ 'ਤੇ ਦਰਜ ਕੀਤਾ ਗਿਆ ਹੈ।

# 328 ਪਾਵਨ ਸਰੂਪਾਂ ਦਾ ਮਾਮਲਾ: ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਸਖਤ ਆਦੇਸ਼ ਜਾਰੀ



ਅੰਮ੍ਰਿਤਸਰ, (ਪੰਜਾਬ ਮੇਲ)- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਮਾਮਲੇ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਕ ਜ਼ਰੂਰੀ ਆਦੇਸ਼ ਜਾਰੀ ਕਰਕੇ ਇਸ ਮਾਮਲੇ ਨਾਲ ਸਬੰਧਤ ਸਮੂਹ ਧਿਰਾਂ ਨੂੰ ਸਖ਼ਤ ਹਦਾਇਤ ਕੀਤੀ ਹੈ। ਜਾਰੀ ਕੀਤੀ ਗਏ ਆਦੇਸ਼ 'ਚ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਦੇ ਜਾਗਤ ਜੋਤ ਗੁਰੂ ਹਨ, ਜਿਨ੍ਹਾਂ ਨਾਲ ਹਰ ਗੁਰੂ ਨਾਨਕ ਨਾਮ ਲੇਵਾ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ। ਪਿਛਲੇ ਦਿਨੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਮਾਮਲੇ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇਹ ਹਦਾਇਤ ਕੀਤੀ ਗਈ ਸੀ ਕਿ ਇਸ ਮਾਮਲੇ ਵਿਚ ਕਿਸੇ ਵੀ ਧਿਰ ਵੱਲੋਂ ਸਿਆਸਤ, ਦੂਸ਼ਣਬਾਜ਼ੀ, ਕਾਹਲੀ ਅਤੇ ਬਿਆਨਬਾਜ਼ੀ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਇਹ ਧਿਆਨ ਵਿਚ ਆਇਆ ਹੈ ਕਿ ਕੀਤੀ ਗਈ ਹਦਾਇਤ ਦੇ ਬਾਵਜੂਦ ਵੀ ਇਸ ਮਾਮਲੇ ਵਿਚ ਕੁਝ ਸਬੰਧਤ ਧਿਰਾਂ ਵੱਲੋਂ ਲਗਾਤਾਰ ਬਿਆਨਬਾਜ਼ੀ ਤੇ ਦੂਸ਼ਣਬਾਜ਼ੀ ਕੀਤੀ ਜਾ ਰਹੀ ਹੈ ਅਤੇ ਮੀਡੀਆ, ਸੋਸ਼ਲ ਮੀਡੀਆ ਉੱਪਰ ਵੀ ਟ੍ਰਾਇਲ ਚਲਾਇਆ ਜਾ ਰਿਹਾ ਹੈ, ਜੋ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਕੀਤੀ ਹਦਾਇਤ ਦੀ ਭਾਵਨਾ ਦਾ ਸਤਿਕਾਰ ਨਹੀਂ।

ਆਦੇਸ਼ ਵਿਚ ਉਨ੍ਹਾਂ ਕਿਹਾ ਕਿ ਜਦੋਂ ਤੱਕ ਜਾਂਚ ਪੜਤਾਲ ਮੁਕੰਮਲ ਨਹੀਂ ਹੁੰਦੀ ਅਤੇ ਸੱਚ ਸਾਹਮਣੇ ਨਹੀਂ ਆਉਂਦਾ, ਉਦੋਂ ਤੱਕ ਕਿਸੇ ਵੀ ਧਿਰ ਜਾਂ ਮੀਡੀਆ ਵੱਲੋਂ ਇਸ ਮਾਮਲੇ ਵਿਚ ਬੋਲਣਾ ਅਤੇ ਆਪੋ-ਆਪਣੇ ਹਿਸਾਬ ਨਾਲ ਤੱਥ ਪੇਸ਼ ਕਰਨੇ ਜਾਂ ਬਿਰਤਾਂਤ ਖੜ੍ਹਾ ਕਰਨਾ ਬਿਲਕੁਲ ਵੀ ਵਾਜਬ ਨਹੀਂ, ਕਿਉਂਕਿ ਇਸ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੈ ਅਤੇ ਸੰਗਤਾਂ ਵਿਚ ਦੁਵਿਧਾ ਪੈਦਾ ਹੁੰਦੀ ਹੈ। ਜਾਂਚ ਮੁਕੰਮਲ ਹੋਣ ਤੱਕ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਜਾਂ ਸਮੂਹ ਧਿਰਾਂ ਜਾਂ ਸਬੰਧਤ ਧਿਰਾਂ ਦੇ ਵਕੀਲਾਂ ਨੂੰ ਵੀ ਇਹ ਅਧਿਕਾਰ ਨਹੀਂ ਹੈ ਕਿ ਉਹ ਇਸ ਮਾਮਲੇ 'ਤੇ ਕੋਈ ਪ੍ਰੈੱਸ ਵਾਰਤਾ ਕਰਨ ਜਾਂ ਕਿਸੇ ਤਰ੍ਹਾਂ ਦੀ ਸਿਆਸਤ ਕਰਨ ਜਾਂ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਜਾਂ ਮੀਡੀਆ ਟ੍ਰਾਇਲ ਨੂੰ ਉਤਸ਼ਾਹਿਤ ਕਰਨ ਜਾਂ ਆਪਣੇ ਪੱਧਰ ਉੱਤੇ ਫ਼ੈਸਲੇ ਦੇਣ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਮੂਹ ਸਬੰਧਤ ਧਿਰਾਂ ਨੂੰ ਇਕ ਵਾਰ ਫਿਰ ਸਖ਼ਤੀ ਨਾਲ ਹਦਾਇਤ ਕੀਤੀ ਕਿ ਜਦੋਂ ਤੱਕ ਜਾਂਚ ਮੁਕੰਮਲ ਨਹੀਂ ਹੋ ਜਾਂਦੀ, ਇਸ ਮਾਮਲੇ ਵਿਚ ਪੂਰਾ ਸੰਜਮ ਤੇ ਸ਼ਬਦਾਂ ਦੀ ਮਰਿਯਾਦਾ ਰੱਖਣ ਅਤੇ ਕੀਤੇ ਆਦੇਸ਼ ਦੀ ਪਾਲਣਾ ਕਰਨ। ਉਨ੍ਹਾਂ ਕਿਹਾ ਕਿ ਇਹ ਵੀ ਧਿਆਨ ਵਿਚ ਆਇਆ ਹੈ ਕਿ ਪੰਜਾਬ ਪੁਲਿਸ ਦੀ ਜਾਂਚ ਟੀਮ ਜਦੋਂ ਵੀ ਕਿਤੇ ਜਾਂਚ-ਪੜਤਾਲ ਦੀ ਕਾਰਵਾਈ ਲਈ ਜਾ ਰਹੀ ਹੈ, ਤਾਂ ਉਸ ਦੀ ਜਾਣਕਾਰੀ ਮੀਡੀਆ ਨੂੰ ਲੀਕ ਕਰਕੇ ਖ਼ਬਰਾਂ ਚਲਵਾਈਆਂ ਜਾ ਰਹੀਆਂ ਹਨ, ਜੋ ਕਿ ਜ਼ਿੰਮੇਵਾਰੀ ਵਾਲੀ ਅਤੇ ਸੰਜੀਦਾ ਪਹੁੰਚ ਨਹੀਂ ਹੈ।

# ਸ਼੍ਰੋਮਣੀ ਕਮੇਟੀ ਵੱਲੋਂ ਏ.ਆਈ. ਤਕਨੀਕ ਦੇ ਮਾਹਿਰਾਂ ਦੀ ਸਬ-ਕਮੇਟੀ ਗਠਿਤ

**■ ਸਿੱਖ ਧਰਮ ਦੀ ਮਾਣ-ਮਰਿਯਾਦਾ ਦੇ ਖਿਲਾਫ਼ ਬਣ ਰਹੀਆਂ ਵੀਡੀਓ ਅਤੇ ਹੋਰ ਸਮੱਗਰੀ 'ਤੇ ਰੋਕ ਲਗਾਉਣ ਲਈ ਕਰੇਗੀ ਕਾਰਜ**

ਅੰਮ੍ਰਿਤਸਰ, (ਪੰਜਾਬ ਮੇਲ)- ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਤਕਨੀਕ ਦੀ ਦੁਰਵਰਤੋਂ ਨਾਲ ਸਿੱਖ ਧਰਮ ਦੀ ਮਾਣ-ਮਰਿਯਾਦਾ ਦੇ ਖਿਲਾਫ਼ ਬਣ ਰਹੀਆਂ ਵੀਡੀਓ ਅਤੇ ਹੋਰ ਸਮੱਗਰੀ 'ਤੇ ਰੋਕ ਲਗਾਉਣ ਲਈ ਅੰਤ੍ਰਿੰਗ ਕਮੇਟੀ ਦੇ ਹੋਏ ਫੈਸਲੇ ਅਨੁਸਾਰ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਏ.ਆਈ. ਇੰਟਰਨੈੱਟ ਖੇਤਰ ਵਿਚ ਤਜ਼ਰਬਾ ਰੱਖਣ ਵਾਲੇ ਮਾਹਿਰਾਂ ਦੀ ਸਬ-ਕਮੇਟੀ ਗਠਿਤ ਕੀਤੀ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਦੱਸਿਆ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਰਾਹੀਂ ਸਿੱਖ ਭਾਵਨਾਵਾਂ ਨੂੰ ਸੱਟ ਮਾਰਨ ਵਾਲੀਆਂ ਵੀਡੀਓ ਅਤੇ ਹੋਰ ਸਮੱਗਰੀ ਸੋਸ਼ਲ ਮੀਡੀਆ 'ਤੇ ਲਗਾਤਾਰ ਵਧ ਰਹੀ ਹੈ, ਜਿਸ 'ਤੇ ਰੋਕ ਲਗਾਉਣ ਲਈ ਅੰਤ੍ਰਿੰਗ ਕਮੇਟੀ ਵੱਲੋਂ ਇਸ ਖੇਤਰ ਵਿਚ ਕਾਰਜਸ਼ੀਲ ਕਾਨੂੰਨੀ ਤੇ ਮਾਹਿਰ ਸ਼ਖ਼ਸੀਅਤਾਂ 'ਤੇ ਨਿਰਧਾਰਿਤ ਇਕ ਸਬ-ਕਮੇਟੀ ਦਾ ਗਠਨ ਕਰਨ ਦਾ ਫੈਸਲਾ ਕੀਤਾ ਗਿਆ ਸੀ।

ਸ. ਪ੍ਰਤਾਪ ਸਿੰਘ ਨੇ ਦੱਸਿਆ ਕਿ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਗਈ ਇਸ ਕਮੇਟੀ 'ਚ ਡਾ. ਹਰਜਿੰਦਰ ਸਿੰਘ ਸੰਧੂ ਅਮਰੀਕਾ, ਸ. ਹਰਮੀਤ ਸ਼ਾਹ ਸਿੰਘ ਯੂ.ਕੇ., ਡਾ. ਸਰਬਜੋਤ ਸਿੰਘ ਯੂ.ਕੇ., ਡਾ. ਸਰਪ੍ਰੀਤ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਸ੍ਰੀ



ਫ਼ਤਹਿਗੜ੍ਹ ਸਾਹਿਬ, ਡਾ. ਗੁਰਪਾਲ ਸਿੰਘ ਖਾਲਸਾ ਕਾਲਜ ਪਟਿਆਲਾ, ਡਾ. ਜਗਦੀਪ ਸਿੰਘ ਮੱਲ੍ਹੀ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ, ਡਾ. ਸਤਿੰਦਰਪਾਲ ਸਿੰਘ ਗੁਰੂ ਨਾਨਕ ਇੰਜੀਅਨਿੰਗ ਕਾਲਜ ਲੁਧਿਆਣਾ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਕਮੇਟੀ ਦੇ ਕੋਆਰਡੀਨੇਟਰ ਸ਼੍ਰੋਮਣੀ ਕਮੇਟੀ ਦੇ ਸਿਸਟਮ ਐਡਮਨਿਸਟ੍ਰੇਟਰ ਸ. ਕਰਮਵੀਰ ਸਿੰਘ ਹੋਣਗੇ।

ਸਕੱਤਰ ਸ. ਪ੍ਰਤਾਪ ਸਿੰਘ ਨੇ ਕਿਹਾ ਕਿ ਇਹ ਸਬ-ਕਮੇਟੀ ਏ.ਆਈ. ਤਕਨੀਕ ਨਾਲ ਸਿੱਖ ਧਰਮ ਖਿਲਾਫ਼ ਸੋਸ਼ਲ ਮੀਡੀਆ 'ਤੇ ਪ੍ਰਚਾਰੀ ਜਾ ਰਹੀ ਸਮੱਗਰੀ ਨੂੰ ਰੋਕਣ ਲਈ ਏ.ਆਈ. ਤਕਨੀਕ ਦੀਆਂ ਪ੍ਰਮੁੱਖ ਕੰਪਨੀਆਂ ਨਾਲ ਵੀ ਰਾਬਤਾ ਬਣਾਉਣ ਲਈ ਕਾਰਜ ਕਰੇਗੀ।

# ਸੁਖਬੀਰ ਬਾਦਲ ਵੱਲੋਂ ਨਿੱਜੀ ਪੇਸ਼ੀ ਤੋਂ ਛੋਟ ਲਈ ਅਦਾਲਤ 'ਚ ਅਰਜ਼ੀ ਦਾਇਰ

ਚੰਡੀਗੜ੍ਹ, (ਪੰਜਾਬ ਮੇਲ)- ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮਾਣਹਾਨੀ ਦੇ ਇਕ 9 ਸਾਲ ਪੁਰਾਣੇ ਮਾਮਲੇ 'ਚ ਸੋਮਵਾਰ ਨੂੰ ਅਦਾਲਤ 'ਚ ਨਿੱਜੀ ਪੇਸ਼ੀ ਤੋਂ ਛੋਟ ਲਈ ਅਰਜ਼ੀ ਦਾਇਰ ਕੀਤੀ। ਇਹ ਅਰਜ਼ੀ ਐਡੀਸ਼ਨਲ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਦੀ ਅਦਾਲਤ 'ਚ ਪੇਸ਼ ਕੀਤੀ ਗਈ। ਬਾਦਲ ਦੇ ਵਕੀਲ ਨੇ ਅਦਾਲਤ ਨੂੰ ਕਿਹਾ ਕਿ ਉਨ੍ਹਾਂ ਦੀ ਗ਼ੈਰ-ਹਾਜ਼ਰੀ ਕਿਸੇ ਮਾੜੀ ਮਨਸ਼ਾ ਕਾਰਨ ਨਹੀਂ, ਸਗੋਂ ਪਹਿਲਾਂ ਤੋਂ ਨਿਰਧਾਰਤ ਰਾਜਨੀਤਕ ਪ੍ਰੋਗਰਾਮਾਂ ਕਾਰਨ ਹੈ। ਅਦਾਲਤ ਨੂੰ ਇਹ ਭਰੋਸਾ ਵੀ ਦਿੱਤਾ ਗਿਆ ਕਿ ਸੁਖਬੀਰ ਸਿੰਘ ਬਾਦਲ ਅਗਲੀ ਸੁਣਵਾਈ ਦੀ ਤਰੀਕ 'ਤੇ ਲਾਜ਼ਮੀ ਤੌਰ 'ਤੇ ਅਦਾਲਤ 'ਚ ਪੇਸ਼ ਹੋਣਗੇ।



ਜ਼ਿਕਰਯੋਗ ਹੈ ਕਿ ਦਸੰਬਰ 'ਚ ਗ਼ੈਰ-ਜ਼ਮਾਨਤੀ ਵਾਰੰਟ ਜਾਰੀ ਹੋਣ ਤੋਂ ਬਾਅਦ ਉਨ੍ਹਾਂ ਨੇ 17 ਜਨਵਰੀ ਨੂੰ ਅਦਾਲਤ 'ਚ ਆਤਮ-ਸਮਰਪਣ ਕੀਤਾ ਸੀ। ਮਾਮਲੇ ਦੀ ਅਗਲੀ ਸੁਣਵਾਈ ਹੁਣ 14 ਫਰਵਰੀ ਨੂੰ ਹੋਵੇਗੀ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਵਿੱਤ ਮੰਤਰੀ ਸੀਤਾਰਾਮਨ ਵੱਲੋਂ 53.5 ਲੱਖ ਕਰੋੜ ਦਾ ਬਜਟ ਪੇਸ਼

## ■ ਵਿਕਸਿਤ ਭਾਰਤ ਲਈ ਨਿਰਮਾਣ ਨੂੰ ਹੁਲਾਰਾ ਦੇਣ 'ਤੇ ਜ਼ੋਰ

**ਨਵੀਂ ਦਿੱਲੀ, (ਪੰਜਾਬ ਮੇਲ)**- ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਵਿਕਸਿਤ ਭਾਰਤ ਲਈ ਨਿਰਮਾਣ ਨੂੰ ਹੁਲਾਰਾ ਦੇਣ ਲਈ ਕਈ ਉਪਾਵਾਂ ਦਾ ਐਲਾਨ ਕੀਤਾ, ਆਲਮੀ ਡੇਟਾ ਕੇਂਦਰਾਂ ਲਈ ਟੈਕਸ ਛੋਟ ਦਿੱਤੀ ਅਤੇ ਖੇਤੀ ਤੇ ਸੈਰ-ਸਪਾਟਾ ਖੇਤਰਾਂ ਲਈ ਪ੍ਰੋਤਸਾਹਨ ਦਾ ਐਲਾਨ ਕੀਤਾ। ਉਨ੍ਹਾਂ 53.5 ਲੱਖ ਕਰੋੜ ਰੁਪਏ ਦਾ ਬਜਟ ਪੇਸ਼ ਕੀਤਾ, ਜਿਸ ਨੂੰ ਵਧਦੇ ਆਲਮੀ ਜੋਖ਼ਮਾਂ ਵਿਚਾਲੇ ਵਿਕਾਸ ਬਰਕਰਾਰ ਰੱਖਣ ਲਈ ਲੰਮੇ ਸਮੇਂ ਦੇ ਖਾਕੇ ਵਜੋਂ ਦੇਖਿਆ ਜਾ ਰਿਹਾ ਹੈ। ਪੱਛਮੀ ਬੰਗਾਲ ਅਤੇ ਤਾਮਿਲਨਾਡੂ ਸਮੇਤ ਪੰਜ ਰਾਜਾਂ 'ਚ ਚੋਣਾਂ ਹੋਣ ਵਾਲੀਆਂ ਹਨ। ਇਸ ਦੇ ਬਾਵਜੂਦ ਲੋਕ ਲੁਭਾਊ ਐਲਾਨਾਂ ਤੋਂ ਪ੍ਰਹੇਜ਼ ਕਰਦਿਆਂ ਵਿੱਤੀ ਮਜ਼ਬੂਤੀਕਰਨ ਤੇ ਬੁਨਿਆਦੀ ਢਾਂਚੇ 'ਤੇ ਖਰਚ ਜਾਰੀ ਰੱਖਣ ਦਾ ਸੰਕੇਤ ਦਿੱਤਾ ਗਿਆ।

ਲੋਕ ਸਭਾ 'ਚ ਲਗਾਤਾਰ 9ਵਾਂ ਬਜਟ ਪੇਸ਼ ਕਰਦਿਆਂ ਵਿੱਤ ਮੰਤਰੀ ਸੀਤਾਰਾਮਨ ਨੇ ਤਕਰੀਬਨ 90 ਮਿੰਟ ਦੇ ਭਾਸ਼ਣ ਵਿਚ 'ਵਿਕਸਿਤ ਭਾਰਤ' ਬਣਾਉਣ ਲਈ ਪ੍ਰਮੁੱਖ ਯੋਜਨਾਵਾਂ ਜਿਵੇਂ ਰੁਜ਼ਗਾਰ ਨੂੰ ਹੁਲਾਰਾ ਦੇਣ ਦੇ ਨਾਲ ਨਾਲ ਭਵਿੱਖ ਦੀਆਂ ਤਕਨੀਕਾਂ ਨੂੰ ਰਵਾਇਤੀ ਉਦਯੋਗਾਂ ਨਾਲ ਏਕੀਕ੍ਰਿਤ ਕਰਨ, ਦਾ ਐਲਾਨ ਕੀਤਾ। ਬੁਨਿਆਦੀ ਢਾਂਚੇ ਦੇ ਵਿਕਾਸ 'ਤੇ ਜ਼ੋਰ ਦਿੰਦਿਆਂ ਪੂੰਜੀਗਤ ਖਰਚਾ ਵਿੱਤੀ ਸਾਲ 2026 'ਚ ਪਹਿਲਾਂ ਤੋਂ ਹੀ ਰਿਕਾਰਡ 11.2 ਲੱਖ ਕਰੋੜ ਰੁਪਏ ਤੋਂ ਵਧਾ ਕੇ ਅਗਲੇ ਸਾਲ ਲਈ 12.2 ਲੱਖ ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਮੰਤਰੀ ਵੱਲੋਂ ਐਲਾਨੇ ਕਈ ਬੁਨਿਆਦੀ ਢਾਂਚਾ ਪ੍ਰਾਜੈਕਟਾਂ 'ਚ 7 ਉੱਚ ਰਫ਼ਤਾਰ ਵਾਲੇ ਰੇਲ ਕਾਰੀਡੋਰ ਬਣਾਉਣ ਦੀ ਯੋਜਨਾ ਵੀ ਸ਼ਾਮਲ ਹੈ; ਰੱਖਿਆ ਖਰਚ 'ਚ ਪਿਛਲੇ ਸਾਲ ਮੁਕਾਬਲੇ ਤਕਰੀਬਨ 5ਵਾਂ ਹਿੱਸਾ ਵਾਧਾ ਹੋਇਆ ਹੈ।

ਆਲਮੀ ਪੱਧਰ 'ਤੇ ਭੂ-ਰਾਜਨੀਤਕ ਚਿੰਤਾਵਾਂ, ਖੜੋਤ ਅਤੇ ਵਿੱਤੀ ਜੋਖ਼ਮਾਂ ਦਰਮਿਆਨ ਵਿੱਤ ਮੰਤਰੀ ਨੇ ਕਿਹਾ ਕਿ ਰੁਜ਼ਗਾਰ ਦੇ ਮੌਕਿਆਂ ਤੇ ਤਕਨੀਕ ਆਧਾਰਿਤ ਵਿਕਾਸ 'ਤੇ ਜ਼ੋਰ ਦੇਣ ਦੇ ਨਾਲ ਹੀ ਸੱਤ ਤਰਜੀਹੀ ਖੇਤਰਾਂ ਫਾਰਮਾਸਿਊਟੀਕਲ, ਦੁਰਲੱਭ ਖਣਿਜਾਂ, ਸੈਮੀਕੰਡਕਟਰ, ਰਸਾਇਣ, ਪੂੰਜੀਗਤ ਸਾਮਾਨ, ਕੱਪੜੇ ਤੇ ਖੇਡਾਂ ਦੇ ਸਾਮਾਨ 'ਚ ਨਿਰਮਾਣ ਵਧਾਇਆ ਜਾਵੇਗਾ। ਬਜਟ 'ਚ ਵਿਅਕਤੀਗਤ ਆਮਦਨ ਕਰ ਸ਼੍ਰੇਣੀਆਂ 'ਚ ਕੋਈ ਤਬਦੀਲੀ ਨਹੀਂ ਕੀਤੀ ਗਈ ਪਰ ਸਰਕਾਰ ਨੇ ਉਦਯੋਗ 'ਚ ਨਿਵੇਸ਼ ਨੂੰ ਹੁਲਾਰਾ ਦੇਣ ਦੇ ਮਕਸਦ ਨਾਲ ਟੈਕਸ ਤੇ ਪ੍ਰੋਤਸਾਹਨ ਉਪਾਵਾਂ ਦਾ ਐਲਾਨ ਕੀਤਾ ਹੈ। ਵਿੱਤ ਮੰਤਰੀ ਨੇ ਜੈਵਿਕ-ਦਵਾਈ ਨਿਰਮਾਣ ਕੇਂਦਰ, ਟੈਕਸਟਾਈਲ ਪਾਰਕਾਂ, ਕੰਟੇਨਰ ਨਿਰਮਾਣ ਨੂੰ ਹੁਲਾਰਾ ਦੇਣ ਵਾਲੇ ਖੇਤਰਾਂ ਲਈ 10 ਹਜ਼ਾਰ ਕਰੋੜ ਰੁਪਏ ਦਾ ਐਲਾਨ ਕੀਤਾ ਹੈ। ਇਕ ਅਹਿਮ ਐਲਾਨ 'ਚ ਭਾਰਤ ਤੋਂ ਆਲਮੀ ਡੇਟਾ ਸੈਂਟਰ ਸੇਵਾਵਾਂ ਮੁਹੱਈਆ ਕਰਨ ਵਾਲੀਆਂ ਕੰਪਨੀਆਂ ਲਈ 20 ਸਾਲ ਦੀ ਟੈਕਸ ਛੋਟ ਅਤੇ ਵਿਦੇਸ਼ੀ ਕਲਾਊਡ ਕੰਪਨੀਆਂ ਨਾਲ ਸਬੰਧਤ ਸੰਸਥਾਵਾਂ ਵੱਲੋਂ ਮੁਹੱਈਆ ਕੀਤੀਆਂ ਜਾਣ ਵਾਲੀਆਂ ਡੇਟਾ ਸੈਂਟਰ ਸੇਵਾਵਾਂ ਦੀ ਲਾਗਤ 'ਤੇ 15 ਫੀਸਦੀ ਦੀ ਛੋਟ ਦਿੱਤੀ ਗਈ ਹੈ। ਬਜਟ 'ਚ ਕਸਟਮਜ਼ ਪ੍ਰਬੰਧ ਨੂੰ ਸਰਲ ਕੀਤਾ ਗਿਆ ਹੈ, ਛੋਟਾਂ ਤਰਕਸੰਗਤ ਕੀਤੀਆਂ ਗਈਆਂ ਹਨ, ਕੈਂਸਰ ਦੇ ਇਲਾਜ ਲਈ 17 ਦਵਾਈਆਂ ਟੈਕਸ ਮੁਕਤ ਕੀਤੀਆਂ ਗਈਆਂ। ਸਾਮਾਨ ਸਬੰਧੀ ਨੇਮਾਂ 'ਚ ਢਿੱਲ ਦਿੱਤੀ ਗਈ ਅਤੇ ਨਿੱਜੀ ਦਰਾਮਦ 'ਤੇ ਟੈਕਸ ਘਟਾ ਕੇ 10 ਫੀਸਦੀ ਕਰ ਦਿੱਤਾ ਗਿਆ ਹੈ। ਪਸ਼ੂ ਪਾਲਣ, ਮੱਛੀ ਪਾਲਣ, ਉੱਚ ਮੁੱਲ ਵਾਲੀ ਖੇਤੀ ਅਤੇ ਕੱਪੜਿਆਂ ਲਈ ਹਮਾਇਤ ਦਾ ਐਲਾਨ ਕੀਤਾ ਗਿਆ। ਸੈਰ ਸਪਾਟੇ ਸਬੰਧੀ ਤਜਵੀਜ਼ਾਂ 'ਚ ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ ਤੇ ਉੱਤਰਾਖੰਡ ਦੇ ਪਰਬਤੀ ਮਾਰਗਾਂ ਤੇ 15 ਪੁਰਾਤੱਤਵ ਥਾਵਾਂ ਦਾ ਵਿਕਾਸ ਸ਼ਾਮਲ ਹੈ। ਛੋਟੇ ਕਾਰੋਬਾਰੀਆਂ ਲਈ ਸਰਕਾਰ ਨੇ 10 ਹਜ਼ਾਰ ਕਰੋੜ ਰੁਪਏ ਦੇ ਫੰਡ ਰੱਖੇ ਹਨ। ਵਿੱਤੀ ਮੋਰਚੇ 'ਤੇ ਸਰਕਾਰ ਦਾ ਟੀਚਾ ਕਰਜ਼-ਜੀ.ਡੀ.ਪੀ. ਅਨੁਪਾਤ 56.1 ਫੀਸਦੀ ਤੋਂ ਘਟਾ ਕੇ 55.6 ਫੀਸਦੀ ਕਰਨਾ ਅਤੇ ਵਿੱਤੀ ਘਾਟਾ 4.4 ਫੀਸਦੀ ਤੋਂ ਘਟਾ ਕੇ 4.3 ਫੀਸਦੀ ਕਰਨਾ ਹੈ। ਸਰਕਾਰ ਬਾਂਡ ਬਾਜ਼ਾਰਾਂ ਤੋਂ 17.2 ਲੱਖ ਕਰੋੜ ਰੁਪਏ ਉਧਾਰ ਲੈਣ ਦੀ ਯੋਜਨਾ ਬਣਾ ਰਹੀ ਹੈ।



## ਕੇਂਦਰੀ ਟੈਕਸਾਂ 'ਚ ਸੂਬਿਆਂ ਦੀ 41 ਫੀਸਦੀ ਹਿੱਸੇਦਾਰੀ ਦੀ ਸਿਫਾਰਸ਼

**ਨਵੀਂ ਦਿੱਲੀ** : ਨੀਤੀ ਆਯੋਗ ਦੇ ਸਾਬਕਾ ਉਪ ਚੇਅਰਮੈਨ ਅਰਵਿੰਦ ਪਨਗੜ੍ਹੀਆ ਦੀ ਅਗਵਾਈ ਹੇਠਲੇ 16ਵੇਂ ਵਿੱਤ ਕਮਿਸ਼ਨ ਨੇ 1 ਅਪ੍ਰੈਲ 2026 ਤੋਂ ਸ਼ੁਰੂ ਹੋਣ ਵਾਲੀ ਪੰਜ ਸਾਲਾ ਮਿਆਦ ਲਈ ਕੇਂਦਰੀ ਟੈਕਸਾਂ 'ਚ ਸੂਬਿਆਂ ਦੀ ਹਿੱਸੇਦਾਰੀ 41 ਫੀਸਦ ਕਾਇਮ ਰੱਖਣ ਦੀ ਸਿਫਾਰਸ਼ ਕੀਤੀ ਹੈ।

ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਲੋਕ ਸਭਾ 'ਚ 2026-31 ਲਈ ਕੇਂਦਰ ਤੇ ਸੂਬਿਆਂ ਵਿਚਾਲੇ ਟੈਕਸ ਤਬਾਦਲੇ ਬਾਰੇ 16ਵੇਂ ਵਿੱਤ ਕਮਿਸ਼ਨ ਦੀ ਰਿਪੋਰਟ ਪੇਸ਼ ਕੀਤੀ। ਵਿੱਤ ਮੰਤਰੀ ਨੇ ਕਿਹਾ, "ਸਰਕਾਰ ਨੇ ਕੇਂਦਰੀ ਟੈਕਸਾਂ 'ਚ ਸੂਬਿਆਂ ਦੀ ਹਿੱਸੇਦਾਰੀ 41 ਫੀਸਦੀ ਰੱਖਣ ਸਬੰਧੀ ਕਮਿਸ਼ਨ ਦੀ ਸਿਫਾਰਸ਼ ਸਵੀਕਾਰ ਕਰ ਲਈ ਹੈ।" ਕੇਂਦਰ ਸਰਕਾਰ ਨੇ ਵਿੱਤ ਕਮਿਸ਼ਨ ਦੀਆਂ ਗਰਾਂਟਾਂ ਵਜੋਂ ਵਿੱਤੀ ਸਾਲ 2026-27 ਲਈ ਰਾਜਾਂ ਨੂੰ 1.4 ਲੱਖ ਕਰੋੜ ਰੁਪਏ ਮੁਹੱਈਆ ਕੀਤੇ ਹਨ। ਇਨ੍ਹਾਂ 'ਚ ਪੇਂਡੂ ਤੇ ਸ਼ਹਿਰੀ ਸਥਾਨਕ ਸੰਸਥਾਵਾਂ ਅਤੇ ਆਫ਼ਤ ਪ੍ਰਬੰਧਨ ਗਰਾਂਟਾਂ ਸ਼ਾਮਲ ਹਨ। ਸੰਵਿਧਾਨ ਤਹਿਤ ਗਠਿਤ ਵਿੱਤ ਕਮਿਸ਼ਨ ਕੇਂਦਰ ਤੇ ਰਾਜਾਂ ਵਿਚਾਲੇ ਟੈਕਸਾਂ ਦੀ ਵੰਡ ਬਾਰੇ ਫਾਰਮੂਲਾ ਦਿੰਦਾ ਹੈ। ਕੇਂਦਰ ਵੱਲੋਂ ਲਾਏ ਗਏ ਉਪ ਟੈਕਸ ਅਤੇ ਸਰਚਾਰਜ ਇਸ ਵੰਡ ਸਬੰਧੀ ਪੂਲ ਦਾ ਹਿੱਸਾ ਨਹੀਂ ਹੁੰਦੇ। 16ਵਾਂ ਵਿੱਤ ਕਮਿਸ਼ਨ 31 ਦਸੰਬਰ 2023 ਨੂੰ ਗਠਿਤ ਕੀਤਾ ਗਿਆ ਸੀ।

## ਕੇਂਦਰ ਬਜਟ 'ਚ ਪੰਜਾਬ ਨੂੰ ਝਟਕਾ, ਮਾਲੀਆ ਘਾਟਾ ਗਰਾਂਟ ਬੰਦ

### ਵਿੱਤ ਕਮਿਸ਼ਨ ਨੇ ਸੰਸਦ 'ਚ ਪੇਸ਼ ਰਿਪੋਰਟ 'ਚ ਕੀਤੀ ਸਿਫਾਰਸ਼

**ਰੋਪੜ, (ਪੰਜਾਬ ਮੇਲ)**- ਕੇਂਦਰੀ ਬਜਟ ਮੌਕੇ ਸੰਸਦ ਵਿਚ ਪੇਸ਼ ਕੀਤੀ ਵਿੱਤ ਕਮਿਸ਼ਨ ਦੀ ਰਿਪੋਰਟ ਵਿਚਲੀਆਂ ਸਿਫ਼ਾਰਸ਼ਾਂ ਮਗਰੋਂ ਰਾਜਾਂ ਨੂੰ ਮਿਲਦੀ ਮਾਲੀਆ ਘਾਟਾ ਗ੍ਰਾਂਟ (ਆਰ.ਡੀ.ਜੀ.) ਮੌਜੂਦਾ ਵਿੱਤੀ ਸਾਲ ਵਿਚ ਸਿਫ਼ਰ ਹੋ ਜਾਵੇਗੀ। ਸਰਕਾਰ ਦੀ ਇਸ ਪੇਸ਼ਕਦਮੀ ਦਾ ਪੰਜਾਬ 'ਤੇ ਵੱਡਾ ਅਸਰ ਪੈਣ ਦੀ ਸੰਭਾਵਨਾ ਹੈ। ਇਹ ਕੇਂਦਰ ਵੱਲੋਂ ਰਾਜਾਂ ਨੂੰ ਮਿਲਦੇ ਪ੍ਰਮੁੱਖ ਸਹਾਇਤਾ ਚੋਖਟੇ ਦੇ ਭੋਗ ਦਾ ਵੀ ਸੰਕੇਤ ਹੈ। ਪੰਜਾਬ ਅਤੇ ਹਿਮਾਚਲ ਸਮੇਤ ਕਈ ਰਾਜ ਹਾਲੀਆਂ ਸਾਲਾਂ ਦੌਰਾਨ ਆਰ.ਡੀ.ਜੀ. 'ਤੇ ਮੁਨੱਸਰ ਕਰਦੇ ਰਹੇ ਹਨ। ਕਮਿਸ਼ਨ ਨੇ ਰਿਪੋਰਟ ਵਿਚ ਕਿਹਾ ਕਿ ਰਾਜਾਂ ਨੂੰ ਖਾਸ ਕਰ ਕੇ ਕੋਵਿਡ-19 ਮਹਾਂਮਾਰੀ ਕਰ ਕੇ ਪੈਦਾ ਹੋਇਆ ਵਿੱਤੀ ਤਣਾਅ ਘਟਣ ਮਗਰੋਂ ਹੁਣ ਆਪਣੀਆਂ ਟੈਕਸ ਪ੍ਰਣਾਲੀਆਂ ਨੂੰ ਮਜ਼ਬੂਤ ਕਰਨ ਅਤੇ ਖਰਚਿਆਂ ਨੂੰ ਤਰਕਸੰਗਤ ਬਣਾਉਣ ਵੱਲ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਰਿਪੋਰਟ ਮੁਤਾਬਕ ਰਾਜਾਂ ਦੇ ਕੁੱਲ ਪੱਧਰ 'ਤੇ ਮਾਲੀਆ ਘਾਟਾ ਇਸ ਸਮੇਂ ਕੋਵਿਡ ਤੋਂ ਬਾਅਦ ਦੀ ਮਿਆਦ ਵਿਚ ਜੀ.ਡੀ.ਪੀ. ਦੇ 0.3 ਫੀਸਦੀ ਦੇ ਨੇੜੇ-ਤੇੜੇ ਘੁੰਮ ਰਿਹਾ ਹੈ। ਰਿਪੋਰਟ ਮੁਤਾਬਕ ਇੱਕ ਵਾਰ ਜਦੋਂ ਰਾਜ ਕੇਂਦਰ ਤੋਂ ਇਮਦਾਦ ਦੀ ਉਮੀਦ ਕਰਨ ਲੱਗਦੇ ਹਨ, ਤਾਂ ਵਿੱਤੀ ਅਨੁਸ਼ਾਸਨ ਕਮਜ਼ੋਰ ਪੈ ਜਾਂਦਾ ਹੈ ਅਤੇ ਕੇਂਦਰ 'ਤੇ ਟੇਕ ਹੋਰ ਡੂੰਘੀ ਹੋ ਜਾਂਦੀ ਹੈ। ਰਿਪੋਰਟ ਵਿਚ ਜ਼ੋਰ ਦਿੱਤਾ ਗਿਆ ਕਿ ਹੁਣ ਦੇਸ਼ ਵਿਚ ਮਹਾਮਾਰੀ ਖ਼ਤਮ ਹੋ ਗਈ ਹੈ ਅਤੇ ਰਾਜਾਂ ਨੂੰ ਆਤਮ-ਨਿਰਭਰ ਵਿੱਤੀ ਢਾਂਚੇ ਵੱਲ ਵਧਣਾ ਚਾਹੀਦਾ ਹੈ।

## ਕੀ ਮਹਿੰਗਾ ਹੋਇਆ ?

- ਘੱਟ ਕੀਮਤ ਵਾਲੀਆਂ ਦਰਾਮਦ ਛਤਰੀਆਂ
- ਪੋਟਾਸ਼ੀਅਮ ਹਾਈਡਰੋਕਸਾਈਡ
- ਏ.ਟੀ.ਐੱਮ./ਕੈਸ਼ ਡਿਸਪੈਂਸਰ ਮਸ਼ੀਨ ਤੇ ਪੁਰਜ਼ੇ
- ਵਿਦੇਸ਼ੀਆਂ ਲਈ ਫਿਲਮਾਂ ਤੇ ਪ੍ਰਸਾਰਨ ਉਪਕਰਨ
- ਚਿੜੀਆਘਰ 'ਚ ਬਾਹਰੋਂ ਜਾਨਵਰ ਜਾਂ ਪੰਛੀ ਲਿਆਉਣਾ
- ਅਮੋਨੀਅਮ ਫਾਸਫੇਟ/ਨਾਈਟ੍ਰੋ-ਫਾਸਫੇਟ ਖਾਦ ਅਤੇ ਨੈਫਥਾ ਜਿਹੀਆਂ ਖਾਦਾਂ

## ਕੀ ਸਸਤਾ ਹੋਇਆ ?

- ਕੈਂਸਰ ਦੀਆਂ ਦਵਾਈਆਂ
- ਨਿੱਜੀ ਵਰਤੋਂ ਲਈ ਦਰਾਮਦ ਦਵਾਈਆਂ
- ਮਾਈਕਰੋਵੇਵ ਓਵਨ ਦੇ ਪੁਰਜ਼ੇ
- ਜਹਾਜ਼ ਦੇ ਇੰਜਣ ਸਮੇਤ ਪੁਰਜ਼ੇ
- ਸੋਲਰ ਗਲਾਸ ਦੇ ਪੁਰਜ਼ੇ
- ਪਰਮਾਣੂ ਪ੍ਰਾਜੈਕਟਾਂ ਲਈ ਦਰਾਮਦ ਸਾਮਾਨ
- ਅਹਿਮ ਖਣਿਜਾਂ ਵਾਲੀਆਂ ਵਸਤਾਂ

## 2026-27 ਲਈ 7.84 ਲੱਖ ਕਰੋੜ ਰੁਪਏ ਦਾ ਰੱਖਿਆ ਬਜਟ

ਗੁਆਂਢੀ ਦੇਸ਼ਾਂ ਵੱਲੋਂ ਮਿਲ ਰਹੀਆਂ ਸੁਰੱਖਿਆ ਚੁਣੌਤੀਆਂ ਦੇ ਮੱਦੇਨਜ਼ਰ ਭਾਰਤ ਸਰਕਾਰ ਨੇ ਵਿੱਤੀ ਵਰ੍ਹੇ 2026-27 ਲਈ ਰੱਖਿਆ ਬਜਟ ਵਿਚ 15 ਫੀਸਦੀ ਦਾ ਵੱਡਾ ਵਾਧਾ ਕਰਦਿਆਂ 7,84,678 ਕਰੋੜ ਰੁਪਏ ਅਲਾਟ ਕੀਤੇ ਹਨ; ਪਿਛਲੇ ਸਾਲ ਇਹ ਰਾਸ਼ੀ 6,81,210 ਕਰੋੜ ਰੁਪਏ ਸੀ। ਨਵੇਂ ਹਥਿਆਰਾਂ ਅਤੇ ਸਾਜ਼ੋ-ਸਾਮਾਨ ਦੀ ਖਰੀਦ ਲਈ 2,19,306 ਕਰੋੜ ਰੁਪਏ ਰੱਖੇ ਗਏ ਹਨ। ਰੋਜ਼ਾਨਾ ਦੇ ਖਰਚਿਆਂ ਲਈ 5,53,668 ਕਰੋੜ ਰੁਪਏ ਰੱਖੇ ਗਏ ਹਨ, ਜਿਨ੍ਹਾਂ ਵਿਚ 1,71,338 ਕਰੋੜ ਰੁਪਏ ਪੈਨਸ਼ਨਾਂ ਲਈ ਹਨ। ਵਿੱਤੀ ਵਰ੍ਹੇ 2026-27 ਲਈ ਰੱਖਿਆ ਬਜਟ ਦਾ ਪੂੰਜੀਗਤ ਹਿੱਸਾ 2025-26 ਦੇ ਬਜਟ ਅਨੁਮਾਨਾਂ ਦੇ ਮੁਕਾਬਲੇ 21.84 ਫੀਸਦੀ ਵੱਧ ਰੱਖਿਆ ਗਿਆ ਹੈ। ਪੂੰਜੀਗਤ ਖਰਚੇ ਤਹਿਤ, ਹਵਾਈ ਜਹਾਜ਼ਾਂ ਅਤੇ ਇੰਜਣਾਂ ਲਈ 63,733 ਕਰੋੜ ਰੁਪਏ ਜਦਕਿ ਜਲ ਸੈਨਾ ਦੇ ਬੇੜੇ ਲਈ 25,023 ਕਰੋੜ ਰੁਪਏ ਅਲਾਟ ਕੀਤੇ ਗਏ ਹਨ। ਇਸ ਸਾਲ ਦਾ ਕੁੱਲ ਪੂੰਜੀਗਤ ਖਰਚਾ ਮੌਜੂਦਾ ਵਿੱਤੀ ਵਰ੍ਹੇ ਦੇ ਬਜਟ ਅਨੁਮਾਨ 1.80 ਲੱਖ ਕਰੋੜ ਨਾਲੋਂ 39,000 ਕਰੋੜ ਤੋਂ ਵੀ ਜ਼ਿਆਦਾ ਹੈ। ਪੂੰਜੀਗਤ ਖਰੀਦ ਬਜਟ ਦਾ 75 ਫੀਸਦ ਹਿੱਸਾ, ਮਤਲਬ 1.39 ਲੱਖ ਕਰੋੜ ਵਿੱਤੀ ਵਰ੍ਹੇ 2026-27 ਦੌਰਾਨ ਸਿਰਫ਼ ਘਰੇਲੂ ਉਦਯੋਗਾਂ ਰਾਹੀਂ ਖਰੀਦਦਾਰੀ ਲਈ ਰਾਖਵਾਂ ਰੱਖੇ ਗਏ ਹਨ। ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਨਾਗਰਿਕ, ਸਿਖਲਾਈ ਅਤੇ ਹੋਰ ਹਵਾਈ ਜਹਾਜ਼ਾਂ ਦੇ ਨਿਰਮਾਣ ਲਈ ਲੋੜੀਂਦੇ ਪੁਰਜ਼ਿਆਂ ਅਤੇ ਹਿੱਸਿਆਂ 'ਤੇ ਬੇਸਿਕ ਕਸਟਮ ਡਿਊਟੀ ਤੋਂ ਛੋਟ ਦੇਣ ਦੀ ਤਜਵੀਜ਼ ਪੇਸ਼ ਕੀਤੀ ਹੈ। ਉਨ੍ਹਾਂ ਨੇ ਰੱਖਿਆ ਖੇਤਰ ਦੀਆਂ ਇਕਾਈਆਂ ਵਿਚ ਹਵਾਈ ਜਹਾਜ਼ਾਂ ਦੀ ਸਾਂਭ-ਸੰਭਾਲ, ਮੁਰੰਮਤ ਜ਼ਰੂਰਤਾਂ ਲਈ ਵਰਤੇ ਜਾਣ ਵਾਲੇ ਪੁਰਜ਼ੇ ਬਣਾਉਣ ਲਈ ਦਰਾਮਦ ਕੀਤੇ ਜਾਣ ਵਾਲੇ ਕੱਚੇ ਮਾਲ 'ਤੇ ਵੀ ਬੇਸਿਕ ਕਸਟਮ ਡਿਊਟੀ ਨੂੰ ਖ਼ਤਮ ਕਰਨ ਦਾ ਐਲਾਨ ਕੀਤਾ ਹੈ।

## ਕੇਂਦਰੀ ਬਜਟ 'ਚ ਪੰਜਾਬ ਦੇ ਹੱਥ ਖਾਲੀ; ਸੂਬੇ ਦੀ ਵਿਸ਼ੇਸ਼ ਪੈਕੇਜ ਦੀ ਮੰਗ ਨਕਾਰੀ

**ਚੰਡੀਗੜ੍ਹ, (ਪੰਜਾਬ ਮੇਲ)**- ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਵੱਲੋਂ ਪੇਸ਼ ਕੀਤੇ ਗਏ ਕੇਂਦਰੀ ਬਜਟ 2026-27 ਵਿਚੋਂ ਪੰਜਾਬ ਬਾਹਰ ਹੀ ਜਾਪਦਾ ਹੈ। ਪੰਜਾਬ ਨੂੰ ਮੌਜੂਦਾ ਸਮੇਂ ਆਰਥਿਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਕਰਕੇ ਸੂਬੇ ਸਿਰ ਕਰਜ਼ਾ ਲਗਾਤਾਰ ਵੱਧ ਰਿਹਾ ਹੈ। ਅਜਿਹੇ ਹਾਲਾਤ ਵਿਚ ਪੰਜਾਬ ਸਰਕਾਰ ਨੂੰ ਕੇਂਦਰ ਤੋਂ ਵਿਸ਼ੇਸ਼ ਪੈਕੇਜ ਤੇ ਪ੍ਰਾਜੈਕਟਾਂ ਦੀ ਉਮੀਦ ਸੀ, ਜਿਸ ਨੂੰ ਬੂਰ ਨਹੀਂ ਪਿਆ। ਸਾਲ 2025 ਦੌਰਾਨ ਪੰਜਾਬ ਨੂੰ ਪਹਿਲਾਂ ਸਰਹੱਦੀ ਤਣਾਅ ਕਰਕੇ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਮਗਰੋਂ ਹੜ੍ਹਾਂ ਕਰਕੇ ਪੰਜਾਬ ਨੂੰ ਵਧੇਰੇ ਨੁਕਸਾਨ ਝੱਲਣਾ ਪਿਆ। ਸੂਬਾ ਸਰਕਾਰ ਨੇ ਕੇਂਦਰ ਸਰਕਾਰ ਤੋਂ ਵਿਸ਼ੇਸ਼ ਪੈਕੇਜ ਮੰਗਿਆ ਸੀ, ਪਰ ਪੰਜਾਬ ਦੇ ਪੱਲੇ ਕੁਝ ਨਹੀਂ ਪਿਆ। ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਮੁੜ ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਦੇ ਜਾਇਜ਼ ਫ਼ਿਕਰਾਂ ਨੂੰ ਨਜ਼ਰਅੰਦਾਜ਼ ਕੀਤਾ ਹੈ, ਜਿਸ ਨਾਲ ਉਸ ਦੇ ਕਿਸਾਨ-ਪੱਖੀ ਹੋਣ ਦੇ ਖੋਖਲੇ ਦਾਅਵਿਆਂ ਦੀ ਪੋਲ ਖੁੱਲ੍ਹ ਗਈ ਹੈ। ਕੇਂਦਰ ਨੇ ਖੇਤੀਬਾੜੀ ਬੁਨਿਆਦੀ ਢਾਂਚਾ ਫੰਡ ਵਿਚ ਕੋਈ ਵਾਧਾ ਨਹੀਂ ਕੀਤਾ ਅਤੇ ਨਾ ਹੀ ਮੰਡੀ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਕੋਈ ਠੋਸ ਸਹਾਇਤਾ ਦਿੱਤੀ ਹੈ। ਖੇਤੀ ਪ੍ਰਧਾਨ ਰਾਜਾਂ ਨੂੰ ਆਪਣੇ ਭਰੋਸੇ ਛੱਡ ਦਿੱਤਾ ਹੈ। ਪੰਜਾਬ ਦਾ ਕਿਸਾਨ ਦੇਸ਼ ਦਾ ਢਿੱਡ ਭਰਦਾ ਹੈ, ਫਿਰ ਵੀ ਕੇਂਦਰ ਸਰਕਾਰ ਉਨ੍ਹਾਂ ਪ੍ਰਣਾਲੀਆਂ ਵਿਚ ਨਿਵੇਸ਼ ਨੂੰ ਲਗਾਤਾਰ ਅਣਗੌਲਾ ਕਰ ਰਹੀ ਹੈ, ਜੋ ਖ਼ੁਰਾਕ ਸੁਰੱਖਿਆ ਨੂੰ ਯਕੀਨੀ ਬਣਾਉਂਦੀਆਂ ਹਨ। ਕੇਂਦਰ ਸਰਕਾਰ ਨੇ ਬਜਟ ਵਿਚ ਪੰਜਾਬ ਲਈ ਕੋਈ ਵਿਸ਼ੇਸ਼ ਪੈਕੇਜ ਨਹੀਂ ਦਿੱਤਾ, ਜੋ ਕੇਂਦਰ ਦੇ ਪੱਖਪਾਤੀ ਅਤੇ ਅਨਾਜ ਪੈਦਾ ਕਰਨ ਵਾਲੇ ਰਾਜਾਂ ਖਾਸ ਕਰਕੇ ਪੰਜਾਬ ਦੇ ਕਿਸਾਨਾਂ ਪ੍ਰਤੀ ਉਦਾਸੀਨ ਰਵੱਈਏ ਨੂੰ ਦਰਸਾਉਂਦਾ ਹੈ। ਵਿੱਤ ਮੰਤਰੀ ਹਰਪਾਲ ਚੀਮਾ ਨੇ 10 ਜਨਵਰੀ ਨੂੰ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨਾਲ ਪ੍ਰੀ-ਬਜਟ ਮੀਟਿੰਗ ਦੌਰਾਨ ਪੰਜਾਬ ਵਿਚ ਸਰਹੱਦੀ ਤਣਾਅ ਅਤੇ ਹੜ੍ਹਾਂ ਕਰ ਕੇ ਆਰਥਿਕ ਰੁਕਾਵਟ ਪੈਦਾ ਹੋਣ ਕਰ ਕੇ ਕੇਂਦਰੀ ਬਜਟ 2026-27 ਵਿਚ ਵਿਸ਼ੇਸ਼ ਰਾਹਤ ਪੈਕੇਜ ਦੇਣ ਦੀ ਮੰਗ ਕੀਤੀ ਸੀ। ਉਨ੍ਹਾਂ ਪੰਜਾਬ ਵਿਚ ਪੁਲਿਸ ਬਲਾਂ ਦੇ ਆਧੁਨਿਕੀਕਰਨ, ਸੰਕਟਕਾਲੀ ਸਥਿਤੀਆਂ ਦੀਆਂ ਜਵਾਬੀ ਪ੍ਰਣਾਲੀਆਂ ਨੂੰ ਮਜ਼ਬੂਤ ਕਰਨ ਅਤੇ ਸਰਹੱਦ ਪਾਰਲੇ ਖਤਰਿਆਂ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਲਈ ਉੱਚ ਤਕਨੀਕੀ ਐਂਟੀ-ਡਰੋਨ ਤਕਨਾਲੋਜੀ ਲਈ 1,000 ਕਰੋੜ ਦੀ ਵਿਸ਼ੇਸ਼ ਕੇਂਦਰੀ ਸਹਾਇਤਾ ਸਣੇ ਹੋਰ ਮੰਗਾਂ ਰੱਖੀਆਂ ਸਨ। ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਸੀਨੀਅਰ ਆਗੂ ਤੇ ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਪੇਸ਼ ਕੀਤੇ ਗਏ ਕੇਂਦਰੀ ਬਜਟ ਨੂੰ ਦੇਸ਼ਵਾਸੀਆਂ ਲਈ ਨਿਰਾਸ਼ਾਜਨਕ ਦੱਸਿਆ। ਉਨ੍ਹਾਂ ਦੋਸ਼ ਲਗਾਇਆ ਕਿ ਬਜਟ ਵਿਚ ਪੰਜਾਬ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕੀਤਾ ਗਿਆ। ਖੇਤੀਬਾੜੀ ਖੇਤਰ ਦੇਸ਼ ਦੀ ਜੀ.ਡੀ.ਪੀ. ਵਿਚ ਕਰੀਬ 18 ਫ਼ੀਸਦੀ ਯੋਗਦਾਨ ਪਾਉਂਦਾ ਹੈ, ਪਰ ਮੌਜੂਦਾ ਵਿੱਤੀ ਵਰ੍ਹੇ ਵਿਚ ਖੇਤੀ ਲਈ ਸਿਰਫ਼ 2.7 ਫ਼ੀਸਦੀ ਬਜਟ ਰੱਖਣਾ ਕਿਸਾਨਾਂ ਨਾਲ ਬੇਇਨਸਾਫ਼ੀ ਹੈ। ਦੇਸ਼ ਦਾਲਾਂ, ਤੇਲ ਬੀਜਾਂ ਅਤੇ ਹੋਰ ਅਹਿਮ ਫ਼ਸਲਾਂ ਲਈ ਵਿਦੇਸ਼ੀ ਮੁਲਕਾਂ 'ਤੇ ਨਿਰਭਰ ਹੈ, ਪਰ ਦੇਸ਼ ਨੂੰ ਆਤਮਨਿਰਭਰ ਬਣਾਉਣ ਲਈ ਸਰਕਾਰ ਵੱਲੋਂ ਇਨ੍ਹਾਂ ਫ਼ਸਲਾਂ ਸਬੰਧੀ ਕੋਈ ਠੋਸ ਉਪਰਾਲਾ ਨਹੀਂ ਕੀਤਾ ਗਿਆ।

# ਏ.ਸੀ.ਏ. ਤਹਿਤ ਸਿਹਤ ਸਬਸਿਡੀਆਂ ਦੀ ਮਿਆਦ ਖਤਮ ਹੋਣ ਕਾਰਨ ਲੱਖਾਂ ਲੋਕਾਂ ਨੂੰ ਝਟਕਾ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਕਿਫਾਇਤੀ ਦੇਖਭਾਲ ਐਕਟ (ਏ.ਸੀ.ਏ.) ਦੇ ਤਹਿਤ ਵਾਧੂ ਸਿਹਤ ਬੀਮਾ ਸਬਸਿਡੀ ਖਤਮ ਹੋਣ ਤੋਂ ਬਾਅਦ ਅਮਰੀਕਾ ਵਿਚ ਲੱਖਾਂ ਲੋਕਾਂ ਨੂੰ ਵੱਡਾ ਝਟਕਾ ਲੱਗਾ ਹੈ। ਜਨਵਰੀ ਵਿਚ ਸਬਸਿਡੀਆਂ ਖਤਮ ਹੋਣ ਤੋਂ ਬਾਅਦ ਸਿਹਤ ਬੀਮਾ ਪ੍ਰੀਮੀਅਮ ਅਚਾਨਕ ਅਸਮਾਨੀ ਚੜ੍ਹ ਗਏ ਹਨ। ਸਿਹਤ ਅਧਿਕਾਰ ਸੰਗਠਨਾਂ ਦਾ ਕਹਿਣਾ ਹੈ ਕਿ ਇਸ ਸਥਿਤੀ ਤੋਂ ਬਚਿਆ ਜਾ ਸਕਦਾ ਸੀ, ਪਰ ਹੁਣ ਲੋਕਾਂ ਨੂੰ ਆਪਣੀਆਂ ਬੀਮਾ ਯੋਜਨਾਵਾਂ ਛੱਡਣ ਲਈ ਮਜਬੂਰ ਕੀਤਾ ਜਾ ਰਿਹਾ ਹੈ।

ਫੈਮਿਲੀਜ਼ ਯੂ.ਐੱਸ.ਏ. ਦੇ ਕਾਰਜਕਾਰੀ ਨਿਰਦੇਸ਼ਕ ਐਂਥਨੀ ਰਾਈਟ ਅਨੁਸਾਰ, ਸ਼ੁਰੂਆਤੀ ਅੰਕੜੇ ਦਰਸਾਉਂਦੇ ਹਨ ਕਿ ਲਗਭਗ 20 ਮਿਲੀਅਨ ਲੋਕਾਂ ਲਈ ਸਾਲਾਨਾ ਪ੍ਰੀਮੀਅਮ ਔਸਤਨ 1,000 ਡਾਲਰ ਤੋਂ ਵੱਧ ਵਧਿਆ ਹੈ। ਬਹੁਤ ਸਾਰੇ ਮਾਮਲਿਆਂ ਵਿਚ, ਵਾਧਾ ਬਹੁਤ ਜ਼ਿਆਦਾ ਹੁੰਦਾ ਹੈ। ਜਿਹੜੇ ਲੋਕ ਪਹਿਲਾਂ 0 ਡਾਲਰ, 5 ਡਾਲਰ, ਜਾਂ 10 ਡਾਲਰ ਪ੍ਰਤੀ ਮਹੀਨਾ ਦਿੰਦੇ ਸਨ, ਹੁਣ ਉਨ੍ਹਾਂ ਨੂੰ ਸੈਂਕੜੇ ਡਾਲਰ ਦਾ ਭੁਗਤਾਨ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ।

ਬਜ਼ੁਰਗ ਅਮਰੀਕੀ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ, 50 ਅਤੇ 60 ਦੇ ਦਹਾਕੇ ਦੇ ਜੋੜੇ ਹੁਣ ਬੀਮੇ ਲਈ ਸਾਲਾਨਾ 10,000 ਡਾਲਰ ਅਤੇ 15,000 ਡਾਲਰ ਦੇ ਵਿਚਕਾਰ ਭੁਗਤਾਨ ਕਰਦੇ ਹਨ। ਰਾਈਟ ਨੇ ਇਸਨੂੰ ਆਮ ਪਰਿਵਾਰਾਂ ਲਈ ਬਹੁਤ ਭਾਰੀ ਬੋਝ ਦੱਸਿਆ।

ਇਹ ਬਦਲਾਅ ਮਹੱਤਵਪੂਰਨ ਹੈ ਕਿਉਂਕਿ ਮਹਾਂਮਾਰੀ ਦੌਰਾਨ ਫੈਲੇ ਟੈਕਸ ਕ੍ਰੈਡਿਟ ਪ੍ਰਣਾਲੀ ਦੇ ਤਹਿਤ, ਬੀਮਾ ਖਰਚੇ ਆਮਦਨ ਦੇ ਇੱਕ ਨਿਸ਼ਚਿਤ ਹਿੱਸੇ ਤੱਕ ਸੀਮਤ ਸਨ। ਉਹ ਗਾਰੰਟੀ ਜਨਵਰੀ ਵਿਚ ਖਤਮ ਹੋ ਗਈ, ਜਿਸ ਤੋਂ ਬਾਅਦ ਪ੍ਰੀਮੀਅਮ ਵਿਚ ਤੇਜ਼ੀ ਨਾਲ ਵਾਧਾ ਹੋਇਆ। ਹੁਣ ਤੱਕ, ਲਗਭਗ 1.4 ਮਿਲੀਅਨ ਲੋਕਾਂ ਨੇ ਜਾਂ ਤਾਂ ਕਵਰੇਜ ਛੱਡ ਦਿੱਤੀ ਹੈ ਜਾਂ ਸਸਤੀਆਂ, ਘੱਟ-ਵਿਸ਼ੇਸ਼ਤਾ ਵਾਲੀਆਂ ਯੋਜਨਾਵਾਂ ਵਿਚ ਬਦਲ ਗਏ ਹਨ।

ਬਹੁਤ ਸਾਰੇ ਲੋਕਾਂ ਨੂੰ ਜਨਵਰੀ ਵਿਚ ਮਹਿੰਗੀਆਂ ਯੋਜਨਾਵਾਂ ਦਾ ਆਪਣੇ ਆਪ ਨਵੀਨੀਕਰਨ ਕਰ ਦਿੱਤਾ ਗਿਆ ਅਤੇ ਉਨ੍ਹਾਂ ਨੂੰ ਇਹ ਅਹਿਸਾਸ ਵੀ ਨਹੀਂ ਹੋਇਆ ਕਿ ਉਹ ਨਵੇਂ ਪ੍ਰੀਮੀਅਮ ਨਹੀਂ ਦੇ ਸਕਦੇ। ਆਉਣ ਵਾਲੇ ਮਹੀਨਿਆਂ ਵਿਚ ਭੁਗਤਾਨ ਦੀ ਆਖਰੀ ਮਿਤੀ ਨੇੜੇ ਆਉਣ ’ਤੇ ਹੋਰ ਲੋਕਾਂ ਦੇ ਬੀਮਾ ਗੁਆਉਣ ਦੀ ਉਮੀਦ ਹੈ।

ਹੈਰਾਨੀ ਦੀ ਗੱਲ ਹੈ ਕਿ ਡੈਮੋਕਰੇਟ ਅਤੇ ਰਿਪਬਲਿਕਨ ਦੋਵੇਂ ਹੀ ਸਬਸਿਡੀ ਵਾਧੇ ਦਾ ਸਮਰਥਨ ਕਰਦੇ ਹਨ। ਫਿਰ ਵੀ ਕਾਂਗਰਸ ਲੀਡਰਸ਼ਿਪ ਨੇ ਇਸਦੀ ਪੈਰਵਾਈ ਕਰਨ ਦੀ ਥਾਂ, ਅਮੀਰਾਂ ਅਤੇ ਕਾਰਪੋਰੇਸ਼ਨਾਂ ਨੂੰ ਲਾਭ ਪਹੁੰਚਾਉਣ ਵਾਲੇ ਟੈਕਸ ਵਾਧੇ ਨੂੰ ਪਾਸ ਕਰ ਦਿੱਤਾ ਗਿਆ। ਜਦਕਿ ਕੰਮਕਾਜੀ ਪਰਿਵਾਰਾਂ ਲਈ ਇਸ ਸਹਾਇਤਾ ਨੂੰ ਵਧਾਉਣਾ ਇੱਕ ਆਸਾਨ ਫੈਸਲਾ ਹੋਣਾ ਚਾਹੀਦਾ ਸੀ।

ਜੇਕਰ ਸੈਨੇਟ ਹੁਣ ਕਾਰਵਾਈ ਕਰਦੀ ਹੈ, ਤਾਂ ਲੋਕਾਂ ਨੂੰ ਅਗਲੀ ਓਪਨ ਐਨਰੋਲਮੈਂਟ ਪੀਰੀਅਡ ਤੱਕ ਇੰਤਜ਼ਾਰ ਨਹੀਂ ਕਰਨਾ ਪਵੇਗਾ। ਰਾਹਤ ਸਾਲ ਦੇ ਅੱਧ ਵਿਚ ਇੱਕ ਵਿਸ਼ੇਸ਼ ਐਨਰੋਲਮੈਂਟ ਪੀਰੀਅਡ ਜਾਂ ਟੈਕਸ ਰਿਫੰਡ ਰਾਹੀਂ ਵੀ ਉਪਲਬਧ ਹੋ ਸਕਦੀ ਹੈ। ਕੁਝ ਰਾਜਾਂ ਨੇ ਸੀਮਤ ਸਹਾਇਤਾ ਪ੍ਰਦਾਨ ਕੀਤੀ ਹੈ, ਪਰ ਅਸਲ ਹੱਲ ਸਿਰਫ਼ ਸੰਘੀ ਪੱਧਰ ’ਤੇ ਹੀ ਸੰਭਵ ਹਨ।

ਮਾਹਰ ਚੇਤਾਵਨੀ ਦਿੰਦੇ ਹਨ ਕਿ ਬੀਮਾ ਕਵਰੇਜ ਘਟਣ ਨਾਲ ਹਸਪਤਾਲਾਂ ’ਤੇ ਦਬਾਅ ਵਧੇਗਾ ਅਤੇ ਸਿਸਟਮ ਭਰ ਵਿਚ ਲਾਗਤਾਂ ਵਧ ਜਾਣਗੀਆਂ। ਖਪਤਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ **Healthcare.gov** ਵਰਗੇ ਅਧਿਕਾਰਤ ਪੋਰਟਲਾਂ ’ਤੇ ਜਾ ਕੇ ਯੋਜਨਾਵਾਂ ਦੀ ਤੁਲਨਾ ਕਰਨ। ਭਾਵੇਂ ਖੁੱਲ੍ਹਾ ਦਾਖਲਾ ਖਤਮ ਹੋ ਗਿਆ ਹੈ, ਪਰ ਕਿਫਾਇਤੀ ਸਿਹਤ ਸੰਭਾਲ ਲਈ ਲੜਾਈ ਅਜੇ ਖਤਮ ਨਹੀਂ ਹੋਈ।

## ਐੱਨ.ਆਰ.ਆਈ. ਬਜ਼ੁਰਗ ਦਾ ਬੇਰਹਿਮੀ ਨਾਲ ਕਤਲ

**ਖੰਨਾ, (ਪੰਜਾਬ ਮੇਲ)**- ਇਥੋਂ ਦੇ ਨਵੀਂ ਆਬਾਦੀ ਇਲਾਕੇ ਵਿਚ ਇੱਕ ਘਰ ਦੇ ਪਖਾਨੇ



ਵਿਚੋਂ 81 ਸਾਲਾ ਐੱਨ.ਆਰ.ਆਈ. ਔਰਤ ਦੀ ਲਾਸ਼ ਬਰਾਮਦ ਹੋਈ। ਔਰਤ ਦਾ ਬੇਰਹਿਮੀ ਨਾਲ ਕਤਲ ਕੀਤਾ ਗਿਆ ਸੀ ਅਤੇ ਘਟਨਾ ਤੋਂ ਬਾਅਦ ਇਲਾਕੇ ਵਿਚ ਡਰ ਦਾ ਮਾਹੌਲ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮ੍ਰਿਤਕਾ ਦੀ ਪਹਿਚਾਣ ਜਗਪਾਲ ਕੌਰ ਵਜੋਂ ਹੋਈ ਹੈ, ਜੋ ਇੱਕ ਸੇਵਾਮੁਕਤ ਅਧਿਆਪਕਾ ਸੀ ਅਤੇ ਲੰਬੇ ਸਮੇਂ ਤੋਂ ਕੈਨੇਡਾ ਵਿਚ ਰਹਿ ਰਹੀ ਸੀ। ਜਗਪਾਲ ਕੌਰ ਅਕਤੂਬਰ 2025 ਵਿਚ ਕੈਨੇਡਾ ਤੋਂ ਭਾਰਤ ਵਾਪਸ ਆਈ ਸੀ ਅਤੇ ਅਪ੍ਰੈਲ ਵਿਚ ਕੈਨੇਡਾ ਜਾਣ ਦੀ ਤਿਆਰੀ ਕਰ ਰਹੀ ਸੀ। ਉਹ ਖੰਨਾ ਨਵੀਂ ਅਬਾਦੀ ਆਪਣੇ ਘਰ ਵਿਚ ਇਕੱਲੀ ਰਹਿ ਰਹੀ ਸੀ। ਜਦੋਂ ਘਰ ਅੰਦਰੋਂ ਤੇਜ਼ ਬਦਬੂ ਆਉਣ ਲੱਗੀ ਤਾਂ ਲੋਕਾਂ ਨੂੰ ਸ਼ੱਕ ਹੋਇਆ ਅਤੇ ਉਨ੍ਹਾਂ ਤੁਰੰਤ ਪੁਲਿਸ ਨੂੰ ਸੂਚਿਤ ਕੀਤਾ। ਮੌਕੇ ’ਤੇ ਪੁੱਜੀ ਪੁਲਿਸ ਨੇ ਦਰਵਾਜ਼ਾ ਖੋਲ੍ਹਿਆ ਤਾਂ ਅੰਦਰ ਹੱਥ-ਪੈਰ ਬੰਨ੍ਹੀ ਲਾਸ਼ ਬਰਾਮਦ ਹੋਈ, ਜਿਸ ਨੂੰ ਦੇਖ ਕੇ ਸਪੱਸ਼ਟ ਹੁੰਦਾ ਹੈ ਕਿ ਇਹ ਕਤਲ ਇੱਕ ਯੋਜਨਾਬੱਧ ਢੰਗ ਨਾਲ ਕੀਤਾ ਗਿਆ ਸੀ। ਪੁਲਿਸ ਨੇ ਸਬੂਤ ਇਕੱਠੇ ਕਰਨ ਲਈ ਇੱਕ ਫੋਰੈਂਸਿਕ ਟੀਮ ਨੂੰ ਘਟਨਾ ਸਥਾਨ ’ਤੇ ਬੁਲਾਇਆ ਅਤੇ ਸੁਰਾਗ ਲੱਭਣ ਲਈ ਨੇੜੇ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਜਾਂਚ ਕੀਤੀ ਜਾ ਰਹੀ ਹੈ। ਮ੍ਰਿਤਕਾ ਦੇ ਰਿਸ਼ਤੇਦਾਰਾਂ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਘਰ ਦੇ ਉਪਰਲੇ ਹਿੱਸੇ ਵਿਚ ਰਹਿੰਦੇ ਕਿਰਾਏਦਾਰ ਚਲੇ ਗਏ ਸਨ, ਜਿਸ ਕਾਰਨ ਜਗਪਾਲ ਕੌਰ ਘਰ ਵਿਚ ਇਕੱਲੀ ਰਹਿੰਦੀ ਸੀ। ਐੱਸ.ਪੀ. ਪਵਨਜੀਤ ਚੌਧਰੀ ਨੇ ਕਿਹਾ ਕਿ ਪੁਲਿਸ ਇਸ ਮਾਮਲੇ ਦੀ ਹਰ ਪਹਿਲੂ ਦੀ ਵੀ ਜਾਂਚ ਕਰ ਰਹੀ ਹੈ, ਜਲਦ ਹੀ ਕਾਤਲਾਂ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ।

# ਵਿੱਤੀ ਸਾਲ 2027 ਲਈ ਐੱਚ-1ਬੀ ਕੈਪ ਰਜਿਸਟ੍ਰੇਸ਼ਨ 4 ਮਾਰਚ ਤੋਂ ਹੋਵੇਗੀ ਸ਼ੁਰੂ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕੀ ਇਮੀਗ੍ਰੇਸ਼ਨ ਏਜੰਸੀ ਯੂ.ਐੱਸ.ਸੀ.ਆਈ.ਐੱਸ. ਨੇ ਸੂਚਿਤ ਕੀਤਾ ਹੈ ਕਿ ਵਿੱਤੀ ਸਾਲ 2027 ਲਈ ਐੱਚ-1ਬੀ ਵੀਜ਼ਾ ਕੈਪ ਰਜਿਸਟ੍ਰੇਸ਼ਨ ਪ੍ਰਕਿਰਿਆ 4 ਮਾਰਚ ਤੋਂ 19 ਮਾਰਚ ਤੱਕ ਚੱਲੇਗੀ। ਇਸ ਸਮੇਂ ਦੌਰਾਨ, ਐੱਚ-1ਬੀ ਵੀਜ਼ਾ ਲਈ ਅਰਜ਼ੀ ਦੇਣ ਵਾਲੇ ਮਾਲਕਾਂ ਨੂੰ ਔਨਲਾਈਨ ਰਜਿਸਟਰ ਕਰਨਾ ਹੋਵੇਗਾ। ਯੂ.ਐੱਸ.ਸੀ.ਆਈ.ਐੱਸ. ਦੇ ਅਨੁਸਾਰ, ਮਾਲਕਾਂ ਅਤੇ ਉਨ੍ਹਾਂ ਦੇ ਪ੍ਰਤੀਨਿਧੀਆਂ ਜੋ ਐੱਚ-1ਬੀ ਸੀਮਾ ਦੇ ਅਧੀਨ ਆਉਂਦੇ ਹਨ, ਉਨ੍ਹਾਂ ਨੂੰ ਯੂ.ਐੱਸ.ਸੀ.ਆਈ.ਐੱਸ. ਔਨਲਾਈਨ ਖਾਤੇ ਰਾਹੀਂ ਹਰੇਕ ਲਾਭਪਾਤਰੀ ਲਈ ਰਜਿਸਟਰ ਕਰਨਾ ਲਾਜ਼ਮੀ ਹੈ।

ਯੂ.ਐੱਸ.ਸੀ.ਆਈ.ਐੱਸ. ਨੇ ਕਿਹਾ ਹੈ ਕਿ ਪ੍ਰਤੀਨਿਧੀ (ਵਕੀਲ, ਆਦਿ) ਕਿਸੇ ਵੀ ਸਮੇਂ ਆਪਣੇ ਖਾਤਿਆਂ ਵਿਚ ਕੰਪਨੀਆਂ ਨੂੰ ਜੋੜ ਸਕਦੇ ਹਨ, ਪਰ ਲਾਭਪਾਤਰੀ ਦੀ ਜਾਣਕਾਰੀ 4 ਮਾਰਚ ਤੋਂ ਪਹਿਲਾਂ ਦਰਜ ਨਹੀਂ ਕੀਤੀ ਜਾ ਸਕਦੀ। ਚੁਣੇ ਗਏ ਬਿਨੈਕਾਰਾਂ ਨੂੰ 31 ਮਾਰਚ ਤੱਕ ਯੂ.ਐੱਸ.ਸੀ.ਆਈ.ਐੱਸ. ਔਨਲਾਈਨ ਖਾਤੇ ਵਿਚ ਸੂਚਿਤ ਕੀਤਾ ਜਾਵੇਗਾ।

ਸਿਰਫ਼ ਉਹ ਮਾਲਕ ਜਿਨ੍ਹਾਂ ਦੀਆਂ ਰਜਿਸਟ੍ਰੇਸ਼ਨਾਂ ਚੁਣੀਆਂ ਗਈਆਂ ਹਨ, ਉਹ ਪੂਰੀ ਐੱਚ-1ਬੀ ਪਟੀਸ਼ਨ ਦਾਇਰ ਕਰਨ ਦੇ ਯੋਗ ਹੋਣਗੇ। ਇਸ ਵਿਚ ਮਾਸਟਰ ਡਿਗਰੀ ਕੋਟੇ (ਐਡਵਾਂਸਡ ਡਿਗਰੀ ਛੋਟ) ਅਧੀਨ ਅਰਜ਼ੀਆਂ ਵੀ ਸ਼ਾਮਲ ਹਨ।

ਐੱਚ-1ਬੀ ਵੀਜ਼ਾ ਪ੍ਰੋਗਰਾਮ ਦੇ ਤਹਿਤ, ਅਮਰੀਕੀ ਕੰਪਨੀਆਂ ਵਿਦੇਸ਼ੀ ਪੇਸ਼ੇਵਰਾਂ ਨੂੰ ਅਸਥਾਈ ਤੌਰ ’ਤੇ ਨੌਕਰੀ ’ਤੇ ਰੱਖਦੀਆਂ ਹਨ। ਹਰ ਸਾਲ ਕੁੱਲ 85,000 ਵੀਜ਼ੇ ਜਾਰੀ ਕੀਤੇ ਜਾਂਦੇ ਹਨ, ਜਿਨ੍ਹਾਂ ਵਿਚੋਂ 65,000 ਜਨਰਲ ਕੋਟੇ ਵਿਚ ਅਤੇ 20,000 ਅਮਰੀਕੀ ਮਾਸਟਰ ਡਿਗਰੀ ਧਾਰਕਾਂ ਲਈ ਰਾਖਵੇਂ ਹਨ। ਮੰਗ ਆਮ ਤੌਰ ’ਤੇ ਉਪਲਬਧ ਵੀਜ਼ਾ ਦੀ ਗਿਣਤੀ ਤੋਂ ਕਿਤੇ ਵੱਧ ਹੁੰਦੀ ਹੈ।

ਵਿੱਤੀ ਸਾਲ 2027 ਤੋਂ ਐੱਚ-1ਬੀ ਚੋਣ ਪ੍ਰਕਿਰਿਆ ਨੂੰ ਬਦਲ ਦਿੱਤਾ ਗਿਆ ਹੈ। ਜੇਕਰ ਰਜਿਸਟ੍ਰੇਸ਼ਨਾਂ ਦੀ ਗਿਣਤੀ ਨਿਰਧਾਰਤ ਸੀਮਾ ਤੋਂ ਵੱਧ ਜਾਂਦੀ ਹੈ, ਤਾਂ ਯੂ.ਐੱਸ.ਸੀ.ਆਈ.ਐੱਸ. ਇੱਕ ਚੋਣ ਪ੍ਰਣਾਲੀ ਅਪਣਾਏਗਾ ਅਤੇ ਸਰਕਾਰੀ ਤਨਖਾਹ ਡੇਟਾ ਦੇ ਅਧਾਰ ਤੇ ਉੱਚ-ਤਨਖਾਹ ਵਾਲੇ ਅਹੁਦਿਆਂ ਲਈ ਅਰਜ਼ੀਆਂ ਨੂੰ ਤਰਜੀਹ ਦੇਵੇਗਾ।

ਯੂ.ਐੱਸ.ਸੀ.ਆਈ.ਐੱਸ. ਨੇ ਇਹ ਵੀ ਕਿਹਾ ਕਿ 19 ਸਤੰਬਰ, 2025 ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਜਾਰੀ ਕੀਤੇ ਗਏ ਇੱਕ ਆਦੇਸ਼ ਦੇ ਤਹਿਤ, ਕੁਝ ਮਾਮਲਿਆਂ ਵਿਚ ਐੱਚ-1ਬੀ ਪਟੀਸ਼ਨ ਦਾਇਰ ਕਰਨ ਤੋਂ ਪਹਿਲਾਂ 100,000 ਡਾਲਰ ਦੀ ਵਾਧੂ ਫੀਸ ਅਦਾ ਕਰਨ ਦੀ ਲੋੜ ਹੋ ਸਕਦੀ ਹੈ। ਹਾਲਾਂਕਿ, ਇਹ ਹਰ ਕਿਸੇ ’ਤੇ ਨਹੀਂ, ਪਰ ਸਿਰਫ਼ ਉਨ੍ਹਾਂ ਸ਼ਰਤਾਂ ’ਤੇ ਲਾਗੂ ਹੋਵੇਗਾ, ਜੋ ਆਦੇਸ਼ ਵਿਚ ਨਿਰਧਾਰਤ ਕੀਤੀਆਂ ਗਈਆਂ ਹਨ।

Global Allianz
ਕਾਨੂੰਨੀ ਸਲਾਹਾਂ
LAW FIRM LLP
ਇਮੀਗਰੇਸ਼ਨ ਸੇਵਾਵਾਂ
ਘਰੇਲੂ ਹਿੰਸਾ ਦੇ ਕੇਸ
ਨਸ਼ਾ ਕਰਕੇ ਗੱਡੀ ਚਲਾਉਣਾ
ਕੰਮ ’ਤੇ ਸੱਟ ਲਗਣਾ
Asylum & Deportation Defense



Atul Kapoor
C.E.O



Neat Allen Sawyer
Attorney at law

Designed By Punjab Mail USA
555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਪੰਜਾਬ ਫੇਰੀ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਸੰਤ ਨਿਰੰਜਨ ਦਾਸ ਤੋਂ ਲਿਆ ਆਸ਼ੀਰਵਾਦ







**ਜਲੰਧਰ, (ਪੰਜਾਬ ਮੇਲ)-** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜਾਬ ਦੌਰੇ ’ਤੇ ਪਹੁੰਚੇ। ਜਲੰਧਰ ਵਿਖੇ ਆਦਮਪੁਰ ਏਅਰਪੋਰਟ ’ਤੇ ਪਹੁੰਚਣ ਮਗਰੋਂ ਇਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਲਵਾਰਾ ਏਅਰਪੋਰਟ ਦਾ ਵਰਚੁਅਲ ਉਦਘਾਟਨ ਕੀਤਾ ਅਤੇ ਇਥੋਂ ਪ੍ਰਧਾਨ ਮੰਤਰੀ ਮੋਦੀ ਡੇਰਾ ਸੱਚਖੰਡ ਬੱਲਾਂ ਵਿਖੇ ਨਤਮਸਤਕ ਹੋਣ ਲਈ ਰਵਾਨਾ ਹੋਏ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 649ਵੇਂ ਪ੍ਰਕਾਸ਼ ਪੁਰਬ ਮੌਕੇ ਜਲੰਧਰ ਦੇ ਡੇਰਾ ਸਚਖੰਡ ਬੱਲਾਂ ਵਿਖੇ ਨਤਮਸਤਕ ਹੋ ਕੇ ਵੱਡੇ ਐਲਾਨ ਵੀ ਕੀਤੇ। ਇਸ ਦੌਰਾਨ ਉਨ੍ਹਾਂ ਸੰਤ ਨਿਰੰਜਨ ਦਾਸ ਦੇ ਪੈਰੀਂ ਹਥ ਲਾ ਕੇ ਉਨ੍ਹਾਂ ਤੋਂ ਆਸ਼ੀਰਵਾਦ ਲਿਆ।

ਇਸ ਮੌਕੇ ਉਨ੍ਹਾਂ ਆਪਣੇ ਭਾਸ਼ਣ ਦੀ ਸ਼ੁਰੂਆਤ ਪੰਜਾਬੀ ’ਚ ਕੀਤੀ। ਇਸ ਦੌਰਾਨ ਉਨ੍ਹਾਂ ਕਿਹਾ ਕਿ ਮੇਰਾ ਰਿਸ਼ਤਾ ਗੁਰੂ ਰਵਿਦਾਸ ਜੀ ਦੀ ਜਨਮ ਭੂਮੀ ਕਾਸ਼ੀ ਨਾਲ ਹੈ। ਕਾਸ਼ੀ ਵਿਚ ਮਾਂ ਗੰਗਾ ਦੀ ਉਹ ਧਾਰਾ ਹੈ, ਜਿਸ ਨੂੰ ਸਾਕਸ਼ੀ ਕਰਕੇ ਗੁਰੂ ਰਵਿਦਾਸ ਜੀ ਨੇ ਕਿਹਾ ‘ਮੰਨ ਚੰਗਾ ਤਾਂ ਕਠੋਤੀ ਵਿਚ ਗੰਗਾ’। ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੱਡਾ ਐਲਾਨ ਕਰਦੇ ਹੋਏ ਕਿਹਾ ਕਿ ਹੁਣ ਤੋਂ ਆਦਮਪੁਰ ਏਅਰਪੋਰਟ ਦਾ ਨਾਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ ਨਾਲ ਜਾਣਿਆ ਜਾਵੇਗਾ। ਇਸ ਮੌਕੇ ਉਨ੍ਹਾਂ ਨੇ ਆਦਮਪੁਰ ਏਅਰਪੋਰਟ ਦਾ ਨਾਂ ਬਦਲ ਕੇ ‘ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਏਅਰਪੋਰਟ’ ਰੱਖਣ ਅਤੇ ਹਲਵਾਰਾ ਏਅਰਪੋਰਟ ਦੀ ਨਵੀਂ ਟਰਮੀਨਲ ਬਿਲਡਿੰਗ ਦੇ ਉਦਘਾਟਨ ਦੀ ਵਧਾਈ ਦਿੱਤੀ।

ਪ੍ਰਧਾਨ ਮੰਤਰੀ ਨੇ ਡੇਰਾ ਮੁਖੀ ਸੰਤ ਨਿਰੰਜਨ ਦਾਸ ਜੀ ਮਹਾਰਾਜ ਨੂੰ ਪਦਮ ਸ਼੍ਰੀ ਨਾਲ ਸਨਮਾਨਤ ਕੀਤੇ ਜਾਣ ਨੂੰ ਸੰਤ ਪ੍ਰੰਪਰਾ ਦਾ ਮਾਣ ਦੱਸਿਆ। ਉਨ੍ਹਾਂ ਕਿਹਾ ਕਿ ਕਾਸ਼ੀ (ਵਾਰਾਣਸੀ) ਦੇ ਸੰਸਦ ਮੈਂਬਰ ਵਜੋਂ ਉਨ੍ਹਾਂ ਦਾ ਗੁਰੂ ਰਵਿਦਾਸ ਜੀ ਦੀ ਜਨਮ ਭੂਮੀ ਨਾਲ ਡੂੰਘਾ ਰਿਸ਼ਤਾ ਹੈ। ਉਨ੍ਹਾਂ ਭਾਵੁਕ ਹੁੰਦਿਆਂ ਦੱਸਿਆ ਮੇਰੇ ਜਨਮ ਦਿਨ ਮੌਕੇ ਡੇਰਾ ਸੱਚਖੰਡ ਬੱਲਾਂ ’ਚ ਅਰਦਾਸ ਕੀਤੀ ਗਈ ਸੀ, ਜੋ ਕਿ ਮੇਰੇ ਲਈ ਇਹ ਬਹੁਤ ਵੱਡੀ ਗੱਲ ਹੈ। ਗੁਰੂ ਰਵਿਦਾਸ ਜੀ ਸਾਡੇ ਸਾਰਿਆਂ ਲਈ ਪ੍ਰੇਰਣਾ ਸਰੋਤ ਹਨ। ਉਨ੍ਹਾਂ ਕਿਹਾ ਕਿ ਸੇਵਾ ਕਾਰਜ ਵੇਖ ਕੇ ਸੰਤ ਨਿਰੰਜਨ ਦਾਸ ਅੱਗੇ ਸਿਰ ਝੁਕਦਾ ਹੈ। ਇਸ ਦੌਰਾਨ ਸੱਦਾ ਦੇਣ ਲਈ ਡੇਰਾ ਬੱਲਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸੰਤ ਨਿਰੰਜਨ ਦਾਸ ਦੀ ਅਗਵਾਈ ਵਿਚ ਦੁਨੀਆਂ ਦੇ ਕਈ ਦੇਸ਼ਾਂ ਵਿਚ ਗੁਰੂ ਰਵਿਦਾਸ ਦੇ ਵਿਚਾਰਾਂ ਦਾ ਪ੍ਰਸਾਰ ਹੋ ਰਿਹਾ। ਸ਼ਲਾਘਾਯੋਗ ਕੰਮਾਂ ਲਈ ਸੰਤ ਨਿਰੰਜਨ ਦਾਸ ਨੂੰ ਪਦਮ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ।

ਪ੍ਰਧਾਨ ਮੰਤਰੀ ਨਰਿੰਦਰ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਨੂੰ 600 ਸਾਲ ਤੋਂ ਵੱਧ ਸਮਾਂ ਹੋਇਆ, ਉਸ ਦੌਰ ਵਿਚ ਭਾਰਤ ਨੇ ਕਿੰਨੇ ਵਿਦੇਸ਼ੀ ਹਮਲੇ ਝੱਲੇ, ਕਿੰਨੀ ਹਿੰਸਾ ਅਤੇ ਅਸਥਿਰਤਾ ਝੱਲੀ, ਇਕ ਪਾਸੇ ਬਾਹਰੀ ਹਮਲੇ ਅਤੇ ਦੂਜੇ ਪਾਸੇ ਅੰਦਰੂਨੀ ਚੁਣੌਤੀਆਂ, ਅਜਿਹੇ ਔਖੇ ਸਮੇਂ ਵਿਚ ਕਾਸ਼ੀ ਵਿਚ ਰਵਿਦਾਸ ਜੀ ਵਰਗੇ ਸੰਤ ਦਾ ਜਨਮ ਹੋਇਆ। ਉਨ੍ਹਾਂ ਨੇ ਸਮਾਜ ਨੂੰ ਝੰਜੋੜਿਆ ਅਤੇ ਸਿਖਾਇਆ ਕਿ ਇਕ ਹੀ ਮਿੱਟੀ ਦੇ ਸਾਰੇ ਭਾਂਡੇ, ਤੇ ਸਾਰਿਆਂ ਦਾ ਇਕੋ ਸਿਰਜਣ ਹਾਰ। ਗੁਰੂ ਰਵਿਦਾਸ ਜੀ ਦੀਆਂ ਸਿੱਖਿਆ ਨਾਲ ਸਮਾਜ ਵਿਚ ਨਵੀਂ ਚੇਤਨਾ ਜਾਗੀ, ਭਾਰਤ ਦੇ ਸਮਾਜ ਨੇ ਆਪਣੀਆਂ ਕਮਜ਼ੋਰੀਆਂ ਨੂੰ ਪਛਾਣਿਆ ਅਤੇ ਉਨ੍ਹਾਂ ਨੂੰ ਦੂਰ ਕੀਤਾ। ਪੰਜਾਬ ਵਿਚ ਲੱਖਾਂ ਲੋਕਾਂ ਸੰਤ ਰਵਿਦਾਸ ਦੇ ਆਦਰਸ਼ਾਂ ’ਤੇ ਚੱਲ ਕੇ ਆਪਣਾ ਜੀਵਨ ਸਵਾਰਿਆ। ਮੈਂ ਗੁਰੂ ਰਵਿਦਾਸ ਜੀ ਦੇ ਨਮਨ ਕਰਦਾ ਹਾਂ। ਮੇਰਾ ਸੰਤ ਰਵਿਦਾਸ ਜੀ ਨਾਲ ਡੂੰਘਾ ਨਾਤਾ ਹੈ। ਡੇਰਾ ਸੱਚਖੰਡ ਬੱਲਾਂ ਆਉਣਾ ਮੇਰੇ ਲਈ ਖ਼ੁਸ਼ਕਿਸਮਤੀ ਹੈ।

## ਪ੍ਰਧਾਨ ਮੰਤਰੀ ਮੋਦੀ ਵੱਲੋਂ ਹਲਵਾਰਾ ਏਅਰਪੋਰਟ ਦਾ ਉਦਘਾਟਨ

**■ ਮਾਰਚ ਦੇ ਪਹਿਲੇ ਹਫ਼ਤੇ ਸ਼ੁਰੂ ਹੋਣਗੀਆਂ ਉਡਾਣਾਂ**



**ਲੁਧਿਆਣਾ/ਚੰਡੀਗੜ੍ਹ, (ਪੰਜਾਬ ਮੇਲ)-** ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਪੁਰਬ ਮੌਕੇ ਪੰਜਾਬੀਆਂ ਨੂੰ ਵੱਡਾ ਤੋਹਫ਼ਾ ਮਿਲਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਇਕ ਫਰਵਰੀ ਨੂੰ ਹਲਵਾਰਾ ਵਿਖੇ ਨਵੀਂ ਤਿਆਰ ਕੀਤੀ ਟਰਮੀਨਲ ਇਮਾਰਤ ਦਾ ਵਰਚੁਅਲ ਉਦਘਾਟਨ ਕਰ ਦਿੱਤਾ ਗਿਆ ਹੈ। ਇਸ ਨਾਲ ਪੰਜਾਬ ਨੂੰ ਇਕ ਹੋਰ ਹਵਾਈ ਅੱਡਾ ਮਿਲ ਗਿਆ ਹੈ। ਇਸ ਤੋਂ ਬਾਅਦ ਹੁਣ ਲੁਧਿਆਣਾ ਦੇ ਉਦਯੋਗ ਜਗਤ ਨੂੰ ਹੁਲਾਰਾ ਮਿਲੇਗਾ ਅਤੇ ਵਿਦੇਸ਼ਾਂ ’ਚ ਜਾਂ ਦਿੱਲੀ, ਮੁੰਬਈ ਅਤੇ ਕੋਲਕਾਤਾ ਵਰਗੇ ਹੋਰ ਰਾਜਾਂ ’ਚ ਜਾਣ ਵਾਲੇ ਲੋਕਾਂ ਨੂੰ ਬਹੁਤ ਵੱਡੀ ਸਹੂਲਤ ਮਿਲੇਗੀ।

ਦੱਸਿਆ ਜਾ ਰਿਹਾ ਹੈ ਕਿ ਉਦਘਾਟਨ ਦੇ ਇਕ ਮਹੀਨੇ ਬਾਅਦ ਇਸ ਹਵਾਈ ਅੱਡੇ ਤੋਂ ਉਡਾਣਾਂ ਮਾਰਚ ਦੇ ਪਹਿਲੇ ਹਫ਼ਤੇ ਸ਼ੁਰੂ ਹੋ ਜਾਣਗੀਆਂ। ਦੱਸਣਯੋਗ ਹੈ ਕਿ ਲੁਧਿਆਣਾ ’ਚ ਸਥਿਤ ਹਲਵਾਰਾ ’ਚ ਭਾਰਤੀ ਹਵਾਈ ਫ਼ੌਜ ਦਾ ਇਕ ਰਣਨੀਤਕ ਰੂਪ ’ਚ ਅਹਿਮ ਸਟੇਸ਼ਨ ਵੀ ਹੈ। ਲੁਧਿਆਣਾ ’ਚ ਪਹਿਲੇ ਹਵਾਈ ਅੱਡੇ ਦਾ ਰਨਵੇ ਮੁਕਾਬਲਤਨ ਛੋਟਾ ਸੀ, ਜੋ ਛੋਟੇ ਆਕਾਰ ਦੇ ਜਹਾਜ਼ਾਂ ਲਈ ਪ੍ਰਯੋਗ ਹੁੰਦਾ ਸੀ। ਵੱਡੇ ਜਹਾਜ਼ਾਂ ਦੇ ਉਤਾਰਨ ਲਈ ਹਲਵਾਰਾ ’ਚ ਇਕ ਨਵਾਂ ਸਿਵਲ ਇਨਕਲੇਵ ਵਿਕਸਿਤ ਕੀਤਾ ਗਿਆ ਹੈ, ਜਿਸ ਦਾ ਰਨਵੇਅ ਲੰਬਾ ਹੈ।

ਲੁਧਿਆਣਾ ਨੂੰ ਲੰਬੇ ਇੰਤਜ਼ਾਰ ਤੋਂ ਬਾਅਦ ਏਅਰਪੋਰਟ ਦੀ ਸੁਵਿਧਾ ਮਿਲੀ ਹੈ ਕਿਉਂਕਿ ਸਾਹਨੇਵਾਲ ਏਅਰਪੋਰਟ ਤੋਂ ਪਿਛਲੇ ਕਰੀਬ ਇਕ ਦਹਾਕੇ ਤੋਂ ਇਕ ਵਾਰ ਵੀ ਰੈਗੂਲਰ ਫਲਾਈਟ ਨਹੀਂ ਚੱਲ ਸਕੀ, ਜਿਸ ਦੀ ਵਜ੍ਹਾ ਲੋ-ਵਿਜ਼ੀਬਿਲਟੀ ਦੇ ਨਾਲ ਇਨਫ੍ਰਾਸਟਰੱਕਚਰ ਦੀ ਕਮੀ ਨੂੰ ਦੱਸਿਆ ਗਿਆ, ਜਿਸ ਦੇ ਮੱਦੇਨਜ਼ਰ ਹਲਵਾਰਾ ’ਚ ਡਿਫੈਂਸ ’ਤੇ ਸਿਵਲ ਏਅਰਪੋਰਟ ਬਣਾਉਣ ਦਾ ਫ਼ੈਸਲਾ ਕੀਤਾ ਗਿਆ। ਇਸ ਦਾ ਟਰਮੀਨਲ ਡੈੱਡਲਾਈਨ ਖ਼ਤਮ ਹੋਣ ਤੋਂ ਕਰੀਬ 3 ਸਾਲ ਬਾਅਦ ਪੂਰੀ ਤਰ੍ਹਾਂ ਨਾਲ ਤਿਆਰ ਹੋ ਗਿਆ ਹੈ, ਜਿੱਥੇ ਫਲਾਈਟ ਸ਼ੁਰੂ ਹੋਣ ’ਤੇ ਲੁਧਿਆਣਾ ਦੀ ਇੰਡਸਟਰੀ ਨੂੰ ਕਾਫੀ ਸਹੂਲਤ ਮਿਲੇਗੀ।

## ਜਲੰਧਰ, ਲੁਧਿਆਣਾ ਤੇ ਹੁਸ਼ਿਆਰਪੁਰ ਬਣਨਗੇ ਵਿਕਾਸ ਦੇ ਕੇਂਦਰ




**ਜਲੰਧਰ, (ਪੰਜਾਬ ਮੇਲ)-** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜਾਬ ਦੌਰੇ ’ਤੇ ਪਹੁੰਚੇ, ਜਿੱਥੇ ਉਨ੍ਹਾਂ ਡੇਰਾ ਸੱਚਖੰਡ ਬੱਲਾਂ ਵਿਖੇ ਨਮਸਤਕ ਹੋ ਕੇ ਸੰਤ ਨਿਰੰਜਨ ਦਾਸ ਜੀ ਆਸ਼ੀਰਵਾਦ ਲਿਆ। ਇਸ ਦੌਰਾਨ ਉਨ੍ਹਾਂ ਆਦਮਪੁਰ ਏਅਰਪੋਰਟ ਦਾ ਨਾਮ ਬਦਲਣ ਦਾ ਰਸਮੀ ਐਲਾਨ ਕਰਦੇ ਹੋਏ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਮੌਕੇ ਆਦਮਪੁਰ ਏਅਰਪੋਰਟ ਦੇ ਨਾਂ ਦਾ ਨਾਮਕਰਨ ਕੀਤਾ ਗਿਆ ਹੈ। ਹੁਣ ਆਦਮਪੁਰ ਏਅਰਪੋਰਟ ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ ਨਾਲ ਜਾਣਿਆ ਜਾਵੇਗਾ।

ਇਸ ਦੇ ਨਾਲ ਹੀ ਉਨ੍ਹਾਂ ਵਿੱਤ ਮੰਤਰੀ ਨਿਰਮਲਾ ਸੀਤਰਮਨ ਵੱਲੋਂ ਪੇਸ਼ ਕੀਤੇ ਗਏ ਬਜਟ ’ਤੇ ਵੀ ਅਹਿਮ ਗੱਲਾਂ ਸਾਂਝੀਆਂ ਕੀਤੀਆਂ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੱਡਾ ਐਲਾਨ ਹੋਏ ਕਿਹਾ ਕਿ ਜਲੰਧਰ, ਲੁਧਿਆਣਾ ਤੇ ਹੁਸ਼ਿਆਰਪੁਰ ਵਿਕਾਸ ਦੇ ਕੇਂਦਰ ਬਣਨਗੇ। ਉਨ੍ਹਾਂ ਕਿਹਾ ਕਿ ਬਜਟ ’ਚ ਜਲੰਧਰ, ਲੁਧਿਆਣਾ ਤੇ ਹੁਸ਼ਿਆਰਪੁਰ ਨੂੰ ਵਿਕਾਸ ਦਾ ਕੇਂਦਰ ਬਣਾਉਣ ਦਾ ਟੀਚਾ ਰੱਖਿਆ ਗਿਆ ਹੈ। ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੀਤੀ ਅਪੀਲ ਸਾਨੂੰ ਆਪਣੇ ਪ੍ਰੋਡਕਟ ਦੀ ਕੁਆਲਿਟੀ ’ਤੇ ਜ਼ੋਰ ਦੇਣਾ ਹੋਵੇਗਾ। ਬਜਟ ’ਤੇ ਬੋਲਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਬਜਟ ਨਾਲ ਸਾਰਿਆਂ ਨੂੰ ਫਾਇਦਾ ਹੋਵੇਗਾ। ਬਜਟ ਗ਼ਰੀਬ, ਕਿਸਾਨਾਂ ਅਤੇ ਨੌਜਵਾਨਾਂ ਨੂੰ ਹੋਰ ਮਜ਼ਬੂਤ ਬਣਾਏਗਾ। ਬਜਟ ਮਹਿਲਾ ਸ਼ਕਤੀ ਨੂੰ ਹੋਰ ਮਜ਼ਬੂਤ ਕਰੇਗਾ। ਇਹ ਕਿਸਾਨਾਂ ਦੀ ਆਦਮਨ ਵਧਾਉਣ ਵਾਲਾ ਬਜਟ ਹੈ। ਪਿਛਲੇ ਇਕ ਦਹਾਕੇ ਵਿਚ ਭਾਰਤ ਦਾ ਐਕਸਪੋਰਟ ਵਧਿਆ ਹੈ। ਬਜਟ ਦਾ ਇਕ ਹੋਰ ਫੋਕਸ ਸਪੋਰਟਸ ’ਤੇ ਹੈ। ਖੇਡੋ ਇੰਡੀਆ ਮਿਸ਼ਨ ਪੰਜਾਬ ਲਈ ਇਕ ਵੱਡਾ ਮੌਕਾ ਲੈ ਕੇ ਆਵੇਗਾ।

ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਿਹ



ਧੰਨ ਧੰਨ

# ਸਤਿਗੁਰੂ ਰਵਿਦਾਸ ਮਹਾਰਾਜ ਜੀ

## ਦੇ 649ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ

# 26ਵਾਂ ਮਹਾਨ ਨਗਰ ਕੀਰਤਨ

## 8 ਮਾਰਚ 2026, ਦਿਨ ਐਤਵਾਰ



ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਉਲਿੰਡਾ (ਸੈਕਰਾਮੈਂਟੋ) ਵਿਖੇ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸਜਾਇਆ ਜਾ ਰਿਹਾ ਹੈ।

### ਪ੍ਰੋਗਰਾਮ

- ਸੁਕਰਵਾਰ 6 ਮਾਰਚ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ।
- ਸਨੀਵਾਰ 7 ਮਾਰਚ ਨੂੰ ਸਵੇਰ 10 ਵਜੇ ਤੋਂ ਰਾਤ 10 ਵਜੇ ਤੱਕ ਕੀਰਤਨ ਦੀਵਾਨ ਸਜਾਏ ਜਾਣਗੇ। ਇਸੇ ਦੌਰਾਨ ਬਾਅਦ ਦੁਪਹਿਰ 4 ਵਜੇ ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ।
- ਐਤਵਾਰ 8 ਮਾਰਚ ਨੂੰ ਰੱਖੇ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ 26ਵਾਂ ਮਹਾਨ ਨਗਰ ਕੀਰਤਨ ਸਵੇਰੇ 11 ਵਜੇ ਤੋਂ ਸਾਮ 5 ਵਜੇ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆ ਦੀ ਅਗਵਾਈ ਵਿਚ ਸਜਾਇਆ ਜਾਵੇਗਾ।
- ਪੰਥ ਪ੍ਰਸਿੱਧ ਰਾਗੀ ਭਾਈ ਸਤਵਿੰਦਰ ਸਿੰਘ, ਭਾਈ ਹਰਵਿੰਦਰ ਸਿੰਘ (ਦਿੱਲੀ ਵਾਲੇ), ਭਾਈ ਕਰਨਜੀਤ ਸਿੰਘ ਖ਼ਾਲਸਾ (ਮਰਹੂਮ ਭਾਈ ਨਿਰਮਲ ਸਿੰਘ ਖ਼ਾਲਸਾ ਦੇ ਭਤੀਜਾ), ਗੁਰੂਘਰ ਦਾ ਹਜ਼ੂਰੀ ਰਾਗੀ ਜਥਾ ਅਤੇ ਹੋਰ ਅਨੇਕਾਂ ਰਾਗੀ, ਢਾਡੀ, ਕੀਰਤਨੀ ਜੱਥੇ ਤਿੰਨੋਂ ਦਿਨ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕਰਨਗੇ।

ਆਪ ਜੀ ਨੂੰ ਪਰਿਵਾਰਾਂ ਸਮੇਤ ਇਨ੍ਹਾਂ ਸਮਾਗਮਾਂ ਵਿਚ ਹਾਜ਼ਰੀ ਭਰਨ ਦੀ ਬੇਨਤੀ ਕੀਤੀ ਜਾਂਦੀ ਹੈ।

## ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ, ਸੈਕਰਾਮੈਂਟੋ

6221 16th Street Rio Linda, CA 95673

ਗੁਰੂਘਰ ਦਾ ਫੋਨ : 916-992-1710

Designed by : Punjab Mail USA

# ਅਮਰੀਕਾ 'ਚ ਅੰਸ਼ਿਕ ਸਰਕਾਰੀ ਸ਼ਟਡਾਊਨ ਲਾਗੂ !

**ਵਾਸ਼ਿੰਗਟਨ, (ਪੰਜਾਬ ਮੇਲ)-** ਇਕ ਪਾਸੇ ਅਮਰੀਕਾ ਈਰਾਨ ਨਾਲ ਜੰਗ ਦੀ ਤਿਆਰੀ 'ਚ ਲੱਗਾ ਹੋਇਆ ਹੈ, ਉੱਥੇ ਹੀ ਦੇਸ਼ ICE ਅਧਿਕਾਰੀਆਂ ਖ਼ਿਲਾਫ਼ ਪ੍ਰਦਰਸ਼ਨਾਂ ਦਾ ਸੇਕ ਝੱਲ ਰਿਹਾ ਹੈ। ਇਸੇ ਤਣਾਅਪੂਰਨ ਸਥਿਤੀ ਦੌਰਾਨ ਅਮਰੀਕਾ ਵਿਚ ਸ਼ਨੀਵਾਰ ਤੜਕੇ ਤੋਂ ਅੰਸ਼ਿਕ ਸਰਕਾਰੀ ਸ਼ਟਡਾਊਨ ਲਾਗੂ ਹੋ ਗਿਆ ਹੈ। ਹਾਲਾਂਕਿ ਸੈਨੇਟ ਨੇ ਆਖਰੀ ਸਮੇਂ 'ਤੇ ਸਰਕਾਰੀ ਫੰਡਿੰਗ ਬਿੱਲਾਂ ਦੇ ਇੱਕ ਸੋਧੇ ਹੋਏ ਪੈਕੇਜ ਨੂੰ ਮਨਜ਼ੂਰੀ ਦੇ ਦਿੱਤੀ ਸੀ, ਪਰ ਸਦਨ ਵੱਲੋਂ ਸੋਮਵਾਰ ਤੋਂ ਪਹਿਲਾਂ ਇਨ੍ਹਾਂ ਤਬਦੀਲੀਆਂ ਨੂੰ ਮਨਜ਼ੂਰੀ ਦਿੱਤੇ ਜਾਣ ਦੀ ਉਮੀਦ ਨਹੀਂ ਹੈ, ਜਿਸ ਕਾਰਨ ਇਹ ਸ਼ਟਡਾਊਨ ਵਾਲੀ ਸਥਿਤੀ ਪੈਦਾ ਹੋਈ ਹੈ।

ਹਾਲੇ ਕੁਝ ਸਮਾਂ ਪਹਿਲਾਂ ਹੀ ਇਤਿਹਾਸ ਦਾ ਸਭ ਤੋਂ ਵੱਡਾ ਸ਼ਟਡਾਊਨ ਸਹਿ ਚੁੱਕੇ ਅਮਰੀਕਾ 'ਚ ਸੈਨੇਟ ਨੇ ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਓਰਿਟੀ ਦੀ ਫੰਡਿੰਗ ਨੂੰ ਦੋ ਹਫਤਿਆਂ ਲਈ ਵੱਖ ਕਰਨ ਅਤੇ ਅੱਗੇ ਪਾਉਣ ਦਾ ਫੈਸਲਾ ਕੀਤਾ ਹੈ। ਇਸ ਸਮੇਂ ਦੌਰਾਨ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ ਨਾਲ ਜੁੜੀਆਂ ਡੈਮੋਕਰੇਟਸ ਦੀਆਂ ਮੰਗਾਂ 'ਤੇ ਗੱਲਬਾਤ ਕੀਤੀ ਜਾਵੇਗੀ।

ਡੈਮੋਕਰੇਟਿਕ ਲੀਡਰ ਚੱਕ ਸ਼ੂਮਰ ਨੇ ਮੰਗ ਕੀਤੀ ਹੈ ਕਿ ICE ਏਜੰਟਾਂ ਲਈ ਬਾਡੀ ਕੈਮਰੇ ਪਹਿਨਣੇ ਲਾਜ਼ਮੀ ਕੀਤੇ ਜਾਣ ਅਤੇ ਡਿਊਟੀ ਦੌਰਾਨ ਮਾਸਕ ਪਹਿਨਣ 'ਤੇ




ਪਾਬੰਦੀ ਲਗਾਈ ਜਾਵੇ। ਸ਼ੂਮਰ ਨੇ ਚਿਤਾਵਨੀ ਦਿੱਤੀ ਕਿ ਜੇਕਰ ICE ਦੀਆਂ ਕਾਰਵਾਈਆਂ ਵਿਚ ਅਸਲ ਤਬਦੀਲੀ ਨਹੀਂ ਲਿਆਂਦੀ ਜਾਂਦੀ, ਤਾਂ ਰਿਪਬਲਿਕਨਾਂ ਨੂੰ ਡੈਮੋਕਰੇਟਿਕ ਵੋਟਾਂ ਦੀ ਉਮੀਦ ਨਹੀਂ ਕਰਨੀ ਚਾਹੀਦੀ।

ਰਿਪਬਲਿਕਨ ਸੈਨੇਟਰ ਲਿੰਡਸੇ ਗ੍ਰਾਹਮ ਨੇ ਬਿੱਲ 'ਤੇ ਆਪਣੀ ਰੋਕ ਉਦੋਂ ਹਟਾਈ ਜਦੋਂ ਸੈਨੇਟ ਦੇ ਬਹੁਮਤ ਨੇਤਾ ਜੌਨ ਥੂਨ ਨੇ ਆਉਣ ਵਾਲੇ ਹਫ਼ਤਿਆਂ ਵਿਚ 'ਸੈਂਚੁਰੀ ਸਿਟੀਜ਼' 'ਤੇ ਪਾਬੰਦੀ ਲਗਾਉਣ ਸਬੰਧੀ ਵੋਟਿੰਗ ਕਰਵਾਉਣ ਦਾ ਭਰੋਸਾ ਦਿੱਤਾ। ਹੁਣ ਇਹ ਬਿੱਲ ਸਪੀਕਰ ਮਾਈਕ ਜੌਹਨਸਨ ਵੱਲੋਂ ਹਾਊਸ ਵਿਚ ਪੇਸ਼ ਕੀਤਾ ਜਾਵੇਗਾ। ਇਸ ਨੂੰ ਪਾਸ ਕਰਨ ਲਈ ਦੋ-ਤਿਹਾਈ ਬਹੁਮਤ ਦੀ ਲੋੜ ਹੈ, ਜਿਸ ਲਈ ਰਿਪਬਲਿਕਨਾਂ ਅਤੇ ਡੈਮੋਕਰੇਟਸ ਦੋਵਾਂ ਦਾ ਸਹਿਯੋਗ ਜ਼ਰੂਰੀ ਹੈ, ਤਾਂ ਹੀ ਇਹ ਬਿੱਲ ਰਾਸ਼ਟਰਪਤੀ

## ਟਰੰਪ ਵੱਲੋਂ ਅੰਸ਼ਿਕ ਸ਼ੱਟਡਾਊਨ ਖਤਮ ਕਰਨ ਦੀ ਅਪੀਲ

**ਵਾਸ਼ਿੰਗਟਨ, (ਪੰਜਾਬ ਮੇਲ)-** ਰਾਸ਼ਟਰਪਤੀ ਡੋਨਲਡ ਟਰੰਪ ਨੇ ਸੋਮਵਾਰ ਨੂੰ ਪ੍ਰਤੀਨਿਧ ਸਭਾ ਨੂੰ ਅੰਸ਼ਕ ਸਰਕਾਰੀ ਸ਼ੱਟਡਾਊਨ ਖ਼ਤਮ ਕਰਨ ਦੀ ਬੇਨਤੀ ਕੀਤੀ ਹੈ; ਹਾਲਾਂਕਿ ਅਜਿਹਾ ਲੱਗਦਾ ਹੈ ਕਿ ਨਾ ਤਾਂ ਰਿਪਬਲਿਕਨ ਅਤੇ ਨਾ ਹੀ ਡੈਮੋਕਰੈਟ ਉਸ ਫੈਡਰਲ ਫੰਡਿੰਗ ਪੈਕੇਜ ਨੂੰ ਤੁਰੰਤ ਮਨਜ਼ੂਰੀ ਦੇਣ ਲਈ ਤਿਆਰ ਹਨ, ਜੋ ਉਨ੍ਹਾਂ ਨੇ ਸੈਨੇਟ ਨਾਲ ਮਿਲ ਕੇ ਤਿਆਰ ਕੀਤਾ ਸੀ। ਦੋਵੇਂ ਪੱਖ ਪਹਿਲਾਂ ਇਮੀਗ੍ਰੇਸ਼ਨ ਨੀਤੀਆਂ ਲਾਗੂ ਕਰਨ ਦੀਆਂ ਕਾਰਵਾਈਆਂ 'ਤੇ ਆਪਣੀਆਂ ਮੰਗਾਂ ਬਾਰੇ ਬਹਿਸ ਕਰਨਾ ਚਾਹੁੰਦੇ ਹਨ।

ਡੈਮੋਕਰੈਟ ਸਦਨ ਦੇ ਸਪੀਕਰ ਮਾਈਕ ਜੌਹਨਸਨ ਨੂੰ ਪੈਕੇਜ ਅੱਗੇ ਵਧਾਉਣ ਲਈ ਲੋੜੀਂਦੀਆਂ ਵੋਟਾਂ ਦੇਣ ਤੋਂ ਇਨਕਾਰ ਕਰ ਰਹੇ ਹਨ। ਉਹ ਮਿਨੀਆਪੋਲਿਸ ਵਿਚ ਦੋ ਅਮਰੀਕੀਆਂ ਦੀ ਗੋਲੀਬਾਰੀ ਵਿਚ ਹੋਈ ਮੌਤ ਤੋਂ ਬਾਅਦ ਟਰੰਪ ਪ੍ਰਸ਼ਾਸਨ ਦੀਆਂ ਦੇਸ਼ 'ਚੋਂ ਕੱਢਣ ਦੀਆਂ ਮੁਹਿੰਮਾਂ 'ਤੇ ਰੋਕ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਕਰਕੇ ਜੌਹਨਸਨ ਨੂੰ ਆਪਣੇ ਮਾਮੂਲੀ ਰਿਪਬਲਿਕਨ ਬਹੁਮਤ 'ਤੇ ਨਿਰਭਰ ਹੋਣਾ ਪੈ ਰਿਹਾ ਹੈ, ਜਿਨ੍ਹਾਂ ਦੀਆਂ ਇਸ ਪੈਕੇਜ ਬਾਰੇ ਆਪਣੀਆਂ ਸ਼ਿਕਾਇਤਾਂ ਹਨ। ਵੋਟਿੰਗ ਜਲਦ ਸ਼ੁਰੂ ਹੋਣ ਦੀ ਸੰਭਾਵਨਾ ਹੈ।

## ਅਮਰੀਕਾ ਵੱਲੋਂ ਆਪਣੇ ਨਾਗਰਿਕਾਂ ਨੂੰ ਪਾਕਿਸਤਾਨ ਯਾਤਰਾ ਤੋਂ ਬਚਣ ਲਈ ਸਖਤ ਐਡਵਾਈਜ਼ਰੀ ਜਾਰੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਨੇ ਆਪਣੇ ਨਾਗਰਿਕਾਂ ਨੂੰ ਪਾਕਿਸਤਾਨ ਦੀ ਯਾਤਰਾ ਕਰਨ ਤੋਂ ਬਚਣ ਦੀ ਸਖ਼ਤ ਹਦਾਇਤ ਦਿੱਤੀ ਹੈ। ਅਮਰੀਕੀ ਵਿਦੇਸ਼ ਵਿਭਾਗ ਨੇ ਸੁਰੱਖਿਆ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਪਾਕਿਸਤਾਨ ਨੂੰ "ਲੈਵਲ-3: ਰੀ-ਕੰਸੀਡਰ ਟ੍ਰੈਵਲ" (ਯਾਤਰਾ 'ਤੇ ਮੁੜ ਵਿਚਾਰ ਕਰੋ) ਦੀ ਸ਼੍ਰੇਣੀ ਵਿਚ ਰੱਖਿਆ ਹੈ। ਅਮਰੀਕਾ ਮੁਤਾਬਕ ਪਾਕਿਸਤਾਨ ਵਿਚ ਅੱਤਵਾਦ, ਅਗਵਾ ਅਤੇ ਹਿੰਸਕ ਅਪਰਾਧਾਂ ਦਾ ਖ਼ਤਰਾ ਬਹੁਤ ਜ਼ਿਆਦਾ ਵਧ ਗਿਆ ਹੈ। ਜਾਰੀ ਕੀਤੀ ਗਈ ਨਵੀਂ ਐਡਵਾਈਜ਼ਰੀ ਵਿਚ ਚੇਤਾਵਨੀ ਦਿੱਤੀ ਗਈ ਹੈ ਕਿ ਪਾਕਿਸਤਾਨ ਵਿਚ ਅੱਤਵਾਦੀ ਹਮਲੇ ਕਿਸੇ ਵੀ ਸਮੇਂ ਬਿਨਾਂ ਕਿਸੇ ਚੇਤਾਵਨੀ ਦੇ ਹੋ ਸਕਦੇ ਹਨ। ਅੱਤਵਾਦੀਆਂ ਦੇ ਨਿਸ਼ਾਨੇ 'ਤੇ ਮੁੱਖ ਤੌਰ 'ਤੇ ਟਰਾਂਸਪੋਰਟ ਹੱਬ, ਹੋਟਲ, ਬਾਜ਼ਾਰ, ਸ਼ਾਪਿੰਗ ਮਾਲ, ਸਰਕਾਰੀ ਇਮਾਰਤਾਂ, ਸਕੂਲ, ਹਸਪਤਾਲ, ਧਾਰਮਿਕ ਸਥਾਨ, ਸੈਰ-ਸਪਾਟਾ ਕੇਂਦਰ, ਮਿਲਟਰੀ ਅਤੇ ਸੁਰੱਖਿਆ ਸਥਾਪਨਾਵਾਂ ਸ਼ਾਮਲ ਹਨ।

ਅਮਰੀਕਾ ਨੇ ਪਾਕਿਸਤਾਨ ਦੇ ਕੁਝ ਹਿੱਸਿਆਂ, ਖਾਸ ਕਰਕੇ ਖ਼ੈਬਰ ਪਖਤੂਨਖਵਾ ਦੇ ਇਲਾਕਿਆਂ ਲਈ "ਲੈਵਲ-4: ਡੂ ਨਾਟ ਟ੍ਰੈਵਲ" ਦੀ ਚੇਤਾਵਨੀ ਜਾਰੀ ਕੀਤੀ ਹੈ। ਇਹ ਸਭ ਤੋਂ ਉੱਚੇ ਪੱਧਰ ਦੀ ਚੇਤਾਵਨੀ ਹੈ। ਅਮਰੀਕੀ ਨਾਗਰਿਕਾਂ ਨੂੰ ਕਿਹਾ ਗਿਆ ਹੈ ਕਿ ਉਹ ਇਨ੍ਹਾਂ ਇਲਾਕਿਆਂ ਵਿਚ "ਕਿਸੇ ਵੀ ਕੀਮਤ 'ਤੇ" ਨਾ ਜਾਣ, ਕਿਉਂਕਿ ਇੱਥੇ ਕਤਲ ਅਤੇ ਅਗਵਾ ਦੀਆਂ ਘਟਨਾਵਾਂ ਬੇਹੱਦ ਆਮ ਹਨ।

## ਇਮੀਗ੍ਰੇਸ਼ਨ ਘਟਣ ਕਾਰਨ ਅਮਰੀਕੀ ਨੌਕਰੀਆਂ 'ਚ ਆਈ ਗਿਰਾਵਟ : ਜੇਰੋਮ ਪਾਵੇਲ



**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਯੂ.ਐੱਸ. ਫੈਡਰਲ ਰਿਜ਼ਰਵ (ਯੂ.ਐੱਸ. ਸੈਂਟਰਲ ਬੈਂਕ) ਦੇ ਚੇਅਰਮੈਨ ਜੇਰੋਮ ਪਾਵੇਲ ਨੇ ਕਿਹਾ ਹੈ ਕਿ ਅਮਰੀਕਾ ਵਿਚ ਨੌਕਰੀਆਂ ਦੇ ਵਾਧੇ ਵਿਚ ਆਈ ਗਿਰਾਵਟ ਦਾ ਇੱਕ ਵੱਡਾ ਕਾਰਨ ਇਮੀਗ੍ਰੇਸ਼ਨ ਵਿਚ ਗਿਰਾਵਟ ਹੈ। ਕੋਵਿਡ-19 ਮਹਾਂਮਾਰੀ ਤੋਂ ਬਾਅਦ ਅਮਰੀਕੀ ਕਿਰਤ ਬਾਜ਼ਾਰ ਵਿਚ ਤੇਜ਼ੀ ਆਈ, ਕਿਉਂਕਿ ਵਿਦੇਸ਼ੀ ਕਾਮਿਆਂ ਅਤੇ ਨੌਕਰੀ ਲੱਭਣ ਵਾਲਿਆਂ ਦੀ ਗਿਣਤੀ ਵਧੀ। ਹਾਲਾਂਕਿ, ਹਾਲ ਹੀ ਵਿਚ ਨੀਤੀ ਅਤੇ ਪ੍ਰਸ਼ਾਸਕੀ ਤਬਦੀਲੀਆਂ ਨੇ ਇਮੀਗ੍ਰੇਸ਼ਨ ਨੂੰ ਧੀਮਾ ਕਰ ਦਿੱਤਾ ਹੈ।

ਇੱਕ ਬਿਆਨ ਵਿਚ, ਪਾਵੇਲ ਨੇ ਕਿਹਾ ਕਿ ਕਿਰਤ ਬਾਜ਼ਾਰ ਦੀਆਂ ਸਥਿਤੀਆਂ ਹੁਣ "ਹੌਲੀ-ਹੌਲੀ ਸਥਿਰ ਹੁੰਦੀਆਂ ਜਾਪਦੀਆਂ ਹਨ।" ਉਨ੍ਹਾਂ ਕਿਹਾ ਕਿ ਦਸੰਬਰ ਵਿਚ ਬੇਰੁਜ਼ਗਾਰੀ ਦਰ 4.4 ਪ੍ਰਤੀਸ਼ਤ ਸੀ ਅਤੇ ਹਾਲ ਹੀ ਦੇ ਮਹੀਨਿਆਂ ਵਿਚ ਇਸ ਵਿਚ ਕੋਈ ਬਦਲਾਅ ਨਹੀਂ ਆਇਆ ਹੈ। ਹਾਲਾਂਕਿ ਬੇਰੁਜ਼ਗਾਰੀ ਸਥਿਰ ਰਹੀ ਹੈ, ਪਰ ਨਵੀਆਂ ਨੌਕਰੀਆਂ ਦੇ ਅੰਕੜੇ ਕਮਜ਼ੋਰ ਰਹੇ ਹਨ। ਪਾਵੇਲ ਦੇ ਅਨੁਸਾਰ, ਪਿਛਲੇ ਤਿੰਨ ਮਹੀਨਿਆਂ ਵਿਚ ਔਸਤਨ 22,000 ਪ੍ਰਤੀ ਮਹੀਨਾ ਨੌਕਰੀਆਂ ਖਤਮ ਹੋਈਆਂ ਹਨ। ਸਰਕਾਰੀ ਨੌਕਰੀਆਂ ਨੂੰ ਛੱਡ ਕੇ, ਨਿੱਜੀ ਖੇਤਰ ਨੇ ਪ੍ਰਤੀ ਮਹੀਨਾ ਔਸਤਨ 29,000 ਨਵੀਆਂ ਨੌਕਰੀਆਂ ਜੁੜੀਆਂ ਹਨ। ਉਨ੍ਹਾਂ ਕਿਹਾ ਕਿ ਨੌਕਰੀਆਂ ਦੇ ਵਾਧੇ ਵਿਚ ਇਹ ਮੰਦੀ ਕਿਰਤ ਬਾਜ਼ਾਰ ਵਿਚ ਬਦਲਾਅ ਦੇ ਕਾਰਨ ਹੈ ।

ਉਨ੍ਹਾਂ ਸਪੱਸ਼ਟ ਤੌਰ 'ਤੇ ਕਿਹਾ ਕਿ ਪਿਛਲੇ ਇੱਕ ਸਾਲ ਵਿਚ ਨੌਕਰੀਆਂ ਦੇ ਵਾਧੇ ਦੀ ਘੱਟ ਰਫ਼ਤਾਰ ਦਾ ਮੁੱਖ ਕਾਰਨ ਘੱਟ ਇਮੀਗ੍ਰੇਸ਼ਨ ਅਤੇ ਕਿਰਤ ਸ਼ਕਤੀ ਵਿਚ ਘਟਦੀ ਭਾਗੀਦਾਰੀ ਹੈ। ਇਸ ਦੇ ਨਾਲ ਹੀ, ਕੰਪਨੀਆਂ ਤੋਂ ਕਰਮਚਾਰੀਆਂ ਦੀ ਮੰਗ ਵੀ ਪਹਿਲਾਂ ਦੇ ਮੁਕਾਬਲੇ ਘਟ ਗਈ ਹੈ। ਹਾਲਾਂਕਿ, ਪਾਵੇਲ ਨੇ ਇਹ ਵੀ ਦੱਸਿਆ ਕਿ ਨੌਕਰੀਆਂ ਦੇ ਮੌਕੇ, ਛਾਂਟੀ, ਭਰਤੀ ਅਤੇ ਤਨਖਾਹ ਵਾਧੇ ਵਰਗੇ ਕੁਝ ਸੂਚਕਾਂ ਵਿਚ ਹਾਲ ਹੀ ਵਿਚ ਬਹੁਤਾ ਬਦਲਾਅ ਨਹੀਂ ਆਇਆ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਸਥਿਤੀ ਸਥਿਰ ਹੋ ਸਕਦੀ ਹੈ, ਪਰ ਉਨ੍ਹਾਂ ਚੇਤਾਵਨੀ ਦਿੱਤੀ ਕਿ ਅੰਕੜਿਆਂ ਤੋਂ ਬਹੁਤ ਜ਼ਿਆਦਾ ਸਿੱਟੇ ਕੱਢਣਾ ਸਹੀ ਨਹੀਂ ਹੋਵੇਗਾ।

ਪਾਵੇਲ ਨੇ ਕਿਹਾ ਕਿ ਇਹ ਸਥਿਤੀ ਥੋੜ੍ਹੀ ਅਸਾਧਾਰਨ ਹੈ ਕਿਉਂਕਿ ਕਿਰਤ ਸਪਲਾਈ ਅਤੇ ਕਿਰਤ ਮੰਗ ਦੋਵੇਂ ਤੇਜ਼ੀ ਨਾਲ ਹੌਲੀ ਹੋ ਗਏ ਹਨ।

Jaspreet Singh
Attorney at Law
ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ
ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ



ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ

| SACRAMENTO | FRESNO | FREMONT | NEWYORK |
|---|---|---|---|
| 5855 Auburn Blvd, Sacramento, CA 95841, +1-916-307-4620 | 1625 E Shaw Ave #122, Fresno, CA 93726 559-271-5511 | 3155 KEARNEY ST, SUITE #248, FREMONT, CA 94538. +1-510-657-6444 | 108-14 Jamaica Ave, Richmond Hill, NY 11418 Phone: 718-533-8444 |

Designed By Punjab Mail USA

# ਭਾਰਤੀ ਪ੍ਰਵਾਸੀਆਂ ਨੂੰ ਹੱਥਕੜੀਆਂ 'ਚ ਜਕੜ ਕੇ ਡਿਪੋਰਟ ਕਰਨ ਦਾ ਸਿਲਸਿਲਾ ਲਗਾਤਾਰ ਜਾਰੀ



- 30 ਜਨਵਰੀ ਨੂੰ ਫਿਰ 149 ਭਾਰਤੀ ਹੱਥਕੜੀਆਂ ਤੇ ਬੇੜੀਆਂ 'ਚ ਜਕੜ ਕੇ ਭੇਜੇ ਗਏ ਵਾਪਸ
- 2025 ਤੋਂ ਹੁਣ ਤੱਕ ਕਰੀਬ 22 ਲੱਖ ਲੋਕਾਂ ਨੇ ਖੁਦ ਵਾਪਸੀ ਦਾ ਰਾਹ ਚੁਣਿਆ

**ਚੰਡੀਗੜ੍ਹ, (ਪੰਜਾਬ ਮੇਲ)**-ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਦੂਜਾ ਕਾਰਜਕਾਲ ਸ਼ੁਰੂ ਹੁੰਦੇ ਸਾਰ ਹੀ ਪ੍ਰਵਾਸੀਆਂ ਪ੍ਰਤੀ ਅਪਣਾਈ ਸਖ਼ਤ ਨੀਤੀ ਲਗਾਤਾਰ ਜਾਰੀ ਹੈ। 2025 'ਚ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਹੱਥਕੜੀਆਂ ਅਤੇ ਬੇੜੀਆਂ ਲਾ ਕੇ ਡਿਪੋਰਟ ਕਰਨ ਦਾ ਸਿਲਸਿਲਾ 2026 ਵਿਚ ਵੀ ਜਾਰੀ ਹੈ। 30 ਜਨਵਰੀ ਨੂੰ ਇਕ ਵਾਰ ਫਿਰ 149 ਭਾਰਤੀ ਨਾਗਰਿਕਾਂ ਨੂੰ ਅਮਰੀਕਾ ਤੋਂ ਬੇੜੀਆਂ ਅਤੇ ਹੱਥਕੜੀਆਂ 'ਚ ਜਕੜ ਕੇ ਵਾਪਸ ਭੇਜਿਆ ਗਿਆ ਹੈ। ਇਹ ਉਡਾਣ ਦਿੱਲੀ ਹਵਾਈ ਅੱਡੇ 'ਤੇ ਉਤਰੀ ਅਤੇ ਇਸ ਵਿਚ ਬਹੁਤੇ ਲੋਕ ਪੰਜਾਬ, ਹਰਿਆਣਾ ਅਤੇ ਗੁਜਰਾਤ ਦੇ ਦੱਸੇ ਗਏ ਹਨ। ਅਮਰੀਕਾ 'ਚੋਂ ਵੱਡੀ ਗਿਣਤੀ ਦਾ ਦੇਸ਼ ਨਿਕਾਲਾ (ਮਾਸ ਡਿਪੋਰਟੇਸ਼ਨ) ਭਾਰਤੀਆਂ ਖ਼ਾਸਕਰ ਪੰਜਾਬੀਆਂ, ਹਰਿਆਣਵੀਆਂ ਅਤੇ ਗੁਜਰਾਤੀਆਂ ਲਈ ਚਿੰਤਾ ਦਾ ਵਿਸ਼ਾ ਬਣ ਗਿਆ ਹੈ, ਕਿਉਂਕਿ ਡੰਕੀ ਰੂਟ ਅਤੇ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਜਾਣ ਵਾਲੇ ਨੌਜਵਾਨਾਂ 'ਚ ਵੱਡੀ ਗਿਣਤੀ ਇਨ੍ਹਾਂ ਸੂਬਿਆਂ ਦੇ ਵਾਸੀਆਂ ਦੀ ਹੀ ਹੈ। ਇਸ ਵਾਰ ਵੱਡੇ ਫ਼ਿਕਰ ਵਾਲੀ ਗੱਲ ਇਹ ਸਾਹਮਣੇ ਆਈ ਹੈ ਕਿ ਫੜੇ ਗਏ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਅਮਰੀਕਾ ਵਿਚ ਅਣਮਨੁੱਖੀ ਤਸੀਹੇ ਦੇਣੇ ਵੀ ਸ਼ੁਰੂ ਕਰ ਦਿੱਤੇ ਗਏ ਹਨ। ਹਰਿਆਣਾ ਦੇ ਇਕ ਡਿਪੋਰਟ ਹੋਏ ਨੌਜਵਾਨ ਵਿਸ਼ਾਲ ਰਾਣਾ ਨੇ ਦੋਸ਼ ਲਗਾਇਆ ਹੈ ਕਿ ਉਸ ਨੂੰ ਅਤੇ ਹੋਰਾਂ ਨੂੰ ਮਨਫ਼ੀ ਡਿਗਰੀ ਤਾਪਮਾਨ ਵਿਚ ਵੀ ਰਾਤ ਨੂੰ ਕਮਰਿਆਂ ਵਿਚ ਏ.ਸੀ. ਚਲਾ ਕੇ ਨਾ-ਸਹਿਣਯੋਗ ਠੰਢ ਵਿਚ ਰਹਿਣ ਲਈ ਮਜਬੂਰ ਕੀਤਾ ਜਾਂਦਾ ਸੀ। ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਅਨੁਸਾਰ ਸਾਲ 2025 'ਚ ਅਮਰੀਕਾ ਤੋਂ 3,806 ਭਾਰਤੀ ਨਾਗਰਿਕਾਂ ਨੂੰ ਡਿਪੋਰਟ ਕੀਤਾ ਗਿਆ ਸੀ, ਜੋ ਪਿਛਲੇ ਪੰਜ ਸਾਲਾਂ 'ਚ ਸਭ ਤੋਂ ਵੱਡਾ ਅੰਕੜਾ ਹੈ। 2009 ਤੋਂ ਹੁਣ ਤੱਕ ਅਮਰੀਕਾ ਤੋਂ ਕੁੱਲ 18,822 ਭਾਰਤੀ ਵਾਪਸ ਭੇਜੇ ਜਾ ਚੁੱਕੇ ਹਨ।

ਗੌਰਤਲਬ ਹੈ ਕਿ ਧੱਕੇ ਨਾਲ ਦੇਸ਼ ਨਿਕਾਲੇ 'ਚ ਹੱਥਕੜੀਆਂ/ਬੇੜੀਆਂ ਲਾਉਣਾ ਆਮ ਹੋ ਗਿਆ ਹੈ। ਇਹ ਆਮ ਤੌਰ 'ਤੇ ਭਾਰਤ, ਮੈਕਸੀਕੋ, ਗੁਆਟੇਮਾਲਾ, ਹਾਂਡੂਰਸ, ਵੈਨੇਜ਼ੁਏਲਾ ਅਤੇ ਚੀਨ ਵਰਗੇ ਦੇਸ਼ਾਂ ਦੇ ਨਾਗਰਿਕਾਂ ਨਾਲ ਕੀਤਾ ਜਾ ਰਿਹਾ ਹੈ। ਕਈ ਦੇਸ਼ਾਂ ਨੇ ਅਮਰੀਕਾ ਵਲੋਂ ਆਪਣੇ ਨਾਗਰਿਕਾਂ ਨੂੰ ਹੱਥਕੜੀਆਂ ਲਾ ਕੇ ਭੇਜਣ 'ਤੇ ਸਖ਼ਤ ਇਤਰਾਜ਼ ਵੀ ਜਤਾਇਆ ਹੈ, ਜਿਸ ਕਰਕੇ ਇਹ ਕਈ ਦੇਸ਼ਾਂ ਦੇ ਨਾਗਰਿਕਾਂ ਨਾਲ ਹੁਣ ਨਹੀਂ ਕੀਤਾ ਜਾਂਦਾ, ਪਰ ਇਸ ਤਰ੍ਹਾਂ ਜਾਪਦਾ ਹੈ ਕਿ ਭਾਰਤ ਸਰਕਾਰ ਨੇ ਇਸ ਨੂੰ ਕਾਨੂੰਨੀ ਅਮਲ ਸਮਝ ਕੇ ਬਰਦਾਸ਼ਤ ਕਰ ਲਿਆ ਹੈ। ਅਮਰੀਕਾ ਦੇ ਗ੍ਰਹਿ ਸੁਰੱਖਿਆ ਵਿਭਾਗ (ਡੀ. ਐੱਚ. ਐੱਸ.) ਨੇ 21 ਜਨਵਰੀ, 2026 ਨੂੰ ਇਕ ਨਵਾਂ ਪ੍ਰੋਗਰਾਮ ਐਲਾਨਿਆ ਹੈ, ਜਿਸ 'ਚ ਅਮਰੀਕਾ ਵਿਚ ਗੈਰ-ਕਾਨੂੰਨੀ ਰੂਪ ਵਿਚ ਰਹਿਣ ਵਾਲੇ ਵਿਦੇਸ਼ੀਆਂ, ਜਿਨ੍ਹਾਂ ਵਿਚ ਭਾਰਤੀ ਵੀ ਸ਼ਾਮਲ ਹਨ, ਨੂੰ 'ਸੈਲਫ-ਡਿਪੋਰਟੇਸ਼ਨ' ਭਾਵ ਆਪਣੇ-ਆਪ ਵਾਪਸ ਜਾਣ ਲਈ 2,600 ਅਮਰੀਕੀ ਡਾਲਰ ਦਾ ਬੋਨਸ ਦਿੱਤਾ ਜਾਣਾ ਸ਼ੁਰੂ ਕੀਤਾ ਗਿਆ ਹੈ।

# ਟਰੰਪ ਵੱਲੋਂ ਕੈਨੇਡਾ 'ਤੇ 50% ਟੈਰਿਫ ਲਗਾਉਣ ਦੀ ਧਮਕੀ



ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੈਨੇਡਾ ਵਿਰੁੱਧ ਸਖ਼ਤ ਰੁਖ਼ ਅਖਤਿਆਰ ਕਰਦਿਆਂ ਜਹਾਜ਼ਾਂ ਦੀ ਦਰਾਮਦ 'ਤੇ ਭਾਰੀ ਵਪਾਰਕ ਜੁਰਮਾਨੇ ਅਤੇ ਟੈਰਿਫ ਲਗਾਉਣ ਦੀ ਧਮਕੀ ਦਿੱਤੀ ਹੈ। ਟਰੰਪ ਨੇ ਓਟਾਵਾ (ਕੈਨੇਡਾ) 'ਤੇ ਅਮਰੀਕਾ ਵਿਚ ਬਣੇ ਜਹਾਜ਼ਾਂ ਨੂੰ ਰੋਕਣ ਦਾ ਦੋਸ਼ ਲਗਾਇਆ ਹੈ ਅਤੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਇਸ ਵਿਵਾਦ ਨੂੰ ਤੁਰੰਤ ਹੱਲ ਨਾ ਕੀਤਾ ਗਿਆ ਤਾਂ ਕੈਨੇਡਾ ਨੂੰ ਭਾਰੀ ਕੀਮਤ ਚੁਕਾਉਣੀ ਪਵੇਗੀ।

ਟਰੰਪ ਨੇ 'ਟਰੂਥ ਸੋਸ਼ਲ' 'ਤੇ ਇੱਕ ਪੋਸਟ ਸ਼ੇਅਰ ਕਰਦੇ ਹੋਏ ਕਿਹਾ ਕਿ ਕੈਨੇਡਾ ਨੇ "ਗਲਤ ਅਤੇ ਗੈਰ-ਕਾਨੂੰਨੀ" ਤਰੀਕੇ ਨਾਲ ਅਮਰੀਕੀ ਕੰਪਨੀ ਦੇ ਗਲਫਸਟਰੀਮ 500, 600, 700 ਅਤੇ 800 ਜੈੱਟਾਂ ਨੂੰ ਸਰਟੀਫਿਕੇਟ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਉਨ੍ਹਾਂ ਇਨ੍ਹਾਂ ਜਹਾਜ਼ਾਂ ਨੂੰ ਦੁਨੀਆਂ ਦੇ ਸਭ ਤੋਂ ਉੱਨਤ ਜਹਾਜ਼ ਦੱਸਿਆ। ਇਸ ਦੇ ਜਵਾਬ ਵਿਚ ਟਰੰਪ ਨੇ ਐਲਾਨ ਕੀਤਾ ਕਿ ਅਮਰੀਕਾ ਹੁਣ ਕੈਨੇਡਾ ਦੇ ਬੰਬਾਰਡੀਅਰ ਗਲੋਬਲ ਐਕਸਪ੍ਰੈੱਸ ਅਤੇ ਹੋਰ ਸਾਰੇ ਕੈਨੇਡੀਅਨ ਜਹਾਜ਼ਾਂ ਦੀ ਮਾਨਤਾ ਰੱਦ ਕਰ ਦੇਵੇਗਾ।

ਟਰੰਪ ਨੇ ਸਪੱਸ਼ਟ ਕੀਤਾ ਕਿ ਜੇਕਰ ਕੈਨੇਡਾ ਨੇ ਆਪਣੀ ਰੈਗੂਲੇਟਰੀ ਪ੍ਰਕਿਰਿਆ ਰਾਹੀਂ ਅਮਰੀਕੀ ਉਤਪਾਦਾਂ ਦੀ ਵਿਕਰੀ ਨੂੰ ਰੋਕਣਾ ਬੰਦ ਨਾ ਕੀਤਾ, ਤਾਂ ਉਹ ਅਮਰੀਕਾ ਵਿਚ ਵਿਕਣ ਵਾਲੇ ਕਿਸੇ ਵੀ ਕੈਨੇਡੀਅਨ ਜਹਾਜ਼ 'ਤੇ 50 ਫੀਸਦੀ ਟੈਰਿਫ ਲਗਾਉਣਗੇ। ਦੂਜੇ ਪਾਸੇ ਟਰੰਪ ਦੇ ਇਸ ਫੈਸਲੇ ਦੀ ਡੈਮੋਕ੍ਰੇਟਿਕ ਪਾਰਟੀ ਵੱਲੋਂ ਤਿੱਖੀ ਆਲੋਚਨਾ ਕੀਤੀ ਜਾ ਰਹੀ ਹੈ। ਨਿਊਯਾਰਕ ਤੋਂ ਸੈਨੇਟਰ ਕਿਰਸਟਨ ਗਿਲੀਬ੍ਰੈਂਡ ਨੇ ਇਸ ਕਦਮ ਨੂੰ "ਲਾਪ੍ਰਵਾਹੀ ਵਾਲਾ" ਦੱਸਿਆ ਹੈ। ਉਨ੍ਹਾਂ ਕਿਹਾ ਕਿ ਟਰੰਪ ਲਗਾਤਾਰ ਆਪਣੇ ਨਜ਼ਦੀਕੀ ਸਹਿਯੋਗੀ ਦੇਸ਼ਾਂ ਨੂੰ ਟੈਰਿਫ ਦੀਆਂ ਧਮਕੀਆਂ ਦੇ ਰਹੇ ਹਨ, ਜਿਸ ਦਾ ਖਮਿਆਜ਼ਾ ਆਮ ਜਨਤਾ ਅਤੇ ਛੋਟੇ ਕਾਰੋਬਾਰੀਆਂ ਨੂੰ ਭੁਗਤਣਾ ਪੈ ਰਿਹਾ ਹੈ।

ਕੈਨੇਡਾ ਅਮਰੀਕਾ ਦੇ ਸਭ ਤੋਂ ਵੱਡੇ ਵਪਾਰਕ ਭਾਈਵਾਲਾਂ ਵਿਚੋਂ ਇੱਕ ਹੈ। ਮਾਹਰਾਂ ਦਾ ਮੰਨਣਾ ਹੈ ਕਿ ਜਹਾਜ਼ਾਂ ਦੀ ਸਰਟੀਫਿਕੇਸ਼ਨ ਨੂੰ ਲੈ ਕੇ ਸ਼ੁਰੂ ਹੋਇਆ ਇਹ ਵਿਵਾਦ ਦੋਵਾਂ ਦੇਸ਼ਾਂ ਦੇ ਡਿਪਲੋਮੈਟਿਕ ਅਤੇ ਵਪਾਰਕ ਸਬੰਧਾਂ ਵਿਚ ਵੱਡੀ ਦਰਾੜ ਪੈਦਾ ਕਰ ਸਕਦਾ ਹੈ। ਜੇਕਰ ਕੈਨੇਡੀਅਨ ਵਸਤੂਆਂ 'ਤੇ 100 ਫੀਸਦੀ ਤੱਕ ਟੈਰਿਫ ਲਗਾਇਆ ਜਾਂਦਾ ਹੈ, ਤਾਂ ਨਿਊਯਾਰਕ ਵਾਸੀਆਂ ਨੂੰ ਖਾਦ, ਬਿਜਲੀ ਅਤੇ ਕਾਰ ਪਾਰਟਸ ਵਰਗੀਆਂ ਜ਼ਰੂਰੀ ਚੀਜ਼ਾਂ ਲਈ ਜ਼ਿਆਦਾ ਕੀਮਤ ਚੁਕਾਉਣੀ ਪਵੇਗੀ। ਉਨ੍ਹਾਂ ਦਾਅਵਾ ਕੀਤਾ ਕਿ ਪਿਛਲੇ ਸਾਲ ਲਗਾਏ ਗਏ ਟੈਰਿਫਾਂ ਕਾਰਨ ਨਿਊਯਾਰਕ ਦੇ ਪਰਿਵਾਰਾਂ 'ਤੇ ਲਗਭਗ $4,200 ਦਾ ਵਾਧੂ ਬੋਝ ਪਿਆ ਹੈ।

# ਕੈਨੇਡਾ ਤੋਂ ਅਮਰੀਕਾ 'ਚ ਗੈਰ-ਕਾਨੂੰਨੀ ਘੁਸਪੈਠ ਕਰਨ ਵਾਲੇ ਭਾਰਤੀ ਨੌਜਵਾਨ 'ਤੇ ਨਿਊਯਾਰਕ ਅਦਾਲਤ 'ਚ ਚੱਲੇਗਾ ਮੁਕੱਦਮਾ

ਨਿਊਯਾਰਕ, (ਪੰਜਾਬ ਮੇਲ)- ਕੈਨੇਡਾ ਦੇ ਰਸਤੇ ਅਮਰੀਕਾ 'ਚ ਭਾਰਤੀ ਨਾਗਰਿਕਾਂ ਦੀ ਗੈਰ-ਕਾਨੂੰਨੀ ਤਸਕਰੀ ਕਰਨ ਦੇ ਮਾਮਲੇ ਵਿਚ ਇੱਕ 22 ਸਾਲਾ ਭਾਰਤੀ ਨੌਜਵਾਨ 'ਤੇ ਮੁਕੱਦਮਾ ਚਲਾਇਆ ਗਿਆ ਹੈ। ਸ਼ਿਵਮ ਨਾਮ ਦੇ ਇਸ ਨੌਜਵਾਨ 'ਤੇ ਨਿਊਯਾਰਕ ਦੀ ਸੰਘੀ ਅਦਾਲਤ ਵਿਚ ਮਨੁੱਖੀ ਤਸਕਰੀ ਦੀ ਸਾਜ਼ਿਸ਼ ਰਚਣ ਅਤੇ ਵਿੱਤੀ ਲਾਭ ਲਈ ਲੋਕਾਂ ਨੂੰ ਗੈਰ-ਕਾਨੂੰਨੀ ਢੰਗ ਨਾਲ ਸਰਹੱਦ ਪਾਰ ਕਰਵਾਉਣ ਦੇ ਦੋਸ਼ ਤੈਅ ਕੀਤੇ ਗਏ ਹਨ।

ਅਦਾਲਤੀ ਦਸਤਾਵੇਜ਼ਾਂ ਮੁਤਾਬਕ ਇਹ ਸਾਰਾ ਮਾਮਲਾ ਜਨਵਰੀ ਤੋਂ ਜੂਨ 2025 ਦੇ ਵਿਚਕਾਰ ਦਾ ਹੈ। ਸ਼ਿਵਮ ਨਿਊਯਾਰਕ ਦੇ ਕਲਿੰਟਨ ਕਾਊਂਟੀ ਇਲਾਕੇ ਵਿਚ ਕੈਨੇਡਾ-ਅਮਰੀਕਾ ਸਰਹੱਦ ਰਾਹੀਂ ਲੋਕਾਂ ਨੂੰ ਅਮਰੀਕਾ ਵਾੜਨ ਦਾ ਕੰਮ ਕਰਦਾ ਸੀ। ਜਨਵਰੀ 2025 ਵਿਚ ਅਮਰੀਕੀ ਸਰਹੱਦ ਸੁਰੱਖਿਆ ਬਲ (ਸੀ.ਬੀ.ਪੀ.) ਨੇ ਦੋ ਸ਼ੱਕੀ ਗੱਡੀਆਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਸੀ। ਦੋਹਾਂ ਗੱਡੀਆਂ ਦੇ ਡਰਾਈਵਰਾਂ ਨੇ ਏਜੰਟਾਂ ਤੋਂ ਬਚਣ ਲਈ ਰਫ਼ਤਾਰ ਵਧਾ ਦਿੱਤੀ ਪਰ ਪਿੱਛਾ ਕਰਕੇ ਜਦੋਂ ਉਨ੍ਹਾਂ ਨੂੰ ਫੜਿਆ ਗਿਆ, ਤਾਂ ਉਨ੍ਹਾਂ ਵਿਚੋਂ 12 ਅਜਿਹੇ ਭਾਰਤੀ ਮਿਲੇ, ਜਿਨ੍ਹਾਂ ਕੋਲ ਅਮਰੀਕਾ ਦੇ ਕੋਈ ਜਾਇਜ਼ ਦਸਤਾਵੇਜ਼ ਨਹੀਂ ਸਨ।

ਸ਼ਿਵਮ 'ਤੇ ਦੋਸ਼ ਹੈ ਕਿ ਉਹ ਨਿੱਜੀ ਫਾਇਦੇ ਲਈ ਮਾਸੂਮ ਲੋਕਾਂ ਦੀ ਜ਼ਿੰਦਗੀ ਖ਼ਤਰੇ ਵਿਚ ਪਾ ਕੇ ਉਨ੍ਹਾਂ ਨੂੰ ਸਰਹੱਦ ਪਾਰ ਕਰਵਾ ਰਿਹਾ ਸੀ। ਜੇਕਰ ਅਦਾਲਤ ਵਿਚ ਦੋਸ਼ ਸਾਬਤ ਹੋ ਜਾਂਦੇ ਹਨ, ਤਾਂ ਸ਼ਿਵਮ ਨੂੰ ਹਰੇਕ ਦੋਸ਼ ਲਈ ਵੱਧ ਤੋਂ ਵੱਧ 10 ਸਾਲ ਦੀ ਜੇਲ੍ਹ ਦੀ ਸਜ਼ਾ ਹੋ ਸਕਦੀ ਹੈ।




# ਟਰੰਪ ਵੱਲੋਂ ਦੇਸ਼ ਦੇ ਨਵਜੰਮੇ ਬੱਚਿਆਂ ਲਈ 'ਟਰੰਪ ਅਕਾਊਂਟਸ' ਦਾ ਐਲਾਨ



**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੇਸ਼ ਦੇ ਨਵਜੰਮੇ ਬੱਚਿਆਂ ਲਈ ਇੱਕ ਇਤਿਹਾਸਕ ਅਤੇ ਵੱਡੇ ਵਿੱਤੀ ਪ੍ਰੋਗਰਾਮ 'ਟਰੰਪ ਅਕਾਊਂਟਸ' ਦਾ ਐਲਾਨ ਕੀਤਾ ਹੈ। ਟ੍ਰੇਜ਼ਰੀ ਵਿਭਾਗ ਵਿਚ ਆਯੋਜਿਤ ਇੱਕ ਸੰਮੇਲਨ ਦੌਰਾਨ ਟਰੰਪ ਨੇ ਕਿਹਾ ਕਿ ਇਸ ਯੋਜਨਾ ਤਹਿਤ ਅਮਰੀਕਾ ਵਿਚ ਪੈਦਾ ਹੋਣ ਵਾਲੇ ਹਰ ਬੱਚੇ ਨੂੰ ਸਰਕਾਰ ਵੱਲੋਂ ਨਿਵੇਸ਼ ਖਾਤਾ ਦਿੱਤਾ ਜਾਵੇਗਾ, ਤਾਂ ਜੋ ਉਨ੍ਹਾਂ ਦਾ ਭਵਿੱਖ ਸੁਰੱਖਿਅਤ ਹੋ ਸਕੇ।

ਇਸ ਖਾਤੇ ਦੀਆਂ ਕਈ ਮੁੱਖ ਵਿਸ਼ੇਸ਼ਤਾਵਾਂ ਹਨ, ਜਿਨ੍ਹਾਂ ਵਿਚ:

**ਸਰਕਾਰੀ ਮਦਦ:** ਹਰ ਨਵਜੰਮੇ ਬੱਚੇ ਦੇ ਖਾਤੇ ਵਿਚ ਸਰਕਾਰ ਵੱਲੋਂ 1,000 ਡਾਲਰ (ਕਰੀਬ 83,000 ਰੁਪਏ) ਦੀ ਸ਼ੁਰੂਆਤੀ ਰਾਸ਼ੀ ਜਮ੍ਹਾਂ ਕੀਤੀ ਜਾਵੇਗੀ।

**ਟੈਕਸ ਮੁਕਤ ਨਿਵੇਸ਼:** ਇਹ ਖਾਤੇ ਪੂਰੀ ਤਰ੍ਹਾਂ ਟੈਕਸ-ਫ੍ਰੀ ਹੋਣਗੇ।

**ਵਧੇਗੀ ਰਕਮ:** ਮਾਪੇ, ਰੁਜ਼ਗਾਰਦਾਤਾ ਅਤੇ ਰਾਜ ਸਰਕਾਰਾਂ ਇਸ ਵਿਚ ਸਾਲਾਨਾ 5,000 ਡਾਲਰ ਤੱਕ ਦਾ ਵਾਧੂ ਯੋਗਦਾਨ ਪਾ ਸਕਣਗੇ।

**ਲੱਖਾਂ ਦਾ ਫੰਡ:** ਟਰੰਪ ਅਨੁਸਾਰ, ਜਦੋਂ ਬੱਚਾ 18 ਸਾਲ ਦਾ ਹੋਵੇਗਾ, ਤਾਂ ਮਾਮੂਲੀ ਯੋਗਦਾਨ ਨਾਲ ਵੀ ਇਹ ਰਕਮ 50,000 ਡਾਲਰ ਤੱਕ ਪਹੁੰਚ ਸਕਦੀ ਹੈ ਅਤੇ ਕਈ ਮਾਮਲਿਆਂ ਵਿਚ ਇਹ 1 ਲੱਖ ਤੋਂ 3 ਲੱਖ ਡਾਲਰ ਤੋਂ ਵੀ ਵੱਧ ਹੋ ਸਕਦੀ ਹੈ।

ਰਾਸ਼ਟਰਪਤੀ ਟਰੰਪ ਨੇ ਦੱਸਿਆ ਕਿ ਇਹ ਖਾਤੇ ਇਸੇ ਸਾਲ 4 ਜੁਲਾਈ (ਅਮਰੀਕੀ ਸੁਤੰਤਰਤਾ ਦਿਵਸ) ਤੋਂ ਇੱਕ ਵਿਸ਼ੇਸ਼ ਸਰਕਾਰੀ ਵੈੱਬਸਾਈਟ ਰਾਹੀਂ ਐਕਟੀਵੇਟ ਕੀਤੇ ਜਾ ਸਕਣਗੇ। ਉਨ੍ਹਾਂ ਕਿਹਾ, "ਅਸੀਂ ਚਾਹੁੰਦੇ ਹਾਂ ਕਿ ਅਮਰੀਕੀ ਬੱਚੇ ਕਰਜ਼ੇ ਵਿਚ ਨਹੀਂ, ਸਗੋਂ ਜਾਇਦਾਦ ਦੇ ਨਾਲ ਆਪਣੀ ਜ਼ਿੰਦਗੀ ਦੀ ਸ਼ੁਰੂਆਤ ਕਰਨ।"

ਇਸ ਮੁਹਿੰਮ ਵਿਚ ਨਿੱਜੀ ਖੇਤਰ ਨੇ ਵੀ ਵੱਡਾ ਹੱਥ ਵਧਾਇਆ ਹੈ। ਮਾਈਕਲ ਅਤੇ ਸੂਜ਼ਨ ਡੈੱਲ ਨੇ 6.25 ਬਿਲੀਅਨ ਡਾਲਰ ਦਾ ਦਾਨ ਦਿੱਤਾ ਹੈ, ਜਿਸ ਨਾਲ 10 ਸਾਲ ਤੱਕ ਦੇ 2.5 ਕਰੋੜ ਹੋਰ ਬੱਚਿਆਂ ਦੇ ਖਾਤੇ ਖੋਲ੍ਹੇ ਜਾਣਗੇ। ਇਸ ਤੋਂ ਇਲਾਵਾ **Nvidia, Intel, IBM, Uber** ਅਤੇ ਪੀਜ਼ਾ ਵਰਗੀਆਂ ਵੱਡੀਆਂ ਕੰਪਨੀਆਂ ਨੇ ਵੀ ਇਸ ਵਿਚ ਯੋਗਦਾਨ ਪਾਉਣ ਦੀ ਵਚਨਬੱਧਤਾ ਜਤਾਈ ਹੈ।

ਟਰੰਪ ਨੇ ਕਿਹਾ ਕਿ ਪਿਛਲੇ ਰਾਸ਼ਟਰਪਤੀਆਂ ਨੇ ਬੱਚਿਆਂ ਲਈ ਸਿਰਫ਼ ਕਰਜ਼ਾ ਛੱਡਿਆ ਹੈ, ਪਰ ਉਨ੍ਹਾਂ ਦੀ ਸਰਕਾਰ ਬੱਚਿਆਂ ਨੂੰ ਵਿੱਤੀ ਆਜ਼ਾਦੀ ਦੇ ਕੇ ਜਾਵੇਗੀ।

# ਲਾਸ ਏਂਜਲਸ ਵਿਚ ਸੋਸ਼ਲ ਮੀਡੀਆ ਕੰਪਨੀਆਂ ਟਿਕਟਾਕ ਤੇ ਯੂ-ਟਿਊਬ ਖਿਲਾਫ ਮੁਕੱਦਮਾ



**ਲਾਸ ਏਂਜਲਸ, (ਪੰਜਾਬ ਮੇਲ)**- ਅਮਰੀਕਾ ਦੇ ਲਾਸ ਏਂਜਲਸ ਵਿਚ ਸੋਸ਼ਲ ਮੀਡੀਆ ਕੰਪਨੀਆਂ ਦੇ ਭਵਿੱਖ ਦੀ ਦਿਸ਼ਾ ਤੈਅ ਕਰਨ ਵਾਲਾ ਇਕ ਬੇਹੱਦ ਅਹਿਮ ਮੁਕੱਦਮਾ ਸ਼ੁਰੂ ਹੋਣ ਜਾ ਰਿਹਾ ਹੈ। ਕੈਲੀਫੋਰਨੀਆ ਦੀ ਇਕ 19 ਸਾਲਾ ਮੁਟਿਆਰ ਨੇ ਮੈਟਾ, ਟਿਕਟਾਕ ਤੇ ਯੂ-ਟਿਊਬ ਵਰਗੇ ਪਲੇਟਫਾਰਮਾਂ 'ਤੇ ਗੰਭੀਰ ਦੋਸ਼ ਲਾਉਂਦੇ ਹੋਏ ਕਿਹਾ ਹੈ ਕਿ ਇਨ੍ਹਾਂ ਐਪਸ ਦੀ ਲਤ ਨੇ ਉਸ ਨੂੰ ਡੂੰਘੀ ਨਿਰਾਸ਼ਾ (ਡਿਪ੍ਰੈਸ਼ਨ) ਵਿਚ ਧੱਕ ਦਿੱਤਾ ਅਤੇ ਉਸ ਦੇ ਮਨ ਵਿਚ ਖੁਦਕੁਸ਼ੀ ਵਰਗੇ ਖਤਰਨਾਕ ਵਿਚਾਰ ਆਉਣ ਲੱਗੇ। ਇਸ ਕੇਸ ਨੂੰ ਟੈੱਕ ਇੰਡਸਟਰੀ ਲਈ ਇਕ 'ਟਰਨਿੰਗ ਪੁਆਇੰਟ' ਮੰਨਿਆ ਜਾ ਰਿਹਾ ਹੈ।

ਪਟੀਸ਼ਨ ਵਿਚ ਦੋਸ਼ ਲਾਇਆ ਗਿਆ ਹੈ ਕਿ ਸੋਸ਼ਲ ਮੀਡੀਆ ਕੰਪਨੀਆਂ ਨੇ ਜਾਣ-ਬੁੱਝ ਕੇ ਅਜਿਹੇ ਐਲਗੋਰਿਦਮ ਤੇ ਫੀਚਰਸ ਵਿਕਸਿਤ ਕੀਤੇ ਹਨ, ਜਿਨ੍ਹਾਂ ਦਾ ਮਕਸਦ ਨੌਜਵਾਨਾਂ ਨੂੰ ਵੱਧ ਤੋਂ ਵੱਧ ਸਮੇਂ ਤੱਕ ਸਕ੍ਰੀਨ ਨਾਲ ਜੋੜੀ ਰੱਖਣਾ ਹੈ। ਮੁਟਿਆਰ ਦਾ ਕਹਿਣਾ ਹੈ ਕਿ ਲਗਾਤਾਰ ਨੋਟੀਫਿਕੇਸ਼ਨ, ਸਕ੍ਰੋਲ ਅਤੇ ਕੰਟੈਂਟ ਰਿਕਮੈਂਡੇਸ਼ਨ ਨੇ ਉਸ ਦੀ ਮਾਨਸਿਕ ਸਿਹਤ 'ਤੇ ਡੂੰਘਾ ਅਸਰ ਪਾਇਆ।

ਮਾਹਿਰਾਂ ਦਾ ਮੰਨਣਾ ਹੈ ਕਿ ਇਹ ਮਾਮਲਾ ਇਸ ਲਈ ਅਹਿਮ ਹੈ ਕਿਉਂਕਿ ਇਹ ਉਨ੍ਹਾਂ ਹਜ਼ਾਰਾਂ ਮੁਕੱਦਮਿਆਂ ਵਿਚੋਂ ਪਹਿਲਾ ਹੈ, ਜਿਨ੍ਹਾਂ ਵਿਚ ਪਰਿਵਾਰਾਂ ਨੇ ਸੋਸ਼ਲ ਮੀਡੀਆ ਕੰਪਨੀਆਂ ਨੂੰ ਬੱਚਿਆਂ ਤੇ ਨੌਜਵਾਨਾਂ ਦੀ ਮਾਨਸਿਕ ਸਿਹਤ ਨੂੰ ਨੁਕਸਾਨ ਪਹੁੰਚਾਉਣ ਦਾ ਜ਼ਿੰਮੇਵਾਰ ਠਹਿਰਾਇਆ ਹੈ।

ਬੁੱਧਵਾਰ ਤੋਂ ਜਿਊਰੀ ਚੋਣ ਪ੍ਰਕਿਰਿਆ ਦੇ ਨਾਲ ਇਸ ਮੁਕੱਦਮੇ ਦੀ ਰਸਮੀ ਸ਼ੁਰੂਆਤ ਹੋਈ। ਕਾਨੂੰਨੀ ਮਾਹਿਰਾਂ ਅਨੁਸਾਰ ਇਹ ਟ੍ਰਾਇਲ ਕਈ ਮਹੀਨਿਆਂ ਤੱਕ ਚੱਲ ਸਕਦਾ ਹੈ ਕਿਉਂਕਿ ਇਸ ਵਿਚ ਦੋ ਲੈਵਲਾਂ 'ਤੇ ਸੁਣਵਾਈ ਹੋਵੇਗੀ। ਪਹਿਲੇ ਲੈਵਲ 'ਤੇ ਸੂਬਾ ਪੱਧਰ ਦੇ ਮੁਕੱਦਮੇ ਸ਼ਾਮਲ ਹਨ, ਜੋ ਪੀੜਤ ਪਰਿਵਾਰਾਂ ਨੇ ਦਾਇਰ ਕੀਤੇ ਹਨ। ਦੂਜੇ ਸੰਘੀ ਪੱਧਰ ਦੇ ਮੁਕੱਦਮੇ ਹਨ, ਜਿਨ੍ਹਾਂ ਵਿਚ ਪਰਿਵਾਰਾਂ ਦੇ ਨਾਲ-ਨਾਲ ਸਕੂਲ, ਸੂਬਿਆਂ ਦੇ ਅਟਾਰਨੀ ਜਨਰਲ ਅਤੇ ਨੇਟਿਵ ਅਮਰੀਕੀ ਕਬੀਲੇ ਵੀ ਸ਼ਾਮਲ ਹਨ।

ਟੈੱਕ ਦਿੱਗਜਾਂ ਦੀ ਹੋਵੇਗੀ ਪੇਸ਼ੀਇਸ ਹਾਈ-ਪ੍ਰੋਫਾਈਲ ਕੇਸ ਵਿਚ ਟੈੱਕ ਇੰਡਸਟਰੀ ਦੇ ਵੱਡੇ ਨਾਂ ਵੀ ਅਦਾਲਤ ਵਿਚ ਗਵਾਹੀ ਦੇਣਗੇ। ਮੈਟਾ ਦੇ ਸੀ.ਈ.ਓ. ਮਾਰਕ ਜ਼ੁਕਰਬਰਗ ਅਤੇ ਇੰਸਟਾਗ੍ਰਾਮ ਦੇ ਮੁਖੀ ਐਡਮ ਮੋਸੇਰੀ ਦੇ ਬਿਆਨ ਦਰਜ ਕੀਤੇ ਜਾਣੇ ਹਨ। ਹਾਲਾਂਕਿ ਸਨੈਪ ਦੇ ਸੀ.ਈ.ਓ. ਇਵਾਨ ਸਪੀਗਲ ਨੇ ਵੀ ਗਵਾਹੀ ਦੇਣੀ ਸੀ ਪਰ ਸਨੈਪ ਨੇ ਟ੍ਰਾਇਲ ਸ਼ੁਰੂ ਹੋਣ ਤੋਂ ਪਹਿਲਾਂ ਹੀ ਸਮਝੌਤਾ ਕਰ ਲਿਆ। ਇਸ ਦੇ ਬਾਵਜੂਦ ਕੰਪਨੀ ਹੋਰ ਮਾਮਲਿਆਂ ਵਿਚ ਅਜੇ ਵੀ ਕਾਨੂੰਨੀ ਲੜਾਈ ਦਾ ਸਾਹਮਣਾ ਕਰ ਰਹੀ ਹੈ।

# ਟੈਕਸਾਸ ਦੀਆਂ ਸਰਕਾਰੀ ਯੂਨੀਵਰਸਿਟੀਆਂ ਵੱਲੋਂ ਐੱਚ-1ਬੀ ਵੀਜ਼ਾ 'ਤੇ ਰੋਕ




**ਹਿਊਸਟਨ, (ਪੰਜਾਬ ਮੇਲ)**- ਟੈਕਸਾਸ ਦੇ ਗਵਰਨਰ ਗ੍ਰੇਗ ਐਬਟ ਨੇ ਸੂਬੇ ਦੀਆਂ ਸਾਰੀਆਂ ਸਰਕਾਰੀ ਏਜੰਸੀਆਂ ਅਤੇ ਜਨਤਕ ਯੂਨੀਵਰਸਿਟੀਆਂ ਵਿਚ ਨਵੇਂ ਐੱਚ-1ਬੀ ਵੀਜ਼ਾ ਪਟੀਸ਼ਨਾਂ 'ਤੇ ਤੁਰੰਤ ਪ੍ਰਭਾਵ ਨਾਲ ਰੋਕ ਲਗਾਉਣ ਦੇ ਹੁਕਮ ਦਿੱਤੇ ਹਨ।

ਗਵਰਨਰ ਵੱਲੋਂ ਜਾਰੀ ਕੀਤੇ ਗਏ ਨਿਰਦੇਸ਼ਾਂ ਅਨੁਸਾਰ, ਇਹ ਫੈਸਲਾ ਮਈ 2027 ਤੱਕ ਲਾਗੂ ਰਹੇਗਾ। ਹੁਣ ਕੋਈ ਵੀ ਸਰਕਾਰੀ ਸੰਸਥਾ ਟੈਕਸਾਸ ਵਰਕਫੋਰਸ ਕਮਿਸ਼ਨ ਦੀ ਲਿਖਤੀ ਮਨਜ਼ੂਰੀ ਤੋਂ ਬਿਨਾਂ ਨਵੀਂ ਐੱਚ-1ਬੀ ਵੀਜ਼ਾ ਅਰਜ਼ੀ ਦਾਇਰ ਨਹੀਂ ਕਰ ਸਕੇਗੀ। ਗਵਰਨਰ ਐਬਟ ਦਾ ਕਹਿਣਾ ਹੈ ਕਿ ਇਹ ਕਦਮ ਵੀਜ਼ਾ ਪ੍ਰੋਗਰਾਮ ਵਿਚ ਹੋ ਰਹੀ ਕਥਿਤ ਦੁਰਵਰਤੋਂ ਨੂੰ ਰੋਕਣ ਅਤੇ ਅਮਰੀਕੀ ਨੌਕਰੀਆਂ ਅਮਰੀਕੀ ਕਾਮਿਆਂ ਨੂੰ ਦੇਣ ਲਈ ਚੁੱਕਿਆ ਗਿਆ ਹੈ।

ਇਸ ਫੈਸਲੇ ਦੀ ਸਭ ਤੋਂ ਵੱਡੀ ਮਾਰ ਭਾਰਤੀਆਂ 'ਤੇ ਪੈਣ ਦੀ ਉਮੀਦ ਹੈ, ਕਿਉਂਕਿ ਕੁੱਲ ਪ੍ਰਵਾਨਿਤ ਐੱਚ-1ਬੀ ਅਰਜ਼ੀਆਂ ਵਿਚੋਂ 71 ਫੀਸਦੀ ਹਿੱਸਾ ਇਕੱਲੇ ਭਾਰਤੀਆਂ ਦਾ ਹੈ। ਟੈਕਸਾਸ ਦੀਆਂ ਯੂਨੀਵਰਸਿਟੀਆਂ ਵਿਚ ਵੱਡੀ ਗਿਣਤੀ ਵਿਚ ਭਾਰਤੀ ਫੈਕਲਟੀ ਅਤੇ ਖੋਜਕਰਤਾ ਇੰਜੀਨੀਅਰਿੰਗ, ਸਿਹਤ ਸੰਭਾਲ ਅਤੇ ਤਕਨਾਲੋਜੀ ਦੇ ਖੇਤਰਾਂ ਵਿਚ ਕੰਮ ਕਰ ਰਹੇ ਹਨ। ਭਾਰਤੀ ਵਿਦਿਆਰਥੀ ਅਮਰੀਕੀ ਅਰਥਵਿਵਸਥਾ ਵਿਚ ਸਾਲਾਨਾ ਲਗਭਗ 10 ਬਿਲੀਅਨ ਡਾਲਰ ਦਾ ਯੋਗਦਾਨ ਪਾਉਂਦੇ ਹਨ।

ਇਸ ਦੇ ਨਾਲ ਹੀ, ਰਾਸ਼ਟਰਪਤੀ ਡੋਨਾਲਡ ਟਰੰਪ ਦੇ ਨਵੇਂ ਨਿਯਮਾਂ ਤਹਿਤ ਹੁਣ ਨਵੇਂ ਐੱਚ-1ਬੀ ਬਿਨੈਕਾਰਾਂ ਨੂੰ 1,00,000 ਅਮਰੀਕੀ ਡਾਲਰ (ਲਗਭਗ 84 ਲੱਖ ਰੁਪਏ) ਦੀ ਵਾਧੂ ਫੀਸ ਵੀ ਭਰਨੀ ਪਵੇਗੀ। ਇਹ ਨਿਯਮ 21 ਸਤੰਬਰ ਤੋਂ ਬਾਅਦ ਜਮ੍ਹਾਂ ਹੋਣ ਵਾਲੀਆਂ ਸਾਰੀਆਂ ਨਵੀਆਂ ਪਟੀਸ਼ਨਾਂ 'ਤੇ ਲਾਗੂ ਹੋਵੇਗਾ।

ਦੂਜੇ ਪਾਸੇ, ਟਰੰਪ ਪ੍ਰਸ਼ਾਸਨ ਨੇ 'ਗੋਲਡ ਕਾਰਡ' ਨਾਂ ਦੀ ਇੱਕ ਨਵੀਂ ਯੋਜਨਾ ਵੀ ਸ਼ੁਰੂ ਕੀਤੀ ਹੈ। ਇਸ ਤਹਿਤ ਜਿਹੜੇ ਵਿਅਕਤੀ ਅਮਰੀਕੀ ਖਜ਼ਾਨੇ ਵਿਚ 1 ਮਿਲੀਅਨ ਡਾਲਰ (ਜਾਂ ਕੰਪਨੀ ਸਪਾਂਸਰਸ਼ਿਪ ਰਾਹੀਂ 2 ਮਿਲੀਅਨ ਡਾਲਰ) ਜਮ੍ਹਾਂ ਕਰਵਾਉਣਗੇ, ਉਨ੍ਹਾਂ ਨੂੰ ਵੀਜ਼ਾ ਪ੍ਰਕਿਰਿਆ 'ਚ ਤੇਜ਼ੀ ਤੇ ਗ੍ਰੀਨ ਕਾਰਡ ਲੈਣ ਦਾ ਸਿੱਧਾ ਰਸਤਾ ਮਿਲੇਗਾ। ਆਰਥਿਕ ਮਾਹਰਾਂ ਦਾ ਮੰਨਣਾ ਹੈ ਕਿ ਇਸ ਵੀਜ਼ਾ ਫ੍ਰੀਜ਼ ਨਾਲ ਟੈਕਸਾਸ 'ਚ ਉੱਚ ਹੁਨਰਮੰਦ ਪੇਸ਼ੇਵਰਾਂ ਦੀ ਭਰਤੀ ਪ੍ਰਭਾਵਿਤ ਹੋ ਸਕਦੀ ਹੈ, ਜਿਸ ਨਾਲ ਖੋਜ ਅਤੇ ਨਵੀਨਤਾ ਦੀ ਰਫ਼ਤਾਰ

# ਅਮਰੀਕਾ 'ਚ ਦਿੱਸਣ ਲੱਗਾ ਡਿਪੋਰਟਸ਼ਨ ਦਾ ਅਸਰ; ਆਬਾਦੀ ਤੇ ਵਿਕਾਸ ਦਰ 'ਚ ਗਿਰਾਵਟ



**ਓਰਲੈਂਡੋ, (ਪੰਜਾਬ ਮੇਲ)**- ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਪ੍ਰਵਾਸੀਆਂ ਖ਼ਿਲਾਫ਼ ਵਿੱਢੀ ਗਈ ਸਖ਼ਤ ਮੁਹਿੰਮ ਦਾ ਅਸਰ ਹੁਣ ਅਮਰੀਕਾ ਦੇ ਅੰਕੜਿਆਂ ਵਿਚ ਸਾਫ਼ ਦਿਖਾਈ ਦੇਣ ਲੱਗਾ ਹੈ। 'ਯੂ.ਐੱਸ. ਸੈਂਸਸ ਬਿਊਰੋ' ਵੱਲੋਂ ਜਾਰੀ ਤਾਜ਼ਾ ਰਿਪੋਰਟ ਮੁਤਾਬਕ, ਸਾਲ 2025 ਵਿਚ ਅਮਰੀਕਾ ਦੀ ਜਨਸੰਖਿਆ ਵਾਧਾ ਦਰ ਘੱਟ ਕੇ ਸਿਰਫ਼ 0.5% ਰਹਿ ਗਈ ਹੈ, ਜੋ ਕਿ 2024 ਵਿਚ ਲਗਭਗ 1% ਸੀ।

ਰਿਪੋਰਟ ਅਨੁਸਾਰ, ਅਮਰੀਕਾ ਦੀ ਕੁੱਲ ਆਬਾਦੀ ਹੁਣ 34.2 ਕਰੋੜ (342 ਮਿਲੀਅਨ) ਦੇ ਕਰੀਬ ਪਹੁੰਚ ਗਈ ਹੈ। ਪਰ ਪ੍ਰਵਾਸੀਆਂ ਦੀ ਗਿਣਤੀ ਵਿਚ ਜੋ ਉਛਾਲ ਪਿਛਲੇ ਸਾਲ ਦੇਖਿਆ ਗਿਆ ਸੀ, ਉਹ ਹੁਣ ਮੱਠਾ ਪੈ ਗਿਆ ਹੈ। 2024 ਵਿਚ 28 ਲੱਖ ਨਵੇਂ ਪ੍ਰਵਾਸੀ ਅਮਰੀਕਾ ਆਏ ਸਨ ਅਤੇ 2025 ਵਿਚ ਇਹ ਗਿਣਤੀ ਘੱਟ ਕੇ ਸਿਰਫ਼ 13 ਲੱਖ ਰਹਿ ਗਈ ਹੈ। ਪ੍ਰਵਾਸੀਆਂ ਦੀ ਆਮਦ ਵਿਚ ਇਸ 50% ਤੋਂ ਵੱਧ ਦੀ ਗਿਰਾਵਟ ਦਾ ਸਿੱਧਾ ਕਾਰਨ ਟਰੰਪ ਪ੍ਰਸ਼ਾਸਨ ਦੀਆਂ ਸਖ਼ਤ ਨੀਤੀਆਂ ਅਤੇ ਸਰਹੱਦਾਂ 'ਤੇ ਕੀਤੀ ਗਈ ਸਖ਼ਤੀ ਨੂੰ ਮੰਨਿਆ ਜਾ ਰਿਹਾ ਹੈ।

ਅੰਕੜੇ ਦੱਸਦੇ ਹਨ ਕਿ ਪਿਛਲੇ 125 ਸਾਲਾਂ ਵਿਚ ਸਭ ਤੋਂ ਘੱਟ ਵਾਧਾ ਦਰ 2021 (ਕੋਰੋਨਾ ਕਾਲ) ਵਿਚ 0.16% ਦਰਜ ਕੀਤੀ ਗਈ ਸੀ। ਉਸ ਤੋਂ ਪਹਿਲਾਂ 1919 ਵਿਚ ਸਪੈਨਿਸ਼ ਫਲੂ ਵੇਲੇ ਇਹ ਦਰ 0.5% ਤੋਂ ਹੇਠਾਂ ਸੀ। ਹੁਣ 2025 ਦੇ ਅੰਕੜੇ ਦਰਸਾਉਂਦੇ ਹਨ ਕਿ ਅਮਰੀਕਾ ਇੱਕ ਵਾਰ ਫਿਰ ਉਸੇ ਨਿਊਨਤਮ ਪੱਧਰ ਦੇ ਕਰੀਬ ਪਹੁੰਚ ਰਿਹਾ ਹੈ।

ਸੈਂਸਸ ਬਿਊਰੋ ਦੇ ਵਿਗਿਆਨੀ ਐਰਿਕ ਜੇਨਸਨ ਮੁਤਾਬਕ, ਹੁਣ ਅਮਰੀਕਾ ਆਉਣ ਵਾਲੇ ਲੋਕਾਂ ਦੀ ਗਿਣਤੀ ਘੱਟ ਰਹੀ ਹੈ ਅਤੇ ਦੇਸ਼ ਛੱਡ ਕੇ ਜਾਣ ਵਾਲਿਆਂ ਦੀ ਗਿਣਤੀ ਵਧ ਰਹੀ ਹੈ। ਹਾਲਾਂਕਿ ਇਹ ਅੰਕੜੇ ਜੁਲਾਈ 2024 ਤੋਂ ਜੁਲਾਈ 2025 ਤੱਕ ਦੇ ਹਨ (ਜਿਸ ਵਿਚ ਬਾਇਡਨ ਦੇ ਆਖਰੀ ਦਿਨ ਅਤੇ ਟਰੰਪ ਦੇ ਸ਼ੁਰੂਆਤੀ ਮਹੀਨੇ ਸ਼ਾਮਲ ਹਨ), ਪਰ ਸ਼ਿਕਾਗੋ, ਲਾਸ ਏਂਜਲਸ ਅਤੇ ਮਿਨੀਆਪੋਲਿਸ ਵਰਗੇ ਸ਼ਹਿਰਾਂ ਵਿਚ ਚਲਾਈਆਂ ਗਈਆਂ ਤਾਜ਼ਾ 'ਛਾਪੇਮਾਰੀ ਮੁਹਿੰਮਾਂ' ਦਾ ਪੂਰਾ ਅਸਰ ਅਗਲੇ ਅੰਕੜਿਆਂ ਵਿਚ ਹੋਰ ਵੀ ਭਿਆਨਕ ਹੋ ਸਕਦਾ ਹੈ।

ਇੱਕ ਪਾਸੇ ਆਬਾਦੀ ਦੀ ਰਫ਼ਤਾਰ ਘਟੀ ਹੈ, ਦੂਜੇ ਪਾਸੇ ਟਰੰਪ ਸਰਕਾਰ ਦੇ 'ਖ਼ਰਚਾ ਘਟਾਓ' ਮੁਹਿੰਮ ਤਹਿਤ ਸੈਂਸਸ ਬਿਊਰੋ ਦੇ 15% ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ। ਮਾਹਿਰਾਂ ਨੇ ਅੰਕੜਿਆਂ ਵਿਚ ਸਿਆਸੀ ਦਖ਼ਲਅੰਦਾਜ਼ੀ ਦਾ ਖ਼ਦਸ਼ਾ ਵੀ ਪ੍ਰਗਟਾਇਆ ਹੈ, ਪਰ ਫਿਲਹਾਲ ਇਨ੍ਹਾਂ ਅੰਕੜਿਆਂ ਨੂੰ ਸਹੀ ਮੰਨਿਆ ਜਾ ਰਿਹਾ ਹੈ।

MARS ONE SERVICES INC

MARS 1 TAXES
MARS ONE TAXES

Michael S. Bathla
CPA*, EA, MBA
President
Michael@MarsOneCPA.com
* Licensed in Nevada and California

3650 Auburn Blvd. Suite B
Sacramento, CA 95821

Mobile : (916) 300-8887
Office : (916) 696-7800, Fax: (916) 333-1717
• MarsOneTaxes@gmail.com



Michael S. Bathla, CPA*, EA, MBA
President
Michael@MarsOneCPA.com
* Licensed in Nevada and California

# ਕੈਨੇਡਾ ’ਚ ਰਿਸ਼ਵਤ ਲੈ ਕੇ ਟਰੱਕ ਡਰਾਈਵਿੰਗ ਲਾਇਸੈਂਸ ਦੇਣ ਵਾਲਿਆਂ ’ਚ 4 ਪੰਜਾਬੀ ਸ਼ਾਮਲ

**■ ਸੌਦੇਬਾਜ਼ੀ ਕਰਕੇ ਪਾਸ ਕਰਵਾਇਆ ਜਾਂਦਾ ਸੀ ਟੈਸਟ**

**ਵੈਨਕੂਵਰ, (ਪੰਜਾਬ ਮੇਲ)**- ਓਨਟਾਰੀਓ ਦੀ ਸੂਬਾਈ ਪੁਲਿਸ ਨੇ ਬਰੈਂਪਟਨ ਅਤੇ ਗਰੇਟਰ ਟੋਰਾਂਟੋ ਖੇਤਰ ਦੇ ਸ਼ਹਿਰਾਂ ਵਿਚ ਰਿਸ਼ਵਤ ਲੈ ਕੇ ਟਰੱਕ ਡਰਾਈਵਿੰਗ ਟੈਸਟ ਪਾਸ ਕਰਵਾਉਣ ਦੇ ਦੋਸ਼ਾਂ ਹੇਠ 4 ਪੰਜਾਬੀਆਂ ਸਮੇਤ ਅੱਠ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ ਜੋ ਲੰਮੇ ਸਮੇਂ ਤੋਂ ਸੌਦੇਬਾਜ਼ੀ ਕਰਕੇ ਟੈਸਟ ਪਾਸ ਕਰਵਾ ਰਹੇ ਸਨ। ਬਰੈਂਪਟਨ ਦੇ ਰਹਿਣ ਵਾਲੇ ਜਸਪਾਲ ਬੈਨੀਪਾਲ (58), ਹਰਮਨਦੀਪ ਸੂਦਨ (40), ਨਵਦੀਪ ਗਰੇਵਾਲ (36) ਤੇ ਕੈਲੇਡਨ ਦੇ ਰਹਿਣ ਵਾਲੇ ਮਨਦੀਪ ਮਾਨਾਸ਼ਾਹੀਆ (34) ਉਨ੍ਹਾਂ 8 ਮੁਲਜ਼ਮਾਂ ਵਿਚ ਸ਼ਾਮਲ ਹਨ, ਜਿਨ੍ਹਾਂ ’ਤੇ ਦੋਸ਼ ਲੱਗੇ ਹਨ ਕਿ ਉਹ ਅਯੋਗ ਵਿਅਕਤੀਆਂ ਨੂੰ ਟਰੱਕ ਜਾਂ ਹੋਰ ਵਾਹਨ ਚਲਾਉਣ ਲਈ ਰਿਸ਼ਵਤ ਲੈ ਕੇ ਲਾਇਸੈਂਸ ਹਾਸਲ ਕਰਵਾਉਣ ਵਿਚ ਮਦਦ ਕਰਦੇ ਰਹੇ ਹਨ। ਇਹ ਲੋਕ ਲਾਇਸੈਂਸ ਇੱਛੁਕਾਂ ਨਾਲ ਸੌਦੇਬਾਜ਼ੀ ਕਰਕੇ ਉਨ੍ਹਾਂ ਦਾ ਰੋਡ ਟੈਸਟ ਲੈਣ ਮੌਕੇ ਉਨ੍ਹਾਂ ਦੀਆਂ ਗਲਤੀਆਂ ਨੂੰ ਅਣਗੌਲਿਆਂ ਕਰਕੇ ਪਾਸ ਕਰ ਦਿੰਦੇ ਸਨ।



ਰਿਸ਼ਵਤ ਲੈ ਕੇ ਰੋਡ ਟੈਸਟ ਪਾਸ ਕਰਵਾਉਣ ਦੇ ਮਾਮਲੇ ਉਦੋਂ ਤੋਂ ਓਨਟਾਰੀਓ ਸੂਬਾਈ ਪੁਲਿਸ ਨੇ ਨਿਸ਼ਾਨੇ ’ਤੇ ਲਏ ਹੋਏ ਸਨ, ਜਦੋਂ ਸੂਬਾਈ ਟਰਾਂਸਪੋਰਟ ਮੰਤਰੀ ਪ੍ਰਭਮੀਤ ਸਿੰਘ ਸਰਕਾਰੀਆ ਨੇ ਪੁਲਿਸ ਨੂੰ ਕਾਰਵਾਈ ਕਰਨ ਲਈ ਕਿਹਾ ਸੀ।

ਇਥੇ ਦੱਸਣਾ ਬਣਦਾ ਹੈ ਕਿ ਬੇਸ਼ੱਕ ਕੈਨੇਡਾ ਦੇ ਸੂਬਿਆਂ ਵਿਚ ਡਰਾਈਵਿੰਗ ਲਾਇਸੈਂਸ ਲੈਣ ਦੇ ਕੁਝ ਨਿਯਮ ਵੱਖ-ਵੱਖ ਹਨ, ਪਰ ਲਾਇਸੈਂਸ ਲੈਣ ਲਈ ਹਰੇਕ ਸੂਬੇ ’ਚ ਪਹਿਲਾਂ ਸੜਕ ਨਿਯਮਾਂ ਬਾਰੇ ਜਾਣਕਾਰੀ ਟੈਸਟ ਪਾਸ ਕਰਕੇ ਫਿਰ ਰੋਡ ਟੈਸਟ ਦੇਣਾ ਪੈਂਦਾ ਹੈ, ਜਿਸ ਦੌਰਾਨ ਵਿਭਾਗ ਦਾ ਅਧਿਕਾਰੀ ਵਾਹਨ ਵਿਚ ਪ੍ਰੀਖਿਅਕ ਨਾਲ ਬੈਠ ਕੇ 40 ਮਿੰਟ ਵਾਹਨ ਚਲਵਾ ਕੇ ਵੇਖਦਾ ਹੈ ਤੇ ਚੰਗੀ ਕਾਰਗੁਜ਼ਾਰੀ ਹੋਵੇ ਤਾਂ ਹੀ ਪਾਸ ਕਰਦਾ ਹੈ। ਭਾਰਤ ਸਮੇਤ ਕਈ ਦੇਸ਼ਾਂ ਤੋਂ ਗਏ ਪ੍ਰੀਖਿਅਕਾਂ ਨੂੰ ਪਾਸ ਹੋਣ ਲਈ ਕਈ ਟੈਸਟ ਦੇਣੇ ਪੈਂਦੇ ਹਨ। ਪਿਛਲੇ ਸਾਲਾਂ ’ਚ ਓਨਟਾਰੀਓ ਵਿਚ ਟਰੱਕ ਬੱਸ ਚਲਾਉਣ ਲਈ ਲਾਇਸੈਂਸ ਨਾਲ ਦੀ ਨਾਲ ਮਿਲ ਜਾਂਦਾ ਸੀ, ਪਰ ਇਸ ਸਾਲ ਤੋਂ ਉਥੇ ਵੀ ਹੋਰ ਸੂਬਿਆਂ ਵਾਂਗ ਤਿੰਨ ਸਾਲ ਦੇ ਹਲਕੇ ਵਾਹਨ ਲਾਇਸੈਂਸ ਦੀ ਸ਼ਰਤ ਲਾਗੂ ਕੀਤੀ ਗਈ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :**
**www.punjabmailusa.com**

## ਵਿਸ਼ਵ ਬੈਂਕ ਦੇ ਪ੍ਰਧਾਨ ਅਜੈਪਾਲ ਸਿੰਘ ਬੰਗਾ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਵਿਖੇ ਨਤਮਸਤਕ

**ਅੰਮ੍ਰਿਤਸਰ, (ਪੰਜਾਬ ਮੇਲ)**- ਵਿਸ਼ਵ ਬੈਂਕ ਸਮੂਹ ਦੇ ਪ੍ਰਧਾਨ



ਅਜੈਪਾਲ ਸਿੰਘ ਬੰਗਾ ਬੀਤੇ ਦਿਨੀਂ ਅਧਿਕਾਰਤ ਦੌਰੇ ’ਤੇ ਪਾਕਿਸਤਾਨ ਪਹੁੰਚੇ। ਉਨ੍ਹਾਂ ਨੇ ਆਪਣੀ ਯਾਤਰਾ ਦੇ ਹਿੱਸੇ ਵਜੋਂ ਦੁਪਹਿਰ ਨੂੰ ਆਪਣੇ ਵਫ਼ਦ ਦੇ ਨਾਲ ਜ਼ਿਲ੍ਹਾ ਅਟਕ ਦੇ ਹਸਨ ਅਬਦਾਲ ਸ਼ਹਿਰ ਵਿਚਲੇ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਦੇ ਦਰਸ਼ਨ ਕੀਤੇ। ਪਾਕਿ ਦੇ ਸੰਘੀ ਵਿੱਤ ਮੰਤਰੀ ਮੁਹੰਮਦ ਔਰੰਗਜ਼ੇਬ ਵੀ ਉਨ੍ਹਾਂ ਦੇ ਨਾਲ ਸਨ। ਗੁਰਦੁਆਰਾ ਸ੍ਰੀ ਪੰਜਾ ਸਾਹਿਬ ਵਿਖੇ ਪਹੁੰਚਣ ’ਤੇ ਬੰਗਾ ਦਾ ਸਵਾਗਤ ਲਹਿੰਦੇ ਪੰਜਾਬ ਦੇ ਘੱਟ ਗਿਣਤੀ ਮਾਮਲਿਆਂ ਦੇ ਮੰਤਰੀ ਰਮੇਸ਼ ਸਿੰਘ ਅਰੋੜਾ ਨੇ ਕੀਤਾ। ਇਸ ਮੌਕੇ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਦੇ ਵਧੀਕ ਸਕੱਤਰ (ਸ਼ਰਾਈਨਜ਼) ਨਾਸਿਰ ਮੁਸ਼ਤਾਕ, ਵਧੀਕ ਸਕੱਤਰ ਮਨੁੱਖੀ ਅਧਿਕਾਰ ਤੇ ਘੱਟ ਗਿਣਤੀ ਮਾਮਲੇ ਹਿੰਜਾਬ ਹੈਦਰ ਅੱਬਾਸ ਵਟੂ, ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਸਤਵੰਤ ਸਿੰਘ, ਸਿੱਖ ਆਗੂ ਸੰਤੋਖ ਸਿੰਘ, ਰਵਿੰਦਰ ਸਿੰਘ ਜੱਗੀ, ਭੁਪਿੰਦਰ ਸਿੰਘ ਲਵਲੀ, ਜ਼ਿਲ੍ਹਾ ਪੁਲਿਸ ਅਧਿਕਾਰੀ ਤੇ ਡਿਪਟੀ ਕਮਿਸ਼ਨਰ ਸਮੇਤ ਸੀਨੀਅਰ ਸਥਾਨਕ ਅਧਿਕਾਰੀ ਹਾਜ਼ਰ ਸਨ।

# ਯੂਰਪੀ ਦੇਸ਼ ਵੱਲੋਂ ਲੱਖਾਂ ਪ੍ਰਵਾਸੀਆਂ ਨੂੰ ਪੀ.ਆਰ. ਦੇਣ ਦਾ ਫੈਸਲਾ

**ਬਾਰਸੀਲੋਨਾ, (ਪੰਜਾਬ ਮੇਲ)**- ਜਿੱਥੇ ਇੱਕ ਪਾਸੇ ਅਮਰੀਕਾ ਵਿਚ ਟਰੰਪ ਪ੍ਰਸ਼ਾਸਨ ਪ੍ਰਵਾਸੀਆਂ ਖ਼ਿਲਾਫ਼ ਸਖ਼ਤ ਮੁਹਿੰਮ ਚਲਾ ਰਿਹਾ ਹੈ, ਉੱਥੇ ਹੀ ਯੂਰਪੀ ਦੇਸ਼ ਸਪੇਨ ਨੇ ਦੁਨੀਆਂ ਨੂੰ ਹੈਰਾਨ ਕਰਦਿਆਂ ਇੱਕ ਇਤਿਹਾਸਕ ਫੈਸਲਾ ਲਿਆ ਹੈ। ਸਪੇਨ ਦੀ ਸਰਕਾਰ ਨੇ ਦੇਸ਼ ਵਿਚ ਬਿਨਾਂ ਦਸਤਾਵੇਜ਼ਾਂ ਦੇ ਰਹਿ ਰਹੇ ਲੱਖਾਂ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ‘ਕਾਨੂੰਨੀ ਦਰਜਾ’ ਦੇਣ ਦਾ ਐਲਾਨ ਕੀਤਾ ਹੈ। ਇਸ ਫੈਸਲੇ ਨਾਲ ਖੇਤੀਬਾੜੀ, ਸੈਰ-ਸਪਾਟਾ ਅਤੇ ਸੇਵਾ ਖੇਤਰ ਵਿਚ ਕੰਮ ਕਰ ਰਹੇ ਹਜ਼ਾਰਾਂ ਭਾਰਤੀਆਂ ਸਮੇਤ ਹੋਰਨਾਂ ਦੇਸ਼ਾਂ ਦੇ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ।

ਸਪੇਨ ਦੀ ਪ੍ਰਵਾਸ ਮੰਤਰੀ ਐਲਮਾ ਸਾਈਜ਼ ਨੇ ਦੱਸਿਆ ਕਿ ਸਰਕਾਰ ਇੱਕ ਵਿਸ਼ੇਸ਼ ਆਰਡੀਨੈਂਸ ਰਾਹੀਂ ਕਾਨੂੰਨ ਵਿਚ ਬਦਲਾਅ ਕਰ ਰਹੀ ਹੈ। ਇਸ ਦੇ ਮੁੱਖ ਨੁਕਤਿਆਂ ’ਚ ਸ਼ਾਮਲ ਹਨ:

**ਰਿਹਾਇਸ਼:** ਉਹ ਪ੍ਰਵਾਸੀ ਜੋ 31 ਦਸੰਬਰ 2025 ਤੋਂ ਪਹਿਲਾਂ ਸਪੇਨ ਆਏ ਹਨ।

**ਸਬੂਤ:** ਜਿਨ੍ਹਾਂ ਕੋਲ ਘੱਟੋ-ਘੱਟ 5 ਮਹੀਨਿਆਂ ਤੋਂ ਸਪੇਨ ਵਿਚ ਰਹਿਣ ਦਾ ਸਬੂਤ ਹੈ।

**ਸਾਫ਼ ਰਿਕਾਰਡ:** ਬਿਨੈਕਾਰ ਦਾ ਕੋਈ ਅਪਰਾਧਿਕ ਪਿਛੋਕੜ ਨਹੀਂ ਹੋਣਾ ਚਾਹੀਦਾ।

**ਮਿਆਦ:** ਯੋਗ ਲੋਕਾਂ ਨੂੰ 1 ਸਾਲ ਦਾ ਰਿਹਾਇਸ਼ੀ ਪਰਮਿਟ ਅਤੇ ਕੰਮ ਕਰਨ ਦੀ ਇਜਾਜ਼ਤ ਦਿੱਤੀ ਜਾਵੇਗੀ।

ਸਰਕਾਰੀ ਅੰਕੜਿਆਂ ਮੁਤਾਬਕ ਇਸ ਫੈਸਲੇ ਨਾਲ ਸਿੱਧੇ ਤੌਰ ’ਤੇ 5 ਲੱਖ ਲੋਕਾਂ ਨੂੰ ਫਾਇਦਾ ਹੋਵੇਗਾ, ਜਦਕਿ ਕੁਝ ਅਧਿਐਨਾਂ ਦਾ ਮੰਨਣਾ ਹੈ ਕਿ ਇਹ ਗਿਣਤੀ 8 ਲੱਖ ਤੱਕ ਹੋ ਸਕਦੀ ਹੈ। ਇਹ ਉਹ ਲੋਕ ਹਨ, ਜੋ ਸਾਲਾਂ ਤੋਂ ਸਪੇਨ ਦੀ ਆਰਥਿਕਤਾ ਵਿਚ ਯੋਗਦਾਨ ਪਾ ਰਹੇ ਸਨ ਪਰ ‘ਗੁਮਨਾਮੀ’ ਦੀ ਜ਼ਿੰਦਗੀ ਜਿਊਣ ਲਈ ਮਜਬੂਰ ਸਨ।

ਸਪੇਨ ਸਰਕਾਰ ਦਾ ਇਹ ਕਦਮ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਪ੍ਰਵਾਸ ਵਿਰੋਧੀ ਨੀਤੀਆਂ ਦੇ ਬਿਲਕੁਲ ਉਲਟ ਹੈ। ਖੱਬੇ ਪੱਖੀ ਪਾਰਟੀ ‘ਪੋਡੇਮੋਸ’ ਦੀ ਆਗੂ ਆਈਰੀਨ ਮੋਂਟੇਰੋ ਨੇ ਕਿਹਾ, “ਅਮਰੀਕਾ ਵਿਚ ਲੋਕ ਡਰ ਦੇ ਸਾਏ ਹੇਠ ਹਨ ਕਿਉਂਕਿ ਟਰੰਪ ਦੀਆਂ ਨੀਤੀਆਂ ਪ੍ਰਵਾਸੀਆਂ ਨੂੰ ਬੱਚਿਆਂ ਤੋਂ ਵੱਖ ਕਰ ਰਹੀਆਂ ਹਨ ਪਰ ਅਸੀਂ ਉਨ੍ਹਾਂ ਨੂੰ ਕਾਗਜ਼ (ਕਾਨੂੰਨੀ ਦਰਜਾ) ਦੇ ਰਹੇ ਹਾਂ।”

ਜਿੱਥੇ ਮਨੁੱਖੀ ਅਧਿਕਾਰ ਸੰਗਠਨਾਂ ਅਤੇ ਕੈਥੋਲਿਕ ਸੰਸਥਾਵਾਂ ਨੇ ਇਸ ਦਾ ਸਵਾਗਤ ਕੀਤਾ ਹੈ, ਉੱਥੇ ਹੀ ਸਪੇਨ ਦੀਆਂ ਸੱਜੇ-ਪੱਖੀ ਪਾਰਟੀਆਂ ਨੇ ਇਸ ਦਾ ਤਿੱਖਾ ਵਿਰੋਧ ਕੀਤਾ ਹੈ।




# ਗੋਲੀਬਾਰੀ ਮਾਮਲੇ ’ਚ ਫੜੇ ਗਏ ਮੁਲਜ਼ਮਾਂ ਦੀ ਹੋਰ ਜੁਰਮਾਂ ’ਚ ਸ਼ਮੂਲੀਅਤ ਦੇ ਸ਼ੱਕ

**■ ਇਕ ਹੋਰ ਨੂੰ ਮੋਸਟ ਵਾਂਟਡ ਸੂਚੀ ’ਚ ਪਾਇਆ**



ਵੈਨਕੂਵਰ, (ਪੰਜਾਬ ਮੇਲ)- ਸਰੀ ਪੁਲਿਸ ਨੇ ਸਰੀ ਵਿਚ ਹੋਈ ਗੋਲੀਬਾਰੀ ਦੇ ਸਬੰਧ ਵਿਚ ਫੜੇ ਗਏ ਦੋ ਮੁਲਜ਼ਮਾਂ ਦੀਆਂ ਫੋਟੋਆਂ ਜਾਰੀ ਕਰਕੇ ਲੋਕਾਂ ਨੂੰ ਉਨ੍ਹਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਦੀ ਹੋਰ ਕਿਸੇ ਜੁਰਮ ਵਿਚ ਸ਼ਮੂਲੀਅਤ ਬਾਰੇ ਜਾਣਕਾਰੀ ਦੇਣ ਬਾਰੇ ਅਪੀਲ ਕੀਤੀ ਹੈ। ਪੁਲਿਸ ਨੂੰ ਸ਼ੱਕ ਹੈ ਕਿ ਉਨ੍ਹਾਂ ਨੇ ਕਈ ਹੋਰ ਥਾਵਾਂ ’ਤੇ ਗੋਲੀਬਾਰੀ ਦੀਆਂ ਘਟਨਾਵਾਂ ਨੂੰ ਅੰਜਾਮ ਦਿੱਤਾ ਹੋਵੇਗਾ, ਜਿਸ ਬਾਰੇ ਸਬੂਤ ਇਕੱਠੇ ਕੀਤੇ ਜਾ ਰਹੇ ਹਨ। ਹੰਸਪ੍ਰੀਤ ਸਿੰਘ ਤੇ ਹਰਸ਼ਦੀਪ ਸਿੰਘ ਦੋਵਾਂ ਨੂੰ ਗੋਲੀਬਾਰੀ ਤੋਂ ਅਗਲੇ ਦਿਨ ਫੜਿਆ ਗਿਆ ਸੀ। ਸਮਝਿਆ ਜਾਂਦਾ ਹੈ ਕਿ ਉਹ ਫਿਰੌਤੀਆਂ ਲਈ ਗੋਲੀਬਾਰੀ ਕਰਨ ਵਾਲੇ ਗਿਰੋਹ ਦਾ ਹਿੱਸਾ ਹਨ। ਪੁਲਿਸ ਦਾ ਕਹਿਣਾ ਹੈ ਕਿ ਫਿਰੌਤੀ ਅਪਰਾਧ ਨੂੰ ਨੱਥ ਪਾਉਣ ਲਈ ਸਰਕਾਰ ਵਲੋਂ ਐਲਾਨੇ ਢਾਈ ਲੱਖ ਦੇ ਫੰਡ ਵਿਚੋਂ ਮੁਖਬਰੀ ਕਰਨ ਵਾਲੇ ਪੁਲਿਸ ਸਹਿਯੋਗੀਆਂ ਨੂੰ ਇਨਾਮ ਵੀ ਦਿੱਤੇ ਜਾਣਗੇ। ਇਸੇ ਤਰ੍ਹਾਂ ਪ੍ਰਿੰਸ ਜਾਰਜ ਕੇਂਦਰੀ ਪੁਲਿਸ ਨੇ 56 ਸਾਲਾ ਹਰਵਿੰਦਰ ਕੁਮਾਰ ਕੇਮਰਾ ਨੂੰ ਖਤਰਨਾਕ ਅਪਰਾਧੀ ਗਰਦਾਨਦੇ ਹੋਏ ਉਸ ਨੂੰ ਮੋਸਟ ਵਾਂਟੇਡ ਸੂਚੀ ਵਿਚ ਪਾ ਦਿੱਤਾ ਹੈ। ਉਸ ’ਤੇ ਕਈ ਖਤਰਨਾਕ ਅਪਰਾਧਾਂ ਦੇ ਦੋਸ਼ ਹਨ। ਪੁਲਿਸ ਦਾ ਕਹਿਣਾ ਹੈ ਕਿ ਜਿਸ ਨੂੰ ਵੀ ਉਸ ਬਾਰੇ ਪਤਾ ਲੱਗੇ ਤਾਂ ਉਹ ਤੁਰੰਤ ਪੁਲਿਸ ਨੂੰ ਇਤਲਾਹ ਦੇਵੇ, ਤਾਂ ਕਿ ਉਸ ਨੂੰ ਗ੍ਰਿਫਤਾਰ ਕੀਤਾ ਜਾ ਸਕੇ।

# ਕੈਨੇਡੀਅਨ ਪੁਲਿਸ ਨੇ ਪੰਜਾਬੀ ਗਾਇਕ ਨੂੰ ਹਿਰਾਸਤ ’ਚ ਲੈਣ ਤੋਂ ਬਾਅਦ ਕੀਤਾ ਰਿਹਾਅ

ਦੋਰਾਹਾ, (ਪੰਜਾਬ ਮੇਲ)- ਪੰਜਾਬੀ ਗਾਇਕ ਸਿਮਰ ਦੋਰਾਹਾ ਨੂੰ ਕੈਨੇਡੀਅਨ ਪੁਲਿਸ ਨੇ ਹਿਰਾਸਤ ਵਿਚ ਲਿਆ ਪਰ ਬਾਅਦ ਵਿਚ ਰਿਹਾਅ ਕਰ ਦਿੱਤਾ, ਜਿਸ ਦੀ ਵੀਡੀਓ ਵਾਇਰਲ ਹੋਈ ਹੈ, ਹਾਲਾਂਕਿ ਸਥਾਨਕ ਪੁਲਿਸ ਨੇ ਹਾਲੇ ਤੱਕ ਇਸ ਸਬੰਧੀ ਕੋਈ ਬਿਆਨ ਜਾਰੀ ਨਹੀਂ ਕੀਤਾ।




ਸੂਤਰਾਂ ਅਨੁਸਾਰ ਸਿਮਰ ਨੂੰ ਕੈਨੇਡੀਅਨ ਪੁਲਿਸ ਨੇ ਚੋਰੀ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਸੀ ਪਰ ਉਸ ਤੋਂ ਬਾਅਦ ਰਿਹਾਅ ਕਰ ਦਿੱਤਾ ਗਿਆ। ਸਿਮਰ ਦੋ ਸਾਲ ਪਹਿਲਾਂ ਕੈਨੇਡਾ ਆ ਗਿਆ ਸੀ। ਉਹ ਪਿਛਲੇ ਮਹੀਨੇ ਭਾਰਤ ਆਇਆ ਸੀ ਅਤੇ ਮੁਹਾਲੀ ਵਿਚ ਕਿਰਾਏ ਦੇ ਮਕਾਨ ਵਿਚ ਰਹਿ ਰਿਹਾ ਸੀ। ਦੋਰਾਹਾ ਵਿਚ ਰਹਿਣ ਵਾਲੇ ਉਸ ਦੇ ਮਾਪਿਆਂ ਨੇ ਕਿਹਾ ਕਿ ਉਹ ਵੀ ਨਿਊਜ਼ ਚੈਨਲਾਂ ’ਤੇ ਆਈਆਂ ਖ਼ਬਰਾਂ ਤੋਂ ਹੈਰਾਨ ਹਨ। ਉਸ ਦੀ ਮਾਂ ਇੰਦਰਜੀਤ ਕੌਰ ਨੇ ਉਸ ਦੀ ਗ੍ਰਿਫਤਾਰੀ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਉਸ ਨੂੰ 20-25 ਮਿੰਟਾਂ ਬਾਅਦ ਰਿਹਾਅ ਕਰ ਦਿੱਤਾ ਗਿਆ।

ਉਨ੍ਹਾਂ ਦੱਸਿਆ ਕਿ ਸਿਮਰ ਬਾਈਪੋਲਰ ਡਿਸਆਰਡਰ ਤੋਂ ਪੀੜਤ ਹੈ ਅਤੇ ਭਾਰਤ ਵਿਚ ਰਹਿੰਦਿਆਂ ਉਸ ਦਾ ਇਲਾਜ ਚੱਲ ਰਿਹਾ ਸੀ। ਉਸ ਦੀ ਹਾਲਤ ਵਿਗੜ ਗਈ ਸੀ ਅਤੇ ਪਰਿਵਾਰ ਉਸ ਨੂੰ ਅੰਮ੍ਰਿਤਸਰ ਦੇ ਹਸਪਤਾਲ ਵਿਚ ਦਾਖਲ ਕਰਵਾਉਣ ਲਈ ਮਨਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਸਿਮਰ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਉਸ ਦੇ ਪ੍ਰਸੰਸਕਾਂ ਨੇ ਪ੍ਰਤੀਕਿਰੀਆਵਾਂ ਦਿੱਤੀਆਂ।

ਸਿਮਰ ਗੀਤਕਾਰ ਅਤੇ ਗਾਇਕ ਹੈ, ਜਿਸ ਦੇ ਇੰਸਟਾਗ੍ਰਾਮ ’ਤੇ ਲਗਪਗ 10 ਲੱਖ ਫਾਲੋਅਰਜ਼ ਹਨ। ਉਸ ਨੇ ਸਮਾਜਿਕ ਮੁੱਦਿਆਂ, ਪਿਆਰ, ਜ਼ਿੰਦਗੀ ਆਦਿ ਦੇ ਵਿਸ਼ਿਆਂ ’ਤੇ 45 ਤੋਂ 55 ਗੀਤ ਲਿਖੇ ਹਨ। ਉਸ ਦੇ ਗੀਤ ਨੌਜਵਾਨਾਂ ਵਿਚ ਖਾਸੇ ਮਕਬੂਲ ਹੋਏ।

# ਗੈਂਗਸਟਰ ਗੋਲਡੀ ਬਰਾੜ ਦੇ ਮਾਪਿਆਂ ਨੂੰ ਰਿਮਾਂਡ ਖਤਮ ਹੋਣ ’ਤੇ ਜੇਲ੍ਹ ਭੇਜਿਆ

**■ ਪੁਲਿਸ ਆਮਦਨ ਦੇ ਸਰੋਤਾਂ ਦੀ ਕਰ ਰਹੀ ਜਾਂਚ**

ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)- ਸ੍ਰੀ ਮੁਕਤਸਰ ਸਾਹਿਬ ਦੀ ਇੱਕ ਸਥਾਨਕ ਅਦਾਲਤ ਨੇ ਭਗੌੜੇ ਅੱਤਵਾਦੀ ਸਤਿੰਦਰਜੀਤ ਸਿੰਘ ਉਰਫ਼ ਗੋਲਡੀ ਬਰਾੜ ਦੇ ਮਾਤਾ-ਪਿਤਾ ਨੂੰ ਨਿਆਂਇਕ ਹਿਰਾਸਤ (ਜੇਲ੍ਹ) ਵਿਚ ਭੇਜ ਦਿੱਤਾ ਹੈ। ਗੋਲਡੀ ਦੇ ਪਿਤਾ ਸ਼ਮਸ਼ੇਰ ਸਿੰਘ ਅਤੇ ਮਾਤਾ ਪ੍ਰੀਤਪਾਲ ਕੌਰ ਦਾ ਤਿੰਨ ਦਿਨਾਂ ਦਾ ਪੁਲਿਸ ਰਿਮਾਂਡ ਖ਼ਤਮ ਹੋ ਗਿਆ ਸੀ। ਇਨ੍ਹਾਂ ਦੋਵਾਂ ਨੂੰ ਪੰਜਾਬ ਪੁਲਿਸ ਨੇ ਬੀਤੇ ਸੋਮਵਾਰ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕੀਤਾ ਸੀ।



ਇਹ ਕਾਰਵਾਈ ਸਾਲ 2024 ਵਿਚ ਇੱਕ ਸਰਕਾਰੀ ਸਕੂਲ ਅਧਿਆਪਕ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ ’ਤੇ ਕੀਤੀ ਗਈ ਹੈ, ਜਿਸ ਵਿਚ ਦੋਸ਼ ਲਾਇਆ ਗਿਆ ਸੀ ਕਿ ਉਸ ਕੋਲੋਂ ਵਿਦੇਸ਼ੀ ਨੰਬਰ ਰਾਹੀਂ ਵਟਸਐਪ ਕਾਲ ਕਰਕੇ 50 ਲੱਖ ਰੁਪਏ ਦੀ ਫਿਰੌਤੀ ਮੰਗੀ ਗਈ ਸੀ।

ਜ਼ਿਕਰਯੋਗ ਹੈ ਕਿ ਗੋਲਡੀ ਬਰਾੜ ਦਾ ਪਿਤਾ ਸ਼ਮਸ਼ੇਰ ਸਿੰਘ ਪੰਜਾਬ ਪੁਲਿਸ ਵਿਚ ਸਾਬਕਾ ਏ.ਐੱਸ.ਆਈ. ਰਹਿ ਚੁੱਕਾ ਹੈ, ਜਿਸ ਨੂੰ 2021 ਵਿਚ ਇੱਕ ਕਤਲ ਕੇਸ ਵਿਚ ਨਾਮ ਆਉਣ ਤੋਂ ਬਾਅਦ ਜਬਰੀ ਸੇਵਾਮੁਕਤ ਕਰ ਦਿੱਤਾ ਗਿਆ ਸੀ।

ਪੁਲਿਸ ਹੁਣ ਇਸ ਪਰਿਵਾਰ ਦੇ ਆਮਦਨ ਦੇ ਸਰੋਤਾਂ ਅਤੇ ਗੈਂਗਸਟਰ ਨੈੱਟਵਰਕ ਨਾਲ ਸਬੰਧਾਂ ਦੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ। ਗੋਲਡੀ ਬਰਾੜ, ਜੋ ਕਿ ਸਿੱਧੂ ਮੂਸੇਵਾਲਾ ਕਤਲ ਕਾਂਡ ਦਾ ਮੁੱਖ ਸਾਜ਼ਿਸ਼ਕਰਤਾ ਹੈ, ਦੇ ਵਿਰੁੱਧ ਪੁਲਿਸ ਨੇ ‘ਗੈਂਗਸਟਰਾਂ ਵਿਰੁੱਧ ਮੁਹਿੰਮ’ (ਆਪਰੇਸ਼ਨ ਪ੍ਰਹਾਰ) ਤਹਿਤ ਸ਼ਿਕੰਜਾ ਹੋਰ ਕੱਸ ਦਿੱਤਾ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com**



# ਐੱਸ.ਵਾਈ.ਐੱਲ. ਮਸਲਾ : 6ਵੇਂ ਗੇੜ ਦੀ ਗੱਲਬਾਤ ਰਹੀ ਬੇਸਿੱਟਾ

**■ ਹੁਣ ਅਧਿਕਾਰੀਆਂ ਦੇ ਪੱਧਰ ਦੀ ਹੋਵੇਗੀ ਵਾਰਤਾ**



**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਤੇ ਹਰਿਆਣਾ ਵਿਚਾਲੇ ਹੁਣ ਸਤਲੁਜ-ਯਮੁਨਾ ਲਿੰਕ ਨਹਿਰ ਦੇ ਮਾਮਲੇ 'ਤੇ ਹੁਣ ਅਧਿਕਾਰੀ ਪੱਧਰ ਦੀ ਵਾਰਤਾ ਹੋਵੇਗੀ। ਇਹ ਫ਼ੈਸਲਾ ਪੰਜਾਬ ਤੇ ਹਰਿਆਣਾ ਦੇ ਮੁੱਖ ਮੰਤਰੀਆਂ ਵਿਚਾਲੇ ਹੋਈ ਮੀਟਿੰਗ 'ਚ ਲਿਆ ਗਿਆ। ਮੁੱਖ ਮੰਤਰੀ ਭਗਵੰਤ ਮਾਨ ਅਤੇ ਹਰਿਆਣਾ ਦੇ ਹਮਰੁਤਬਾ ਨਾਇਬ ਸਿੰਘ ਸੈਣੀ ਵਿਚਾਲੇ ਕਰੀਬ ਇਕ ਘੰਟਾ ਮੀਟਿੰਗ ਚੱਲੀ। ਦੋਵਾਂ ਮੁੱਖ ਮੰਤਰੀਆਂ ਨੇ ਮੀਟਿੰਗ ਮਗਰੋਂ ਸਾਂਝੀ ਪ੍ਰੈੱਸ ਕਾਨਫ਼ਰੰਸ 'ਚ ਇਸ ਮਾਮਲੇ 'ਤੇ ਸਾਰਥਕ ਨਤੀਜੇ ਆਉਣ ਦੀ ਗੱਲ ਕਹੀ। ਦੋਵਾਂ ਮੁੱਖ ਮੰਤਰੀਆਂ ਨੇ ਕਿਹਾ ਕਿ ਸੁਖਾਵੇਂ ਮਾਹੌਲ 'ਚ ਸਾਰਥਕ ਗੱਲਬਾਤ ਹੋਈ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਹੁਣ ਸਤਲੁਜ-ਯਮੁਨਾ ਲਿੰਕ ਨਹਿਰ ਦੇ ਮਾਮਲੇ 'ਤੇ ਅਧਿਕਾਰੀ ਪੱਧਰ ਦੀ ਨਿਰੰਤਰ ਗੱਲਬਾਤ ਸ਼ੁਰੂ ਹੋਵੇਗੀ ਅਤੇ ਦੋਵਾਂ ਸੂਬਿਆਂ ਦੇ ਅਧਿਕਾਰੀ ਮੀਟਿੰਗਾਂ ਦਾ ਵੇਰਵਾ ਸਾਂਝਾ ਕਰਨਗੇ, ਜਿਸ ਦੇ ਆਧਾਰ 'ਤੇ ਦੋਵੇਂ ਸੂਬਿਆਂ ਦੇ ਮੁੱਖ ਮੰਤਰੀ ਅਗਲੇਰੀ ਗੱਲਬਾਤ ਕਰਨਗੇ। ਮੁੱਖ ਮੰਤਰੀ ਨੇ ਕਿਹਾ ਕਿ ਅਧਿਕਾਰੀ ਪੱਧਰ ਦੀ ਗੱਲਬਾਤ ਮਸਲੇ ਦਾ ਹੱਲ ਕੱਢਣ ਦੀ ਨੀਅਤ ਨਾਲ ਹੋਵੇਗੀ। ਉਹ ਚਾਹੁੰਦੇ ਹਨ ਕਿ ਪੁਰਾਣਾ ਲਟਕਿਆ ਹੋਇਆ ਮਾਮਲਾ ਸੁਲਝ ਜਾਵੇ।

ਮਾਨ ਨੇ ਕਿਹਾ ਕਿ ਕਿਸੇ ਦਾ ਹੱਕ ਨਹੀਂ ਮਰਨਾ ਚਾਹੀਦਾ। ਉਨ੍ਹਾਂ ਕਿਹਾ ਕਿ ਇਹ ਪੁਰਾਣੇ ਬਜ਼ੁਰਗਾਂ ਦਾ ਉਲਝਾਇਆ ਮਸਲਾ ਹੈ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਚੰਗੇ ਮਾਹੌਲ 'ਚ ਹੋਈ ਗੱਲਬਾਤ ਦੇ ਨਤੀਜੇ ਵੀ ਸਾਰਥਕ ਆਉਣਗੇ। ਸੈਣੀ ਨੇ ਕਿਹਾ ਕਿ ਆਉਂਦੇ ਦਿਨਾਂ 'ਚ ਇਸ ਮਾਮਲੇ 'ਤੇ ਅਧਿਕਾਰੀ ਪੱਧਰ ਦੀ ਗੱਲਬਾਤ ਸ਼ੁਰੂ ਹੋਵੇਗੀ, ਜਿਸ ਦੇ ਆਧਾਰ 'ਤੇ ਅੱਗੇ ਵਧਿਆ ਜਾਵੇਗਾ।

ਮੁੱਖ ਮੰਤਰੀ ਮਾਨ ਨੇ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਬਾਰੇ ਪੁੱਛੇ ਇਕ ਸੁਆਲ ਦੇ ਜੁਆਬ 'ਚ ਕਿਹਾ ਕਿ ਪਹਿਲਾਂ ਪਾਣੀ ਦਾ ਮਸਲਾ ਤਾਂ ਨਿਬੇੜ ਲਈਏ, ਨਹਿਰ ਵੀ ਬਣਾ ਲਵਾਂਗੇ। ਮਾਨ ਨੇ ਕਿਹਾ ਕਿ ਮੀਟਿੰਗ 'ਚ ਦੋਵੇਂ ਸੂਬਿਆਂ ਨੇ ਆਪੋ-ਆਪਣਾ ਪੱਖ ਰੱਖਿਆ ਹੈ।

ਪੰਜਾਬ ਤੇ ਹਰਿਆਣਾ ਵਿਚਾਲੇ ਛੇਵੇਂ ਗੇੜ ਮੀਟਿੰਗ 'ਚ ਕੋਈ ਠੋਸ ਨਤੀਜਾ ਸਾਹਮਣੇ ਨਹੀਂ ਆਇਆ। ਦੋਵੇਂ ਮੁੱਖ ਮੰਤਰੀਆਂ ਵੱਲੋਂ ਸਾਂਝੀ ਪ੍ਰੈੱਸ ਕਾਨਫ਼ਰੰਸ ਕਰਨਾ ਅਤੇ ਦੋਵੇਂ ਧਿਰਾਂ ਵੱਲੋਂ ਪਾਣੀ ਨੂੰ ਲੈ ਕੇ ਪੁਰਾਣੇ ਅੰਦਾਜ਼ 'ਚ ਦਾਅਵੇ ਕਰਨ ਵਾਲੀ ਗੱਲਬਾਤ ਨਜ਼ਰ ਨਾ ਆਉਣਾ, ਇਸ ਤੋਂ ਸਾਫ਼ ਹੈ ਕਿ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀ ਅਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਬੋਚ ਬੋਚ ਕੇ ਪੈਰ ਧਰ ਰਹੇ ਹਨ।

ਕੇਂਦਰ ਪਹਿਲਾਂ ਹੀ ਪੰਜਾਬ ਹਰਿਆਣਾ ਦਰਮਿਆਨ ਵਿਚੋਲਗੀ ਤੋਂ ਭੱਜ ਚੁੱਕਾ ਹੈ ਅਤੇ ਕੇਂਦਰ ਨੇ ਦੋਵਾਂ ਸੂਬਿਆਂ ਨੂੰ ਆਪਸ 'ਚ ਮਿਲ ਬੈਠ ਕੇ ਮਾਮਲਾ ਨਜਿੱਠਣ ਦੀ ਨਸੀਹਤ ਦਿੱਤੀ ਸੀ।

ਮੁੱਖ ਮੰਤਰੀ ਭਗਵੰਤ ਮਾਨ ਦੁਵੱਲੀ ਵਿਚਾਰ ਚਰਚਾ 'ਚ ਆਪਣੀ 16 ਮੈਂਬਰੀ ਟੀਮ ਨਾਲ ਮੀਟਿੰਗ 'ਚ ਸਨ। ਉਨ੍ਹਾਂ ਨਾਲ ਮੀਟਿੰਗ 'ਚ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਅਤੇ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਵੀ ਹਾਜ਼ਰ ਸਨ। ਉੱਧਰ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵੀ ਅਧਿਕਾਰੀਆਂ ਸਮੇਤ ਹਾਜ਼ਰ ਰਹੇ। ਦੋਵਾਂ ਸੂਬਿਆਂ ਦੇ ਮੁੱਖ ਮੰਤਰੀਆਂ ਵਿਚਾਲੇ ਆਖ਼ਰੀ ਮੀਟਿੰਗ 5 ਅਗਸਤ 2025 ਨੂੰ ਹੋਈ ਸੀ। ਚੇਤੇ ਰਹੇ ਕਿ ਉੱਤਰੀ ਜ਼ੋਨਲ ਕੌਂਸਲ ਦੀ ਫ਼ਰੀਦਾਬਾਦ 'ਚ 17 ਨਵੰਬਰ 2025 ਨੂੰ ਹੋਈ ਮੀਟਿੰਗ 'ਚ ਦਰਿਆਈ ਪਾਣੀਆਂ ਨਾਲ ਸਬੰਧਿਤ ਸਾਰੇ ਮੁੱਦੇ ਕੇਂਦਰੀ ਗ੍ਰਹਿ ਮੰਤਰਾਲੇ ਅਮਿਤ ਸ਼ਾਹ ਨੇ ਮੁਲਤਵੀ ਕਰ ਦਿੱਤੇ ਸਨ। ਮੁੱਖ ਮੰਤਰੀ ਭਗਵੰਤ ਮਾਨ ਨੇ ਚੌਥੇ ਗੇੜ ਦੀ 9 ਜੁਲਾਈ 2025 ਨੂੰ ਹੋਈ ਮੀਟਿੰਗ 'ਚ ਨਵਾਂ ਫ਼ਾਰਮੂਲਾ ਪੇਸ਼ ਕੀਤਾ ਸੀ ਕਿ ਸਿੰਧੂ ਜਲ ਸੰਧੀ ਰੱਦ ਕੀਤੇ ਜਾਣ ਪਿੱਛੋਂ ਚਨਾਬ ਦਾ ਪਾਣੀ ਤਰਜੀਹੀ ਅਧਾਰ 'ਤੇ ਪੰਜਾਬ ਨੂੰ ਦਿੱਤਾ ਜਾਵੇ।

ਪੰਜਾਬ ਨੂੰ ਮੌਜੂਦਾ ਸਮੇਂ 52 ਐੱਮ.ਏ.ਐੱਫ. ਪਾਣੀ ਦੀ ਲੋੜ ਹੈ, ਜਦੋਂਕਿ ਪੰਜਾਬ ਨੂੰ ਜ਼ਮੀਨੀ ਤੇ ਨਹਿਰੀ ਪਾਣੀ 26.75 ਐੱਮ.ਏ.ਐੱਫ. ਮਿਲ ਰਿਹਾ ਹੈ। ਸੂਬੇ ਦੇ 153 ਬਲਾਕਾਂ ਚੋਂ 115 ਬਲਾਕ ਰੈੱਡ ਜ਼ੋਨ ਵਿਚ ਚਲੇ ਗਏ ਹਨ। ਪਿਛਾਂਹ ਨਜ਼ਰ ਮਾਰੀਏ ਤਾਂ ਪੰਜਾਬ ਤੇ ਹਰਿਆਣਾ ਦੇ ਮੁੱਖ ਮੰਤਰੀਆਂ ਵਿਚਾਲੇ ਪਹਿਲੀ ਮੀਟਿੰਗ 18 ਅਗਸਤ 2020 ਅਤੇ ਦੂਜੀ ਮੀਟਿੰਗ 14 ਅਕਤੂਬਰ, 2022 ਨੂੰ ਚੰਡੀਗੜ੍ਹ ਵਿਖੇ ਹੋਈ ਸੀ।

ਇਸੇ ਤਰ੍ਹਾਂ ਤੀਜੀ ਮੀਟਿੰਗ ਦਿੱਲੀ 'ਚ 4 ਜਨਵਰੀ 2023 ਨੂੰ ਹੋਈ ਸੀ ਅਤੇ ਚੌਥੀ ਮੀਟਿੰਗ ਜੁਲਾਈ ਨੂੰ ਹੋਣ ਤੋਂ ਇਲਾਵਾ ਆਖ਼ਰੀ ਮੀਟਿੰਗ 5 ਅਗਸਤ 2025 ਨੂੰ ਹੋਈ ਸੀ। ਕੁੱਲ 214 ਕਿੱਲੋਮੀਟਰ ਲੰਬੀ ਸਤਲੁਜ ਯਮੁਨਾ ਲਿੰਕ ਨਹਿਰ ਚੋਂ ਪੰਜਾਬ ਵਿਚ ਪੈਂਦੇ 122 ਕਿੱਲੋਮੀਟਰ ਦੇ ਹਿੱਸੇ ਦੀ ਉਸਾਰੀ ਲਟਕੀ ਹੋਈ ਹੈ। ਸੁਪਰੀਮ ਕੋਰਟ ਨੇ ਜਨਵਰੀ 2002 ਵਿਚ ਪੰਜਾਬ ਨੂੰ ਪਾਣੀਆਂ ਦੇ ਸਮਝੌਤੇ ਮੁਤਾਬਕ ਨਹਿਰ ਬਣਾਉਣ ਲਈ ਕਿਹਾ ਸੀ।

ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਿਧਾਨ ਸਭਾ ਵਿਚ ਸਾਲ 2004 ਵਿਚ 1981 ਦੇ ਸਮਝੌਤੇ ਨੂੰ ਕਾਨੂੰਨ ਪਾਸ ਕਰਕੇ ਰੱਦ ਕਰ ਦਿੱਤਾ ਸੀ ਜਦੋਂ ਕਿ ਸੁਪਰੀਮ ਕੋਰਟ ਨੇ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਕਾਨੂੰਨ ਨੂੰ ਸਾਲ 2016 ਵਿਚ ਰੱਦ ਕਰ ਦਿੱਤਾ ਸੀ। ਹਰਿਆਣਾ ਨੇ ਐੱਸ. ਵਾਈ. ਐੱਲ. ਨਹਿਰ ਦੀ ਉਸਾਰੀ ਲਈ ਸੁਪਰੀਮ ਕੋਰਟ 'ਚ ਪਟੀਸ਼ਨ ਪਾਈ ਹੋਈ ਹੈ।

# ਡਾ ਗੁਰਬਖ਼ਸ਼ ਸਿੰਘ ਭੰਡਾਲ ਨਨਕਾਣਾ ਸਾਹਿਬ ਦੀ ਬਾਬਾ ਗੁਰੂ ਨਾਨਕ ਯੂਨੀਵਰਸਿਟੀ ਦੇ ਅੰਤਰਰਾਸ਼ਟਰੀ ਸਲਾਹਕਾਰ ਬੋਰਡ ਦੇ ਮੈਂਬਰ ਨਾਮਜ਼ਦ



**ਕਪੂਰਥਲਾ, (ਪੰਜਾਬ ਮੇਲ)-** ਸ਼੍ਰੋਮਣੀ ਪਰਵਾਸੀ ਸਾਹਿਤਕਾਰ ਡਾ. ਗੁਰਬਖ਼ਸ਼ ਸਿੰਘ ਭੰਡਾਲ ਨੂੰ ਨਨਕਾਣਾ ਸਾਹਿਬ ਦੀ ਬਾਬਾ ਗੁਰੂ ਨਾਨਕ ਯੂਨੀਵਰਸਿਟੀ ਦੇ ਅੰਤਰਰਾਸ਼ਟਰੀ ਸਲਾਹਕਾਰ ਬੋਰਡ ਦੇ ਮੈਂਬਰ ਨਾਮਜ਼ਦ ਕਰਨ 'ਤੇ ਅੱਖਰ ਮੰਚ ਕਪੂਰਥਲਾ ਦੇ ਸਰਪ੍ਰਸਤ ਅਤੇ ਉਘੇ ਲੇਖਕ ਤੇ ਸ਼ਾਇਰ ਪ੍ਰੋ. ਕੁਲਵੰਤ ਔਜਲਾ, ਮੰਚ ਦੇ ਪ੍ਰਧਾਨ ਤੇ ਨੈਸ਼ਨਲ ਅਵਾਰਡੀ ਸਰਵਣ ਸਿੰਘ ਔਜਲਾ, ਉਘੇ ਚਿੰਤਕ ਤੇ ਆਲੋਚਕ ਡਾ. ਸਰਦੂਲ ਸਿੰਘ ਔਜਲਾ, ਸੇਵਾਮੁਕਤ ਜ਼ਿਲ੍ਹਾ ਸਿੱਖਿਆ ਅਫਸਰ ਗੁਰਭਜਨ ਸਿੰਘ ਲਾਸਾਨੀ, ਬਾਬਾ ਨਿਰਮਲ ਸਿੰਘ ਸਪੇਨ, ਜ਼ਿਲ੍ਹਾ ਫੂਡ ਸਪਲਾਈ ਅਫ਼ਸਰ (ਰਿਟ.) ਰਤਨ ਸਿੰਘ ਸੰਧੂ, ਊਧਮ ਸਿੰਘ ਔਜਲਾ, ਜਸਵਿੰਦਰ ਸਿੰਘ ਚਾਹਲ, ਹਰਜਿੰਦਰ ਸਿੰਘ ਔਜਲਾ ਅਮਰੀਕਾ, ਜਰਨੈਲ ਸਿੰਘ ਭੰਡਾਲ ਕੈਨੇਡਾ, ਡਾ. ਗਗਨਗੀਤ ਸਿੰਘ ਔਜਲਾ ਯੂ.ਕੇ., ਹਰਪਿੰਦਰ ਸਿੰਘ ਬਾਜਵਾ, ਜਸਵਿੰਦਰ ਸਿੰਘ ਕੋਟ ਕਰਾਰ ਖਾਂ, ਸੁਰਜੀਤ ਸਿੰਘ ਠੀਕਰੀਵਾਲ, ਆਰਟਿਸਟ ਜਸਬੀਰ ਸਿੰਘ ਸੰਧੂ, ਜਰਨੈਲ ਸਿੰਘ ਮੋਠਾਂਵਾਲਾ ਅਤੇ ਮੰਚ ਨਾਲ ਸਬੰਧਤ ਮੈਂਬਰਾਂ ਨੇ ਡਾ. ਭੰਡਾਲ ਨੂੰ ਮੁਬਾਰਕਬਾਦ ਦਿੱਤੀ। ਵਰਨਣਯੋਗ ਹੈ ਕਿ ਕਪੂਰਥਲਾ ਦੇ ਪਿੰਡ ਭੰਡਾਲ ਬੇਟ ਦੇ ਜੰਮਪਲ ਨੇ ਵੱਖ-ਵੱਖ ਵਿਸ਼ਿਆਂ 'ਤੇ 30 ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਹਨ। 33 ਸਾਲ ਪੰਜਾਬ ਦੇ ਕਾਲਜਾਂ 'ਚ ਪੜ੍ਹਾਉਣ ਤੋਂ ਬਾਅਦ, ਡਾ. ਭੰਡਾਲ ਪਿਛਲੇ 10 ਸਾਲਾਂ ਤੋਂ ਅਮਰੀਕਾ ਦੀ ਕਲੀਵਲੈਂਡ ਸਟੇਟ ਯੂਨੀਵਰਸਿਟੀ 'ਚ ਫਿਜ਼ੀਕਸ ਪੜ੍ਹਾ ਰਹੇ ਹਨ। ਡਾ. ਭੰਡਾਲ ਅੰਤਰਰਾਸ਼ਟਰੀ ਪੱਧਰ ਦੀਆਂ ਉਨ੍ਹਾਂ 10 ਸ਼ਖਸੀਅਤਾਂ ਵਿਚ ਸ਼ਾਮਲ ਹਨ, ਜਿਨ੍ਹਾਂ ਨੂੰ ਬਾਬਾ ਗੁਰੂ ਨਾਨਕ ਯੂਨੀਵਰਸਿਟੀ ਨਨਕਾਣਾ ਸਾਹਿਬ ਦੇ ਅੰਤਰਰਾਸ਼ਟਰੀ ਸਲਾਹਕਾਰ ਬੋਰਡ ਦੇ ਮੈਂਬਰ ਬਣਨ ਦਾ ਮਾਣ ਹਾਸਲ ਹੋਇਆ ਹੈ।


Dr. Sukhsimranjit Singh
LL.M., Ph.D
Mediator & Arbitrator, JAMS
Winner of SCMA Peacemaker Award.
Former: Dean of Straus Institute, Pepperdine University; Faculty member of Hamline University & Willamette University.
Founder of www.singhacademy.com



ARE YOU CURRENTLY FACING CIVIL, BUSINESS, FAMILY, CONTRACTUAL OR PROPERTY DISPUTES?
For Mediation Services, Contact Office Manager : Julie McCool Email: jmccool@jamsadr.com
Call : +1 503 910 8767
www.singhadr.com
Mediation - ◆ Save Money ◆ Save Time ◆ Save Your relationship
• LOS ANGELES 555 W 5th St
• SAN FRANCISCO 2 Embarcadero Center
• SACRAMENTO 2 Embarcadero 1415 L St # 700
• VISALIA 1300 W Main Street
• NEW YORK 1414 6th Ave
*863

# ਅਮਰੀਕਾ ਮਗਰੋਂ ਹੁਣ ਡੈਨਮਾਰਕ ’ਚੋਂ ਵੀ ਧੜਾਧੜ ‘ਡਿਪੋਰਟ’ ਹੋਣਗੇ ਵਿਦੇਸ਼ੀ ਨਾਗਰਿਕ !

ਕੋਪਨਹੇਗਨ, (ਪੰਜਾਬ ਮੇਲ)- ਡੋਨਾਲਡ ਟਰੰਪ ਵੱਲੋਂ ਅਮਰੀਕਾ ਵਿਚ ਸ਼ੁਰੂ ਕੀਤੇ ਗਏ ਸਮੂਹਿਕ ਦੇਸ਼ ਨਿਕਾਲੇ ਦੇ ਰਾਹ ’ਤੇ ਹੁਣ ਯੂਰਪੀ ਦੇਸ਼ ਡੈਨਮਾਰਕ ਵੀ ਤੁਰ ਪਿਆ ਹੈ। ਸ਼ੁੱਕਰਵਾਰ ਨੂੰ ਡੈਨਮਾਰਕ ਸਰਕਾਰ ਨੇ ਇੱਕ ਵੱਡੇ ਕਾਨੂੰਨੀ ਸੁਧਾਰ ਦਾ ਐਲਾਨ ਕੀਤਾ ਹੈ, ਜਿਸ ਤਹਿਤ ਗੰਭੀਰ ਅਪਰਾਧਾਂ ਵਿਚ ਸ਼ਾਮਲ ਵਿਦੇਸ਼ੀ ਨਾਗਰਿਕਾਂ ਨੂੰ ਦੇਸ਼ ਵਿਚੋਂ ਡਿਪੋਰਟ (ਦੇਸ਼ ਨਿਕਾਲਾ) ਕਰਨਾ ਆਸਾਨ ਹੋ ਜਾਵੇਗਾ।

ਡੈਨਮਾਰਕ ਦੀ ਪ੍ਰਧਾਨ ਮੰਤਰੀ ਮੈਟੇ ਫਰੈਡਰਿਕਸਨ ਨੇ ਐਲਾਨ ਕੀਤਾ ਹੈ ਕਿ ਜੇਕਰ ਕੋਈ ਵੀ ਵਿਦੇਸ਼ੀ ਨਾਗਰਿਕ ਗੰਭੀਰ ਅਪਰਾਧਾਂ ਜਿਵੇਂ ਕਿ ਬਲਾਤਕਾਰ ਜਾਂ ਜਾਨਲੇਵਾ ਹਮਲੇ ਵਿਚ ਦੋਸ਼ੀ ਪਾਇਆ ਜਾਂਦਾ ਹੈ ਅਤੇ ਉਸ ਨੂੰ ਘੱਟੋ-ਘੱਟ ਇੱਕ ਸਾਲ ਦੀ ਸਜ਼ਾ ਹੁੰਦੀ ਹੈ, ਤਾਂ ਉਸ ਨੂੰ ਤੁਰੰਤ ਡਿਪੋਰਟ ਕਰ ਦਿੱਤਾ ਜਾਵੇਗਾ। ਪ੍ਰਧਾਨ ਮੰਤਰੀ ਨੇ ਸਾਫ਼ ਕਿਹਾ ਕਿ ਸਰਕਾਰ ਹੁਣ ਅਦਾਲਤੀ ਫੈਸਲਿਆਂ ਦੀ ਉਡੀਕ ਕਰਨ ਦੀ ਬਜਾਏ ਸਿੱਧਾ ਕਾਨੂੰਨ ਵਿਚ ਸੋਧ ਕਰ ਰਹੀ ਹੈ, ਤਾਂ ਜੋ ਅਪਰਾਧੀਆਂ ਨੂੰ ਜਲਦ ਬਾਹਰ ਕੱਢਿਆ ਜਾ ਸਕੇ।

ਸਿਰਫ਼ ਅਪਰਾਧੀ ਹੀ ਨਹੀਂ, ਸਗੋਂ ਡੈਨਮਾਰਕ ਵਿਚ ਗੈਰ-ਕਾਨੂੰਨੀ ਤਰੀਕੇ ਨਾਲ ਰਹਿ ਰਹੇ ਵਿਦੇਸ਼ੀਆਂ ’ਤੇ ਵੀ ਨਿਗਰਾਨੀ ਵਧਾਈ ਜਾਵੇਗੀ। ਸਰਕਾਰ ਨੇ ਐਲਾਨ ਕੀਤਾ ਹੈ ਕਿ ਅਪਰਾਧਿਕ ਪਿਛੋਕੜ ਵਾਲੇ ਵਿਦੇਸ਼ੀਆਂ ਲਈ ਐਂਕਲੈੱਟ ਮਾਨੀਟਰ (ਪੈਰ ਵਿਚ ਪਾਉਣ ਵਾਲਾ ਟ੍ਰੈਕਰ) ਲਾਜ਼ਮੀ ਕੀਤਾ ਜਾਵੇਗਾ। ਸੀਰੀਆ ਵਿਚ ਮੁੜ ਦੂਤਘਰ ਖੋਲ੍ਹਿਆ ਜਾਵੇਗਾ ਅਤੇ ਅਫਗਾਨਿਸਤਾਨ ਨਾਲ ਤਾਲਮੇਲ ਵਧਾਇਆ ਜਾਵੇਗਾ, ਤਾਂ ਜੋ ਉੱਥੋਂ ਦੇ ਨਾਗਰਿਕਾਂ ਨੂੰ ਵਾਪਸ ਭੇਜਿਆ ਜਾ ਸਕੇ। ਇਮੀਗ੍ਰੇਸ਼ਨ ਮੰਤਰੀ ਰਸਮਸ ਸਟੋਕਲੰਡ ਨੇ ਹੈਰਾਨੀਜਨਕ ਅੰਕੜੇ ਸਾਂਝੇ ਕਰਦਿਆਂ ਦੱਸਿਆ ਕਿ ਪਿਛਲੇ 5 ਸਾਲਾਂ ਵਿਚ ਈ.ਯੂ. ਤੋਂ ਬਾਹਰਲੇ ਦੇਸ਼ਾਂ ਦੇ 315 ਅਪਰਾਧੀਆਂ ਨੂੰ ਇੱਕ ਸਾਲ ਤੋਂ ਵੱਧ ਦੀ ਸਜ਼ਾ ਹੋਈ ਸੀ, ਪਰ ਉਹ ਹਾਲੇ ਵੀ ਡੈਨਮਾਰਕ ਵਿਚ ਹੀ ਰਹਿ ਰਹੇ ਹਨ। ਉਨ੍ਹਾਂ ਕਿਹਾ ਕਿ ਆਮ ਲੋਕਾਂ ਲਈ ਇਹ ਸਮਝਣਾ ਮੁਸ਼ਕਲ ਹੈ ਕਿ ਅਪਰਾਧ ਕਰਨ ਦੇ ਬਾਵਜੂਦ ਉਹ ਇੱਥੇ ਕਿਵੇਂ ਰਹਿ ਰਹੇ ਹਨ।

ਪ੍ਰਧਾਨ ਮੰਤਰੀ ਫਰੈਡਰਿਕਸਨ ਨੇ ਮੰਨਿਆ ਕਿ ਇਹ ਸਖ਼ਤ ਕਦਮ ਯੂਰਪੀ ਮਨੁੱਖੀ ਅਧਿਕਾਰਾਂ ਦੇ ਨਿਯਮਾਂ ਨਾਲ ਟਕਰਾ ਸਕਦੇ ਹਨ, ਪਰ ਦੇਸ਼ ਦੀ ਸੁਰੱਖਿਆ ਲਈ ਉਹ ਇਹ ‘ਗੈਰ-ਰਵਾਇਤੀ’ ਕਦਮ ਚੁੱਕਣ ਲਈ ਤਿਆਰ ਹਨ। ਦੱਸ ਦੇਈਏ ਕਿ ਪੂਰੇ ਯੂਰਪ ਵਿਚ ਇਸ ਸਮੇਂ ਪ੍ਰਵਾਸੀਆਂ ਅਤੇ ਬਾਹਰਲੇ ਦੇਸ਼ਾਂ ਤੋਂ ਆਏ ਲੋਕਾਂ ਖ਼ਿਲਾਫ਼ ਸਖ਼ਤ ਕਾਨੂੰਨ ਬਣਾਉਣ ਦੀ ਮੰਗ ਤੇਜ਼ ਹੋ ਰਹੀ ਹੈ।

# ਰੋਹਿਤ ਸ਼ੈੱਟੀ ਦੇ ਘਰ ਬਾਹਰ ਫਾਇਰਿੰਗ ਦੀ ਲਾਰੈਂਸ ਗੈਂਗ ਨੇ ਲਈ ਜ਼ਿੰਮੇਵਾਰੀ

**■ ਪੂਰੇ ਬਾਲੀਵੁੱਡ ਨੂੰ ਦਿੱਤੀ ਚਿਤਾਵਨੀ**



**ਮੁੰਬਈ, (ਪੰਜਾਬ ਮੇਲ)**- ਮੁੰਬਈ ਦੇ ਜੂਹੂ ਇਲਾਕੇ ਵਿੱਚ ਸਥਿਤ ਮਸ਼ਹੂਰ ਫਿਲਮ ਨਿਰਦੇਸ਼ਕ ਰੋਹਿਤ ਸ਼ੈੱਟੀ ਦੇ ਘਰ ਦੇ ਬਾਹਰ ਦੇਰ ਰਾਤ ਹੋਈ ਗੋਲੀਬਾਰੀ ਨੇ ਪੂਰੀ ਇੰਡਸਟਰੀ ਵਿਚ ਸਨਸਨੀ ਫੈਲਾ ਦਿੱਤੀ ਹੈ। ਇਸ ਹਮਲੇ ਦੀ ਜ਼ਿੰਮੇਵਾਰੀ ਕੁਖਿਆਤ ਲਾਰੈਂਸ ਬਿਸ਼ਨੋਈ ਗੈਂਗ ਨੇ ਲਈ ਹੈ। ਘਟਨਾ ਦੇ ਸਮੇਂ ਰੋਹਿਤ ਸ਼ੈੱਟੀ ਆਪਣੇ ਘਰ ਦੇ ਅੰਦਰ ਹੀ ਮੌਜੂਦ ਸਨ, ਹਾਲਾਂਕਿ ਇਸ ਹਮਲੇ ਵਿਚ ਕਿਸੇ ਦੇ ਜ਼ਖਮੀ ਹੋਣ ਦੀ ਕੋਈ ਖਬਰ ਨਹੀਂ ਹੈ।

ਸੂਤਰਾਂ ਅਨੁਸਾਰ, ਇਹ ਘਟਨਾ ਸ਼ਨੀਵਾਰ ਦੇਰ ਰਾਤ ਦੀ ਹੈ, ਜਦੋਂ ‘ਸ਼ੈੱਟੀ ਟਾਵਰ’ ਦੇ ਬਾਹਰ ਕਈ ਰਾਊਂਡ ਫਾਇਰਿੰਗ ਕੀਤੀ ਗਈ। ਮੁੱਢਲੀ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਹਮਲਾਵਰ ਬਾਈਕ ’ਤੇ ਆਇਆ ਸੀ ਅਤੇ ਉਸਨੇ ਪੈਦਲ ਚੱਲਦਿਆਂ ਇਮਾਰਤ ਵੱਲ ਚਾਰ ਤੋਂ ਪੰਜ ਰਾਊਂਡ ਫਾਇਰ ਕੀਤੇ। ਸੀ.ਸੀ.ਟੀ.ਵੀ. ਵਿਚ ਹਮਲਾਵਰ ਨੂੰ ਚੱਲਦੇ ਹੋਏ ਫਾਇਰਿੰਗ ਕਰਦੇ ਦੇਖਿਆ ਗਿਆ ਹੈ।

ਸ਼ੁਭਮ ਲੋਨਕਰ ਆਰਜ਼ੂ ਬਿਸ਼ਨੋਈ ਅਤੇ ਹੈਰੀ ਬਾਕਸਰ ਹਰਮਨ ਸੰਧੂ ਨਾਮ ਦੇ ਵਿਅਕਤੀਆਂ ਨੇ ਫੇਸਬੁੱਕ ’ਤੇ ਪੋਸਟ ਪਾ ਕੇ ਇਸ ਹਮਲੇ ਦੀ ਜ਼ਿੰਮੇਵਾਰੀ ਲਈ ਹੈ। ਪੋਸਟ ਵਿਚ ਲਿਖਿਆ ਕਿ ਰੋਹਿਤ ਸ਼ੈੱਟੀ ਨੂੰ ਵਾਰ-ਵਾਰ ਉਨ੍ਹਾਂ ਦੇ ਕੰਮ ਵਿਚ ਦਖਲ ਨਾ ਦੇਣ ਲਈ ਸੁਨੇਹਾ ਭੇਜਿਆ ਗਿਆ ਸੀ, ਪਰ ਉਹ ਨਹੀਂ ਸਮਝਿਆ। ਗੈਂਗ ਨੇ ਇਸ ਹਮਲੇ ਨੂੰ ਸਿਰਫ਼ ਇੱਕ “ਟ੍ਰੇਲਰ” ਦੱਸਿਆ ਹੈ। ਧਮਕੀ ਦਿੱਤੀ ਗਈ ਹੈ ਕਿ ਜੇਕਰ ਉਹ ਅਜੇ ਵੀ ਨਹੀਂ ਸਮਝਿਆ, ਤਾਂ ਅਗਲੀ ਵਾਰ ਗੋਲੀ ਘਰ ਦੇ ਬਾਹਰ ਨਹੀਂ, ਬਲਕਿ ਉਸ ਦੇ ਬੈੱਡਰੂਮ ਵਿਚ ਚੱਲੇਗੀ। ਇਸ ਦੇ ਨਾਲ ਹੀ ਪੂਰੇ ਬਾਲੀਵੁੱਡ ਨੂੰ ਚਿਤਾਵਨੀ ਵੀ ਦਿੱਤੀ ਗਈ ਹੈ।

ਮੁੰਬਈ ਪੁਲਿਸ ਦੀ ਕ੍ਰਾਈਮ ਬ੍ਰਾਂਚ ਅਤੇ ਜੂਹੂ ਪੁਲਿਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰ ਰਹੀ ਹੈ। ਪੁਲਿਸ ਇਸ ਗੱਲ ਦੀ ਵੀ ਪੜਤਾਲ ਕਰ ਰਹੀ ਹੈ ਕਿ ਕੀ ਇਸ ਹਮਲੇ ਦਾ ਤਰੀਕਾ ਅਦਾਕਾਰ ਸਲਮਾਨ ਖਾਨ ਦੇ ਘਰ ਦੇ ਬਾਹਰ ਹੋਈ ਫਾਇਰਿੰਗ ਨਾਲ ਮਿਲਦਾ-ਜੁਲਦਾ ਹੈ। ਘਟਨਾ ਤੋਂ ਬਾਅਦ ਸ਼ੈੱਟੀ ਟਾਵਰ ਦੇ ਬਾਹਰ ਸੁਰੱਖਿਆ ਦੇ ਸਖ਼ਤ ਪ੍ਰਬੰਧ ਕਰ ਦਿੱਤੇ ਗਏ ਹਨ।

# ਪਾਕਿਸਤਾਨੀ ਗੈਂਗਸਟਰ ਸ਼ਹਿਜ਼ਾਦ ਭੱਟੀ ’ਤੇ ਜਾਨਲੇਵਾ ਹਮਲਾ

**■ ਲਾਰੈਂਸ ਗੈਂਗ ਨੇ ਲਈ ਜ਼ਿੰਮੇਵਾਰੀ**



**ਚੰਡੀਗੜ੍ਹ, (ਪੰਜਾਬ ਮੇਲ)**- ਪਾਕਿਸਤਾਨੀ ਗੈਂਗਸਟਰ ਅਤੇ ਅੱਤਵਾਦੀ ਗਤੀਵਿਧੀਆਂ ਵਿਚ ਸ਼ਾਮਲ ਸ਼ਹਿਜ਼ਾਦ ਭੱਟੀ ’ਤੇ ਜਾਨਲੇਵਾ ਹਮਲਾ ਹੋਣ ਦੀ ਖਬਰ ਸਾਹਮਣੇ ਆਈ ਹੈ। ਹੈਰਾਨੀਜਨਕ ਗੱਲ ਇਹ ਹੈ ਕਿ ਇਸ ਹਮਲੇ ਦੀ ਜ਼ਿੰਮੇਵਾਰੀ ਭਾਰਤ ਦੇ ਬਦਨਾਮ ਲਾਰੈਂਸ ਗੈਂਗ ਨੇ ਲਈ ਹੈ।

ਲਾਰੈਂਸ ਗੈਂਗ ਦੇ ਕਰੀਬੀ ਮੈਂਬਰਾਂ ਨੇ ਸੋਸ਼ਲ ਮੀਡੀਆ ਰਾਹੀਂ ਇਸ ਹਮਲੇ ਦੀ ਪੁਸ਼ਟੀ ਕੀਤੀ ਹੈ। ਰਣਦੀਪ ਮਲਿਕ ਨਾਂ ਦੇ ਸੋਸ਼ਲ ਮੀਡੀਆ ਹੈਂਡਲ ’ਤੇ ਪਾਈ ਗਈ ਪੋਸਟ ਵਿਚ ਲਿਖਿਆ ਗਿਆ ਹੈ ਕਿ, “ਇਹ ਜੋ ਸ਼ਹਿਜ਼ਾਦ ਭੱਟੀ ’ਤੇ ਹਮਲਾ ਹੋਇਆ ਹੈ, ਇਹ ਮੈਂ ਰਣਦੀਪ ਮਲਿਕ ਅਤੇ ਅਨਿਲ ਪੰਡਿਤ (ਯੂ.ਐੱਸ.ਏ.) ਨੇ ਕਰਵਾਇਆ ਹੈ। ਜੋ ਵੀ ਕੋਈ ਸਾਡੇ ਦੇਸ਼ ਅਤੇ ਲਾਰੈਂਸ ਭਰਾ ਦੇ ਖਿਲਾਫ ਬੋਲੇਗਾ, ਉਸਨੂੰ ਇਸੇ ਤਰ੍ਹਾਂ ਚੁੱਪ ਕਰਵਾਇਆ ਜਾਵੇਗਾ। ਉਹ ਦੁਨੀਆਂ ਵਿਚ ਕਿਤੇ ਵੀ ਲੁੱਕ ਜਾਣ, ਉਨ੍ਹਾਂ ਨੂੰ ਮਾਰ ਦਿੱਤਾ ਜਾਵੇਗਾ।”

ਸ਼ਹਿਜ਼ਾਦ ਭੱਟੀ ਪਾਕਿਸਤਾਨ ਵਿਚ ਬੈਠਾ ਇੱਕ ਅਜਿਹਾ ਨਾਂ ਹੈ, ਜੋ ਲੰਬੇ ਸਮੇਂ ਤੋਂ ਭਾਰਤ ਵਿਰੋਧੀ ਗਤੀਵਿਧੀਆਂ ਅਤੇ ਨਸ਼ਾ ਤਸਕਰੀ ਦੇ ਨੈੱਟਵਰਕ ਨਾਲ ਜੁੜਿਆ ਹੋਇਆ ਦੱਸਿਆ ਜਾਂਦਾ ਹੈ। ਸੁਰੱਖਿਆ ਏਜੰਸੀਆਂ ਮੁਤਾਬਕ ਭੱਟੀ ਦੇ ਸਬੰਧ ਕਈ ਕੌਮਾਂਤਰੀ ਅੱਤਵਾਦੀ ਸੰਗਠਨਾਂ ਨਾਲ ਵੀ ਰਹੇ ਹਨ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com**




# 5 ਲੱਖ ਤੋਂ ਵੱਧ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਪੀ.ਆਰ. ਦੇਵੇਗਾ ਸਪੇਨ

**ਬਾਰਸੀਲੋਨਾ, (ਪੰਜਾਬ ਮੇਲ)-** ਦੁਨੀਆਂ ਭਰ ਵਿਚ ਜਿੱਥੇ ਇੱਕ ਪਾਸੇ ਪ੍ਰਵਾਸੀਆਂ ਲਈ ਕਾਨੂੰਨ ਸਖ਼ਤ ਕੀਤੇ ਜਾ ਰਹੇ ਹਨ, ਉੱਥੇ ਹੀ ਸਪੇਨ ਸਰਕਾਰ ਨੇ ਇੱਕ ਇਤਿਹਾਸਕ ਅਤੇ ਦਲੇਰਾਨਾ ਫੈਸਲਾ ਲਿਆ ਹੈ। ਸਪੇਨ ਦੇ ਪ੍ਰਧਾਨ ਮੰਤਰੀ ਪੇਡਰੋ ਸਾਂਚੇਜ਼ ਨੇ ਐਲਾਨ ਕੀਤਾ ਹੈ ਕਿ ਉਹ ਦੇਸ਼ ਵਿਚ ਰਹਿ ਰਹੇ ਲਗਭਗ 5 ਲੱਖ ਤੋਂ ਵੱਧ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਪੱਕੀ ਰਿਹਾਇਸ਼ ਅਤੇ ਵਰਕ ਪਰਮਿਟ ਦੇਣ ਜਾ ਰਹੇ ਹਨ।



ਸਪੇਨ ਸਰਕਾਰ ਦੀ ਇਸ ਨਵੀਂ ਨੀਤੀ ਤਹਿਤ ਉਹ ਸਾਰੇ ਵਿਦੇਸ਼ੀ ਲਾਭ ਉਠਾ ਸਕਣਗੇ, ਜੋ

- 31 ਦਸੰਬਰ 2025 ਤੋਂ ਪਹਿਲਾਂ ਸਪੇਨ ਪਹੁੰਚ ਚੁੱਕੇ ਹਨ।
- ਘੱਟੋ-ਘੱਟ 5 ਮਹੀਨਿਆਂ ਤੋਂ ਸਪੇਨ ਵਿਚ ਰਹਿ ਰਹੇ ਹਨ।
- ਜਿਨ੍ਹਾਂ ਦਾ ਕੋਈ ਅਪਰਾਧਿਕ ਰਿਕਾਰਡ ਨਹੀਂ ਹੈ।

ਸਪੇਨ ਦੇ ਪ੍ਰਧਾਨ ਮੰਤਰੀ ਨੇ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਜਾਰੀ ਕਰਦਿਆਂ ਕਿਹਾ, "ਅਸੀਂ ਉਨ੍ਹਾਂ ਲੋਕਾਂ ਲਈ ਕਾਨੂੰਨੀ ਰਸਤਾ ਖੋਲ੍ਹ ਰਹੇ ਹਾਂ, ਜਿਨ੍ਹਾਂ ਨੇ ਸਾਡੇ ਨਾਲ ਮਿਲ ਕੇ ਇਸ ਦੇਸ਼ ਦੀ ਤਰੱਕੀ ਵਿਚ ਯੋਗਦਾਨ ਪਾਇਆ ਹੈ।" ਉਨ੍ਹਾਂ ਕਿਹਾ ਕਿ ਇਹ ਲੋਕ ਖੇਤਾਂ ਵਿਚ ਸਬਜ਼ੀਆਂ ਤੋੜਨ ਤੋਂ ਲੈ ਕੇ ਬਜ਼ੁਰਗਾਂ ਦੀ ਦੇਖਭਾਲ ਅਤੇ ਹੋਟਲਾਂ ਵਿਚ ਸਫਾਈ ਵਰਗੇ ਉਹ ਕੰਮ ਕਰਦੇ ਹਨ, ਜਿਨ੍ਹਾਂ ਨੂੰ ਸਥਾਨਕ ਲੋਕ ਕਰਨ ਤੋਂ ਕਤਰਾਉਂਦੇ ਹਨ। ਸਪੇਨ ਸਰਕਾਰ ਮੁਤਾਬਕ ਇਨ੍ਹਾਂ ਪਰਮਿਟਾਂ ਲਈ ਅਰਜ਼ੀ ਦੇਣ ਦੀ ਪ੍ਰਕਿਰਿਆ ਅਪ੍ਰੈਲ ਤੋਂ ਜੂਨ 2026 ਦੇ ਅੰਤ ਤੱਕ ਚੱਲੇਗੀ। ਸਰਕਾਰ ਨੇ ਭਰੋਸਾ ਦਿੱਤਾ ਹੈ ਕਿ ਇਸ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਲਈ ਵਾਧੂ ਸਟਾਫ ਤਾਇਨਾਤ ਕੀਤਾ ਜਾਵੇਗਾ।

ਸਪੇਨ ਦੀ ਆਰਥਿਕਤਾ, ਖਾਸ ਕਰਕੇ ਖੇਤੀਬਾੜੀ, ਸੈਰ-ਸਪਾਟਾ ਅਤੇ ਬਜ਼ੁਰਗਾਂ ਦੀ ਦੇਖਭਾਲ ਦਾ ਖੇਤਰ, ਵੱਡੀ ਪੱਧਰ 'ਤੇ ਇਨ੍ਹਾਂ ਪ੍ਰਵਾਸੀਆਂ 'ਤੇ ਨਿਰਭਰ ਕਰਦਾ ਹੈ। ਪਿਛਲੇ ਸਾਲ ਸਪੇਨ ਵਿਚ ਰਿਕਾਰਡ 9.7 ਕਰੋੜ ਸੈਲਾਨੀ ਆਏ, ਜਿੱਥੇ ਪ੍ਰਵਾਸੀਆਂ ਨੇ ਸਸਤੀ ਮਿਹਨਤ ਰਾਹੀਂ ਸੇਵਾਵਾਂ ਪ੍ਰਦਾਨ ਕੀਤੀਆਂ। ਸਰਕਾਰ ਦਾ ਮੰਨਣਾ ਹੈ ਕਿ ਇਨ੍ਹਾਂ ਲੋਕਾਂ ਨੂੰ ਕਾਨੂੰਨੀ ਦਰਜਾ ਦੇਣ ਨਾਲ ਉਹ ਦੇਸ਼ ਦੀ ਆਰਥਿਕਤਾ ਵਿਚ ਟੈਕਸ ਦੇ ਰੂਪ ਵਿਚ ਵੱਡਾ ਯੋਗਦਾਨ ਪਾ ਸਕਣਗੇ। ਇਹ ਕਦਮ ਅਮਰੀਕਾ ਅਤੇ ਹੋਰ ਯੂਰਪੀਅਨ ਦੇਸ਼ਾਂ ਵਿਚ ਪ੍ਰਵਾਸੀਆਂ ਵਿਰੁੱਧ ਚੱਲ ਰਹੀ ਸਖ਼ਤੀ ਦੇ ਬਿਲਕੁਲ ਉਲਟ ਹੈ, ਜਿਸ ਦੀ ਅੰਤਰਰਾਸ਼ਟਰੀ ਪੱਧਰ 'ਤੇ ਚਰਚਾ ਹੋ ਰਹੀ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ
**ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**

## ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ 10 ਸਾਲ ਕੈਦ ਦੀ ਸਜ਼ਾ

**ਢਾਕਾ, (ਪੰਜਾਬ ਮੇਲ)-** ਬੰਗਲਾਦੇਸ਼ ਦੀ ਅਦਾਲਤ ਨੇ ਪੂਰਬਾਂਚਲ ਨਿਊ ਟਾਊਨ ਸਰਕਾਰੀ ਪ੍ਰਾਜੈਕਟ ਹੇਠ ਪਲਾਟ ਵੰਡ ਵਿਚ ਭ੍ਰਿਸ਼ਟਾਚਾਰ ਦੇ ਦੋ ਮਾਮਲਿਆਂ ਵਿਚ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ 10 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਦੋਵਾਂ ਮਾਮਲਿਆਂ 'ਚ ਸ਼ੇਖ ਹਸੀਨਾ ਨੂੰ 5-5 ਸਾਲ ਦੀ ਸਜ਼ਾ ਸੁਣਾਈ ਗਈ ਹੈ। ਰਿਪੋਰਟ ਅਨੁਸਾਰ ਢਾਕਾ ਦੀ ਵਿਸ਼ੇਸ਼ ਜੱਜ ਦੀ ਅਦਾਲਤ ਦੇ ਜੱਜ ਰਬੀਉਲ ਆਲਮ ਨੇ ਹਸੀਨਾ ਨੂੰ 10 ਸਾਲ ਦੀ ਕੈਦ ਦੀ ਸਜ਼ਾ ਸੁਣਾਈ।




ਅਦਾਲਤ ਨੇ ਪੂਰਬਾਂਚਲ ਵਿਚ ਰਾਜੁਕ ਨਿਊ ਟਾਊਨ ਪ੍ਰਾਜੈਕਟ ਅਧੀਨ ਪਲਾਟਾਂ ਦੀ ਵੰਡ ਵਿਚ ਕਥਿਤ ਬੇਨਿਯਮੀਆਂ ਦੇ ਮਾਮਲਿਆਂ ਵਿਚ 78 ਸਾਲਾ ਹਸੀਨਾ, ਉਸ ਦੇ ਭਤੀਜੇ ਰਦਵਾਨ ਮੁਜੀਬ ਸਿੱਦੀਕ ਅਤੇ ਉਸ ਦੀ ਭਤੀਜੀਆਂ ਟਿਊਲਿਪ ਰਿਜ਼ਵਾਨਾ ਸਿੱਦੀਕ ਅਤੇ ਅਜ਼ਮੀਨਾ ਸਿੱਦੀਕ ਅਤੇ ਹੋਰਾਂ ਨੂੰ ਸਜ਼ਾ ਸੁਣਾਈ।

ਟਿਊਲਿਪ ਸਿੱਦੀਕ ਨੂੰ ਚਾਰ ਸਾਲ ਦੀ ਕੈਦ ਜਦੋਂ ਕਿ ਰਦਵਾਨ ਮੁਜੀਬ ਸਿੱਦੀਕ ਅਤੇ ਅਜ਼ਮੀਨਾ ਸਿੱਦੀਕ ਨੂੰ ਦੋਵਾਂ ਮਾਮਲਿਆਂ ਵਿਚ ਸੱਤ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ।

## ਦਲਾਈ ਲਾਮਾ ਨੇ ਪਹਿਲੀ ਵਾਰ ਵੱਕਾਰੀ 'ਗ੍ਰੈਮੀ ਐਵਾਰਡ' ਜਿੱਤ ਕੇ ਇਤਿਹਾਸ ਰਚਿਆ

**ਲਾਸ ਏਂਜਲਸ, (ਪੰਜਾਬ ਮੇਲ)-** ਦੁਨੀਆਂ ਦੇ ਸਭ ਤੋਂ ਵੱਕਾਰੀ ਸੰਗੀਤ ਪੁਰਸਕਾਰ '68ਵੇਂ ਗ੍ਰੈਮੀ ਐਵਾਰਡਜ਼' ਵਿਚ ਇਸ ਵਾਰ ਅਧਿਆਤਮਕ ਗੁਰੂ ਦਲਾਈ ਲਾਮਾ ਨੇ ਇਤਿਹਾਸ ਰਚ ਦਿੱਤਾ ਹੈ। ਐਤਵਾਰ ਨੂੰ ਲਾਸ ਏਂਜਲਸ ਵਿਚ ਹੋਏ ਸ਼ਾਨਦਾਰ ਸਮਾਗਮ ਦੌਰਾਨ ਦਲਾਈ ਲਾਮਾ ਨੇ 'ਆਡੀਓ ਬੁੱਕ, ਕਥਾਵਾਚਨ ਅਤੇ ਸਟੋਰੀਟੇਲਿੰਗ ਰਿਕਾਰਡਿੰਗ' ਸ਼੍ਰੇਣੀ ਵਿਚ ਆਪਣਾ ਪਹਿਲਾ ਗ੍ਰੈਮੀ ਪੁਰਸਕਾਰ ਜਿੱਤਿਆ। ਉਨ੍ਹਾਂ ਨੇ ਇਸ ਦੌੜ ਵਿਚ ਅਮਰੀਕੀ ਸੁਪਰੀਮ ਕੋਰਟ ਦੀ ਜੱਜ ਕੇਤਨਜੀ ਬ੍ਰਾਊਨ ਜੈਕਸਨ ਨੂੰ ਪਿੱਛੇ ਛੱਡਦਿਆਂ ਇਹ ਮਾਣ ਹਾਸਲ ਕੀਤਾ।



ਇਸ ਵਾਰ ਦਾ ਗ੍ਰੈਮੀ ਸਮਾਗਮ ਦਿੱਗਜ ਫ਼ਿਲਮ ਨਿਰਦੇਸ਼ਕ ਸਟੀਵਨ ਸਪੀਲਬਰਗ ਲਈ ਵੀ ਬੇਹੱਦ ਖ਼ਾਸ ਰਿਹਾ। ਉਨ੍ਹਾਂ ਦੀ ਸੰਗੀਤ ਫ਼ਿਲਮ 'ਮਿਊਜ਼ਿਕ ਫਾਰ ਜੌਨ ਵਿਲੀਅਮਜ਼' ਨੇ ਸਰਵੋਤਮ ਸੰਗੀਤ ਫ਼ਿਲਮ ਦਾ ਪੁਰਸਕਾਰ ਜਿੱਤਿਆ। ਇਸ ਜਿੱਤ ਨਾਲ ਸਪੀਲਬਰਗ ਹੁਣ ਅਧਿਕਾਰਤ ਤੌਰ 'ਤੇ 'EGOT' (ਐਮੀ, ਗ੍ਰੈਮੀ, ਆਸਕਰ ਅਤੇ ਟੋਨੀ ਐਵਾਰਡ ਜੇਤੂ) ਕਲੱਬ ਵਿਚ ਸ਼ਾਮਲ ਹੋ ਗਏ ਹਨ।

ਸੰਗੀਤ ਜਗਤ ਵਿਚ ਤੇਜ਼ੀ ਨਾਲ ਉੱਭਰ ਰਹੇ ਕੇ-ਪੌਪ ਨੇ ਵੀ ਇਸ ਵਾਰ ਗ੍ਰੈਮੀ ਵਿਚ ਆਪਣੀ ਮੌਜੂਦਗੀ ਦਰਜ ਕਰਵਾਈ। ਫ਼ਿਲਮ 'ਕੇ-ਪੌਪ ਡੈਮਨ ਹੰਟਰਸ' ਦੇ ਗੀਤ 'ਗੋਲਡਨ' ਨੇ ਵਿਜ਼ੂਅਲ ਮੀਡੀਆ ਲਈ ਸਰਵੋਤਮ ਗੀਤ ਦਾ ਪੁਰਸਕਾਰ ਜਿੱਤਿਆ। ਇਹ ਪਹਿਲਾ ਮੌਕਾ ਹੈ, ਜਦੋਂ ਕਿਸੇ ਕੇ-ਪੌਪ ਕਲਾਕਾਰ ਜਾਂ ਗਰੁੱਪ ਨੇ ਗ੍ਰੈਮੀ ਆਪਣੇ ਨਾਮ ਕੀਤਾ ਹੈ।

ਪੀਕਾਕ ਥੀਏਟਰ ਵਿਚ ਹੋਏ ਇਸ ਸਮਾਗਮ ਦੌਰਾਨ ਸਿਆਸੀ ਰੰਗ ਵੀ ਦੇਖਣ ਨੂੰ ਮਿਲਿਆ। ਕਈ ਕਲਾਕਾਰਾਂ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਇਮੀਗ੍ਰੇਸ਼ਨ ਨੀਤੀ (ਪ੍ਰਵਾਸ ਨੀਤੀ) ਦੀ ਖੁੱਲ੍ਹ ਕੇ ਨਿਖੇਧੀ ਕੀਤੀ। ਗਾਇਕ ਸ਼ਾਬੂਜ਼ੀ ਨੇ ਭਾਵੁਕ ਹੁੰਦਿਆਂ ਕਿਹਾ ਕਿ "ਪ੍ਰਵਾਸੀਆਂ ਨੇ ਹੀ ਇਸ ਦੇਸ਼ (ਅਮਰੀਕਾ) ਨੂੰ ਬਣਾਇਆ ਹੈ।" ਗਾਇਕਾ ਗਲੋਰੀਆ ਐਸਟੇਫਨ ਨੇ ਵੀ ਮੌਜੂਦਾ ਸਿਆਸੀ ਹਾਲਾਤ 'ਤੇ ਚਿੰਤਾ ਪ੍ਰਗਟਾਈ।



# ਆਕਰਸ਼ਕ ਛੋਟਾਂ ਦੇ ਬਾਵਜੂਦ ਕੋਈ ਵੀ ਏਅਰਲਾਈਨ ਚੰਡੀਗੜ੍ਹ ਤੋਂ ਉਡਾਣ ਸ਼ੁਰੂ ਕਰਨ ਲਈ ਨਹੀਂ ਆਈ ਅੱਗੇ

**ਚੰਡੀਗੜ੍ਹ, (ਪੰਜਾਬ ਮੇਲ)-** ਸ਼ਹੀਦ ਭਗਤ ਸਿੰਘ ਇੰਟਰਨੈਸ਼ਨਲ ਏਅਰਪੋਰਟ, ਚੰਡੀਗੜ੍ਹ ਤੋਂ ਘਰੇਲੂ ਤੇ ਅੰਤਰਰਾਸ਼ਟਰੀ ਉਡਾਣਾਂ ਸ਼ੁਰੂ ਕਰਨ ਲਈ ਚੰਡੀਗੜ੍ਹ ਇੰਟਰਨੈਸ਼ਨਲ ਏਅਰਪੋਰਟ ਲਿਮਟਿਡ ਵੱਲੋਂ ਵੱਡੇ ਪੱਧਰ ’ਤੇ ਏਅਰਲਾਈਨਾਂ ਨੂੰ ਛੋਟਾਂ ਦੇਣ ਦਾ ਪ੍ਰਸਤਾਵ ਦਿੱਤਾ ਸੀ। ਇਕ ਮਹੀਨੇ ਦਾ ਸਮਾਂ ਬੀਤ ਜਾਣ ਤੋਂ ਬਾਅਦ ਵੀ ਕੋਈ ਏਅਰਲਾਈਨ ਨਵੇਂ ਸ਼ਹਿਰਾਂ ਲਈ ਉਡਾਣਾਂ ਸ਼ੁਰੂ ਕਰਨ ਲਈ ਅੱਗੇ ਨਹੀਂ ਆਈ ਹੈ। ਅਜਿਹੇ ’ਚ ਅਥਾਰਟੀ ਨੇ ਰਿਮਾਇੰਡਰ ਏਅਰਲਾਈਨਾਂ ਨੂੰ ਭੇਜਿਆ ਹੈ, ਤਾਂ ਜੋ ਗਰਮੀਆਂ ਦੇ ਸ਼ਡਿਊਲ ’ਚ ਕੁੱਝ ਨਵੀਆਂ ਘਰੇਲੂ ਤੇ ਅੰਤਰਰਾਸ਼ਟਰੀ ਸੇਵਾਵਾਂ ਸ਼ੁਰੂ ਕੀਤੀਆਂ ਜਾ ਸਕਣ। ਚੰਡੀਗੜ੍ਹ ਹਵਾਈ ਅੱਡੇ ਤੋਂ ਯਾਤਰੀਆਂ ਦੀ ਕਨੈਕਟੀਵਿਟੀ ਵੱਧ ਸਕੇ ਤੇ ਦੂਜੇ ਰਾਜਾਂ ਦੇ ਲਈ ਉਡਾਣ ਸਹੂਲਤ ਮਿਲੇ।

ਏਅਰਪੋਰਟ ਅਥਾਰਟੀ ਨੇ ਚੰਡੀਗੜ੍ਹ ਹਵਾਈ ਅੱਡੇ ਤੋਂ ਨਵੀਆਂ ਉਡਾਣਾਂ ਸ਼ੁਰੂ ਕਰਨ ਲਈ ਏਅਰਲਾਈਨਾਂ ਨੂੰ ਪ੍ਰਤੀ ਯਾਤਰੀ ਵਿੱਤੀ ਸਹਾਇਤਾ, ਰਿਆਇਤੀ ਪਾਰਕਿੰਗ ਫੀਸ ਤੇ ਆਸਾਨ ਸੁਰੱਖਿਆ ਜਮ੍ਹਾਂ ਨਿਯਮਾਂ ਦੀ ਪੇਸ਼ਕਸ਼ ਕੀਤੀ ਸੀ, ਜਿਸ ਨੂੰ ਲੈ ਕੇ ਅਥਾਰਟੀ ਨੇ ਏਅਰ ਇੰਡੀਆ, ਇੰਡੀਗੋ, ਏਅਰ ਇੰਡੀਆ ਐਕਸਪ੍ਰੈੱਸ, ਅਲਾਇੰਸ ਏਅਰ, ਸਪਾਈਸਜੈੱਟ, ਅਕਾਸਾ ਏਅਰ ਤੇ ਸਟਾਰ ਏਅਰ ਸਣੇ ਪ੍ਰਮੁੱਖ ਏਅਰਲਾਈਨਾਂ ਨੂੰ ਸੱਦਾ ਦਿੱਤਾ ਗਿਆ ਸੀ। ਇਸ ਦੇ ਨਾਲ ਅੰਤਰਰਾਸ਼ਟਰੀ ਏਅਰਲਾਈਨਾਂ ਸ਼ੰਖ ਏਅਰ, ਅਲਹਿੰਦ ਏਅਰ ਤੇ ਫਲਾਈ ਐਕਸਪ੍ਰੈਸ ਵਰਗੀਆਂ ਆਉਣ ਵਾਲੀਆਂ ਏਅਰਲਾਈਨਾਂ ਨੂੰ ਵੀ ਆਕਰਸ਼ਕ ਛੋਟਾਂ ਦਾ ਲਾਭ ਉਠਾਉਣ ਤੇ ਚੰਡੀਗੜ੍ਹ ਹਵਾਈ ਅੱਡੇ ਤੋਂ ਨਵੇਂ ਤੇ ਬਿਨਾਂ ਸੇਵਾ ਵਾਲੇ ਰੂਟਾਂ ’ਤੇ ਸੰਚਾਲਨ ਸ਼ੁਰੂ ਕਰਨ ਲਈ ਸੱਦਾ ਦਿੱਤਾ ਸੀ।

### ■ 17 ਸ਼ਹਿਰਾਂ ਦੇ ਲਈ ਹਵਾਈ ਯਾਤਰਾ ਸ਼ੁਰੂ ਕਰਨ ਲਈ ਕੀਤੀ ਸੀ ਅਪੀਲ




ਹਵਾਈ ਅੱਡਾ ਅਥਾਰਟੀ ਨੇ ਦੇਸ਼ ਦੇ ਲਗਭਗ 17 ਨਵੇਂ ਸ਼ਹਿਰਾਂ ਅਤੇ 4 ਅੰਤਰਰਾਸ਼ਟਰੀ ਉਡਾਣਾਂ ਲਈ ਅਪੀਲ ਕੀਤੀ ਸੀ, ਤਾਂ ਜੋ ਸ਼ਹਿਰ ਵਾਸੀਆਂ ਨੂੰ ਚੰਡੀਗੜ੍ਹ ਹਵਾਈ ਅੱਡੇ ਤੋਂ ਦੂਜੇ ਰਾਜਾਂ ਲਈ ਉਡਾਣਾਂ ਮਿਲ ਸਕਣ। ਇਨ੍ਹਾਂ ’ਚ ਤਿਰੂਵਨੰਤਪੁਰਮ ਤੇ ਕੋਚੀ ਵਰਗੇ ਦੱਖਣੀ ਸਥਾਨ; ਅੰਮ੍ਰਿਤਸਰ, ਕੁੱਲੂ, ਜੋਧਪੁਰ, ਉਦੈਪੁਰ, ਜੈਸਲਮੇਰ, ਪ੍ਰਯਾਗਰਾਜ, ਅਯੁੱਧਿਆ ਤੇ ਜੰਮੂ ਸਣੇ ਉੱਤਰੀ ਸਥਾਨ, ਨਾਗਪੁਰ, ਵਡੋਦਰਾ, ਸੂਰਤ, ਨਾਂਦੇੜ ਤੇ ਨਾਸਿਕ ਵਰਗੇ ਪੱਛਮੀ ਸਥਾਨ; ਗੁਹਾਟੀ ਤੇ ਬਾਗਡੋਗਰਾ ਸਣੇ ਉੱਤਰ-ਪੂਰਬੀ ਸਥਾਨ ਤੇ ਰਾਏਪੁਰ, ਭੁਵਨੇਸ਼ਵਰ ਤੇ ਰਾਂਚੀ ਵਰਗੇ ਪੂਰਬੀ ਸ਼ਹਿਰਾਂ ਦੇ ਲਈ ਉਡਾਣਾਂ ਦੀ ਮੰਗ ਸੀ। ਇਸ ਦੇ ਨਾਲ ਸਿੰਗਾਪੁਰ, ਬੈਂਕਾਕ, ਮਲੇਸ਼ੀਆ, ਸ਼੍ਰੀਲੰਕਾ, ਨੇਪਾਲ, ਲੰਡਨ, ਕੈਨੇਡਾ ਤੇ ਹੋਰ ਪ੍ਰਮੁੱਖ ਗਲੋਬਲ ਸੈਂਟਰ ਵਰਗੇ ਸਥਾਨਾਂ ਲਈ ਸਿੱਧੀਆਂ ਉਡਾਣਾਂ ਦੀ ਅਥਾਰਟੀ ਵੱਲੋਂ ਮੰਗ ਕੀਤੀ ਗਈ ਸੀ।

# ਪੰਜਾਬ ’ਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਐੱਸ.ਆਈ.ਆਰ. ਦੀ ਤਿਆਰੀ!

**ਚੰਡੀਗੜ੍ਹ/ਜਲੰਧਰ, (ਪੰਜਾਬ ਮੇਲ)-** ਪੰਜਾਬ ਵਿਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੋਟਰ ਸੂਚੀਆਂ ਦਾ ਸਪੈਸ਼ਲ ਇੰਟੈਸਿਵ ਰਿਵੀਜ਼ਨ (ਐੱਸ.ਆਈ.ਆਰ) ਕਰਵਾਇਆ ਜਾਵੇਗਾ। ਐੱਸ.ਆਈ.ਆਰ. ਦਾ ਕੰਮ ਇਸੇ ਸਾਲ ਫਰਵਰੀ-ਮਾਰਚ ਵਿਚ ਸ਼ੁਰੂ ਹੋਵੇਗਾ। ਇਸ ਨੂੰ ਲੈ ਕੇ ਪੰਜਾਬ ਦੇ ਚੀਫ਼ ਇਲੈਕਟਰੋਲ ਅਫ਼ਸਰ ਨੇ ਵੀ ਇਸ ਪਹਿਲਾਂ ਤੋਂ ਹੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ।

ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਦੇ ਤਹਿਤ ਰਿਕਾਰਡ ਅਪਡੇਟ ਹੋ ਰਿਹਾ ਹੈ। ਫਿਲਹਾਲ ਅਜੇ ਰਸਮੀ ਤੌਰ ’ਤੇ ਸ਼ਡਿਊਲ ਦਾ ਐਲਾਨ ਨਹੀਂ ਕੀਤਾ ਗਿਆ ਹੈ। ਪੰਜਾਬ ਦੇ ਚੀਫ਼ ਇਲੈਕਟਰੋਲ ਅਫ਼ਸਰ (ਸੀ.ਈ.ਓ) ਦਫ਼ਤਰ ਨੇ ਜ਼ਿਲ੍ਹਾ ਅਧਿਕਾਰੀਆਂ ਨੂੰ ਵੋਟਰ ਰਿਕਾਰਡ ਅਪਡੇਟ ਰੱਖਣ ਅਤੇ ਪੁਰਾਣੇ ਵੋਟਰ ਸੂਚੀ ਨਾਲ ਤੁਲਨਾ ਨੂੰ ਤਿਆਰ ਰੱਖਣ ਲਈ ਕਿਹਾ ਗਿਆ ਹੈ। ਰਾਸ਼ਟਰੀ ਚੋਣ ਕਮਿਸ਼ਨ ਨੇ ਇਕ ਦਿਨ ਪਹਿਲਾਂ ਸਾਰੇ ਸੂਬਿਆਂ ਦੇ ਨਾਲ ਹੋਈ ਵਰਚੂਆਲ ਮੀਟਿੰਗ ਵਿਚ ਪੰਜਾਬ ਵਿਚ ਐੱਸ.ਆਈ.ਆਰ. ਸ਼ੁਰੂ ਕਰਨ ਦਾ ਸੰਕੇਤ ਦਿੱਤਾ ਸੀ। ਇਸ ਦੇ ਬਾਅਦ ਪੰਜਾਬ ਦੇ ਸੀ.ਈ.ਓ. ਨੇ ਵੋਟਰ ਲਿਸਟ ਦੀਆਂ ਗੜਬੜੀਆਂ ਦੁਰੱਸਤ ਕਰਨ ਦੇ ਆਦੇਸ਼ ਦਿੱਤੇ ਹਨ। ਚੋਣ ਕਮਿਸ਼ਨ 2003 ਦੀ ਵੋਟਰ ਸੂਚੀ ਨੂੰ ਮੌਜੂਦਾ ਵੋਟਰ ਸੂਚੀ ਨਾਲ ਮੈਪ ਕਰ ਰਿਹਾ ਹੈ। 2003 ਵਿਚ ਇਕ ਪਰਿਵਾਰ ’ਚ ਬੱਚਿਆਂ ਦੀ ਗਿਣਤੀ, ਉਨ੍ਹਾਂ ਦੀ ਉਮਰ ਅਤੇ ਮ੍ਰਿਤਕ ਮੈਂਬਰਾਂ ਦੀ ਗਿਣਤੀ ਸਭ ਦੀ ਮੈਪਿੰਗ ਕੀਤੀ ਜਾਵੇਗੀ। ਮੰਨ ਲਿਆ ਜਾਵੇ ਕਿ ਪੰਜਾਬ ’ਚ 21 ਮਿਲੀਅਨ ਵੋਟਰ ਹਨ, ਤਾਂ ਇਨ੍ਹਾਂ ਸਾਰਿਆਂ ਦੀ ਮੈਪਿੰਗ ਕੀਤੀ ਜਾਵੇਗੀ।

### ■ ਵੋਟਰ ਲਿਸਟਾਂ ’ਚ ਗੜਬੜੀਆਂ ਨੂੰ ਲੈ ਕੇ ਜਾਰੀ ਹੋਏ ਹੁਕਮ

ਇਨ੍ਹਾਂ ਵਿਚ ਕਿੰਨੇ ਵੋਟਰਾਂ ਦੀ ਮੌਤ ਹੋ ਗਈ, ਕਿੰਨੇ ਸ਼ਿਫ਼ਟ ਹੋ ਗਏ ਹਨ। ਇਹ ਸਭ ਬੀ.ਐੱਲ.ਓ. ਡੋਰ-ਟੂ-ਡੋਰ ਜਾ ਕੇ ਮੈਪਿੰਗ ਕਰਨਗੇ। ਪੰਜਾਬ ਵਿਚ ਐੱਸ.ਆਈ.ਆਰ. ਦਾ ਜ਼ਿਆਦਾ ਅਸਰ ਨਹੀਂ ਪਵੇਗਾ ਕਿਉਂਕਿ ਪੰਜਾਬ ਵਿਚ ਮਾਈਗ੍ਰੇਸ਼ਨ ਨਹੀਂ ਹੋਈ ਹੈ, ਨਾ ਗਲਤ ਵੋਟ ਬਣੇ ਹਨ। ਬੀ.ਐੱਲ.ਓ. ਪਹਿਲੇ ਬੂਥਾਂ ਦੀ ਮੈਪਿੰਗ ਕਰ ਰਹੇ ਹਨ। ਪੰਜਾਬ ਵਿਚ ਲਗਭਗ 24 ਹਜ਼ਾਰ ਬੂਥ ਹਨ।

# ਚੋਣ ਕਮਿਸ਼ਨ ਵੱਲੋਂ ਵੋਟਰ ਸੂਚੀਆਂ ’ਚੋਂ ਗ਼ੈਰ ਮਨੁੱਖੀ ਤਸਵੀਰਾਂ ਤੇ ਬੇਤੁਕੀਆਂ ਗਲਤੀਆਂ ਦੂਰ ਕਰਨ ਦੇ ਆਦੇਸ਼

**ਨਾਭਾ, (ਪੰਜਾਬ ਮੇਲ)-** ਭਾਰਤੀ ਚੋਣ ਕਮਿਸ਼ਨ ਵੱਲੋਂ ਵੋਟਰ ਸੂਚੀਆਂ ਦੀ ਸੁਧਾਈ (ਐੱਸ.ਆਈ.ਆਰ.) ਪ੍ਰਕਿਰਿਆ ਨੂੰ ਲੈ ਕੇ ਨਵੇਂ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਹਨ, ਜਿਸ ਤਹਿਤ ਬੀ.ਐੱਲ.ਓਜ਼. ਨੂੰ ਸੂਚੀਆਂ ਵਿਚੋਂ ਗੈਰ-ਮਨੁੱਖੀ ਅਤੇ ਬਲੈਕ ਐਂਡ ਵਾਈਟ ਤਸਵੀਰਾਂ ਨੂੰ ਤੁਰੰਤ ਹਟਾ ਕੇ ਰੰਗੀਨ ਤਸਵੀਰਾਂ ਲਗਾਉਣ ਲਈ ਕਿਹਾ ਗਿਆ ਹੈ। ਨਾਭਾ ਵਿਚ ਬੀ.ਐੱਲ.ਓਜ਼. ਵੱਲੋਂ ਘਰ-ਘਰ ਜਾ ਕੇ ਵੋਟਰਾਂ ਦੀ ਪਛਾਣ ਅਤੇ ਤਸਵੀਰਾਂ ਲੈਣ ਦਾ ਕੰਮ ਜਾਰੀ ਹੈ। ਅਧਿਕਾਰੀਆਂ ਅਨੁਸਾਰ, ਜੇਕਰ ਕਿਸੇ ਵੋਟਰ ਦੇ ਨਾਮ, ਉਮਰ, ਪਤਾ ਜਾਂ ਲਿੰਗ ਵਿਚ ਕੋਈ ਗਲਤੀ ਹੈ, ਤਾਂ ਉਸ ਨੂੰ ਫਾਰਮ ਨੰਬਰ 8 ਰਾਹੀਂ ਦਰੁੱਸਤ ਕੀਤਾ ਜਾਵੇਗਾ, ਜਦੋਂਕਿ ਬੇਲੋੜੀਆਂ ਵੋਟਾਂ ਕੱਟਣ ਲਈ ਫਾਰਮ ਨੰਬਰ 7 ਦੀ ਵਰਤੋਂ ਕੀਤੀ ਜਾ ਰਹੀ ਹੈ।

ਇੱਕ ਅਧਿਕਾਰੀ ਨੇ ਦੱਸਿਆ ਕਿ ਹੋ ਸਕਦਾ ਹੈ ਕਿ ਇਹ ਸਖਤੀ ਬਿਹਾਰ ਵਰਗੇ ਸੂਬਿਆਂ ਵਿਚ ਵੋਟਰ ਸੂਚੀਆਂ ਵਿਚ ਜਾਨਵਰਾਂ ਜਾਂ ਹੋਰ ਅਜੀਬੋ-ਗਰੀਬ ਤਸਵੀਰਾਂ ਵਾਇਰਲ ਹੋਣ ਵਰਗੀਆਂ ਘਟਨਾਵਾਂ ਤੋਂ ਸਬਕ ਲੈਂਦਿਆਂ ਕੀਤੀ ਗਈ ਹੈ, ਤਾਂ ਜੋ ਭਵਿੱਖ ਵਿਚ ਕਿਸੇ ਵੀ ਤਰਕਹੀਣ ਗਲਤੀ ਦੀ ਗੁੰਜਾਇਸ਼ ਨਾ ਰਹੇ।




ਦੂਜੇ ਪਾਸੇ, ਜ਼ਮੀਨੀ ਪੱਧਰ ’ਤੇ ਕੰਮ ਕਰ ਰਹੇ ਬੀ.ਐੱਲ.ਓਜ਼. ਨੇ ਆਪਣੀਆਂ ਮੁਸ਼ਕਲਾਂ ਸਾਂਝੀਆਂ ਕਰਦਿਆਂ ਦੱਸਿਆ ਕਿ ਦਿਨ ਵੇਲੇ ਚੋਣ ਕਮਿਸ਼ਨ ਦੀ ਅਧਿਕਾਰਤ ਐਪ ਬਹੁਤ ਹੌਲੀ ਚੱਲਦੀ ਹੈ, ਜਿਸ ਕਾਰਨ ਕੰਮ ਵਿਚ ਕਾਫੀ ਦਿੱਕਤ ਆਉਂਦੀ ਹੈ। ਤਕਨੀਕੀ ਖ਼ਾਮੀਆਂ ਦੇ ਬਾਵਜੂਦ, ਪ੍ਰਸ਼ਾਸਨ ਵੱਲੋਂ ਇਸ ਕੰਮ ਨੂੰ ਨਿਰਧਾਰਿਤ ਸਮੇਂ ਵਿਚ ਮੁਕੰਮਲ ਕਰਨ ਦਾ ਭਾਰੀ ਦਬਾਅ ਬਣਾਇਆ ਜਾ ਰਿਹਾ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com

# 6 ਸਾਲਾਂ ਬਾਅਦ ਦਿੱਲੀ-ਸ਼ੰਘਾਈ ਵਿਚਾਲੇ ਫਲਾਈਟ ਸੇਵਾ ਮੁੜ ਬਹਾਲ

**ਬੀਜਿੰਗ, (ਪੰਜਾਬ ਮੇਲ)-** ਏਅਰ ਇੰਡੀਆ ਨੇ ਐਤਵਾਰ ਨੂੰ ਲਗਭਗ 6 ਸਾਲਾਂ ਦੇ ਲੰਬੇ ਵਕਫ਼ੇ ਤੋਂ ਬਾਅਦ ਸ਼ੰਘਾਈ ਅਤੇ ਦਿੱਲੀ ਵਿਚਾਲੇ ਆਪਣੀ ਸਿੱਧੀ ਉਡਾਣ ਸੇਵਾ ਮੁੜ ਬਹਾਲ ਕਰ ਦਿੱਤੀ ਹੈ। ਸ਼ੰਘਾਈ ਸਥਿਤ ਭਾਰਤੀ ਵਣਜ ਦੂਤਾਵਾਸ ਵੱਲੋਂ ਜਾਰੀ ਪ੍ਰੈੱਸ ਨੋਟ ਅਨੁਸਾਰ, ਇਹ ਉਡਾਣ ਸ਼ੰਘਾਈ ਪੁਡੋਂਗ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਦਿੱਲੀ ਲਈ ਰਵਾਨਾ ਹੋਈ।

ਇਸ ਉਡਾਣ ਲਈ ਬੋਇੰਗ 787 ਜਹਾਜ਼ ਦੀ ਵਰਤੋਂ ਕੀਤੀ ਗਈ, ਜਿਸ ਵਿਚ 230 ਤੋਂ ਵੱਧ ਯਾਤਰੀ ਸਵਾਰ ਸਨ। ਜ਼ਿਕਰਯੋਗ ਹੈ ਕਿ ਸਾਲ 2020 ਦੇ ਸ਼ੁਰੂ ਵਿਚ ਕੋਵਿਡ-19 ਮਹਾਮਾਰੀ ਫੈਲਣ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਉਡਾਣ ਸੇਵਾਵਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਪੂਰਬੀ ਲੱਦਾਖ ਵਿਚ ਭਾਰਤ ਅਤੇ ਚੀਨ ਵਿਚਾਲੇ ਚਾਰ ਸਾਲਾਂ ਤੋਂ ਵੱਧ ਸਮੇਂ ਤੱਕ ਚੱਲੇ ਫੌਜੀ ਟਕਰਾਅ ਕਾਰਨ ਇਨ੍ਹਾਂ ਸੇਵਾਵਾਂ ਨੂੰ ਬਹਾਲ ਨਹੀਂ ਕੀਤਾ ਜਾ ਸਕਿਆ ਸੀ।

### ■ ਏਅਰ ਇੰਡੀਆ ਨੇ ਭਰੀ ਪਹਿਲੀ ਉਡਾਣ



ਸ਼ੰਘਾਈ ਵਿਚ ਭਾਰਤ ਦੇ ਮਹਾਂਵਣਜ ਦੂਤ ਪ੍ਰਤੀਕ ਮਾਥੁਰ ਨੇ ਏਅਰ ਇੰਡੀਆ ਦੀਆਂ ਸਿੱਧੀਆਂ ਉਡਾਣਾਂ ਦੀ ਬਹਾਲੀ ਦਾ ਸਵਾਗਤ ਕੀਤਾ ਹੈ। ਉਨ੍ਹਾਂ ਨੇ ਇਸ ਨੂੰ ਭਾਰਤ ਅਤੇ ਚੀਨ ਵਿਚਾਲੇ ਲੋਕਾਂ ਦੇ ਆਪਸੀ ਸੰਪਰਕ, ਵਪਾਰ ਅਤੇ ਸੰਸਥਾਗਤ ਸਬੰਧਾਂ ਦੀ ਬਹਾਲੀ ਵੱਲ ਇੱਕ ਵੱਡਾ ਕਦਮ ਦੱਸਿਆ। ਏਅਰ ਇੰਡੀਆ ਦੀਆਂ ਉਡਾਣਾਂ ਦੀ ਇਹ ਵਾਪਸੀ 2020 ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਦੁਵੱਲੇ ਹਵਾਈ ਸੰਪਰਕ ਨੂੰ ਆਮ ਵਾਂਗ ਬਣਾਉਣ ਦੀ ਦਿਸ਼ਾ ਵਿਚ ਇੱਕ ਮਹੱਤਵਪੂਰਨ ਘਟਨਾਕ੍ਰਮ ਮੰਨੀ ਜਾ ਰਹੀ ਹੈ।

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕਾਰਜਕਾਲ ਵਧਾਉਣਾ ਕਾਨੂੰਨ ਦੇ ਵਿਰੁੱਧ : ਸਰਨਾ

**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀ.ਐੱਸ.ਜੀ.ਐੱਮ.ਸੀ.) ਦੇ ਕਾਰਜਕਾਲ ਨੂੰ 9 ਮਹੀਨੇ ਲਈ ਵਧਾਉਣ ਦੇ ਫੈਸਲੇ ’ਤੇ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਸਰਨਾ ਨੇ ਦੋਸ਼ ਲਾਇਆ ਕਿ ਉਪ-ਰਾਜਪਾਲ ਵੱਲੋਂ ਕਾਰਜਕਾਲ ਵਧਾਉਣਾ ਕਾਨੂੰਨ ਦੇ ਵਿਰੁੱਧ ਹੈ। ਉਨ੍ਹਾਂ ਇਸ ਨੂੰ ‘ਲੋਕਤੰਤਰ ਦਾ ਕਤਲ’ ਕਰਾਰ ਦਿੱਤਾ ਹੈ।



ਉਨ੍ਹਾਂ ਦਾਅਵਾ ਕੀਤਾ ਕਿ ਮੌਜੂਦਾ ਕਮੇਟੀ (ਕਾਲਕਾ ਧੜਾ) ਚੋਣਾਂ ਦਾ ਸਾਹਮਣਾ ਕਰਨ ਤੋਂ ਡਰ ਰਹੀ ਹੈ, ਇਸ ਲਈ ਉਹ ਪਿਛਲੇ ਦਰਵਾਜ਼ੇ ਤੋਂ ਕਾਰਜਕਾਲ ਵਧਵਾ ਰਹੇ ਹਨ। ਸਰਨਾ ਦਾ ਤਰਕ ਹੈ ਕਿ ਦਿੱਲੀ ਗੁਰਦੁਆਰਾ ਐਕਟ ਤਹਿਤ ਚੁਣੇ ਹੋਏ ਮੈਂਬਰਾਂ ਦੇ ਕਾਰਜਕਾਲ ਨੂੰ ਇਸ ਤਰ੍ਹਾਂ ਵਧਾਉਣ ਦਾ ਕੋਈ ਉਪਬੰਧ ਨਹੀਂ ਹੈ ਅਤੇ ਇਹ ਸਿੱਖ ਸੰਗਤ ਦੇ ਅਧਿਕਾਰਾਂ ਦਾ ਘਾਣ ਹੈ। ਹਾਲ ਹੀ ’ਚ ਸਰਨਾ ਅਤੇ ਮਨਜੀਤ ਸਿੰਘ ਜੀ.ਕੇ. ਨੇ ਇਸ ਮੁੱਦੇ ਅਤੇ ਹੋਰ ਮਤਭੇਦਾਂ ਦੇ ਵਿਰੋਧ ’ਚ ਆਪਣੀ ਮੈਂਬਰਸ਼ਿਪ ਤੋਂ ਅਸਤੀਫ਼ਾ ਵੀ ਦੇ ਦਿੱਤਾ ਸੀ, ਜਿਸ ਨੂੰ ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਭੇਜਿਆ ਸੀ। ਉਨ੍ਹਾਂ ਦਾ ਕਹਿਣਾ ਹੈ ਕਿ ਕਾਰਜਕਾਲ ਖ਼ਤਮ ਹੋਣ ’ਤੇ ਚੋਣਾਂ ਲਾਜ਼ਮੀ ਹੋਣੀਆਂ ਚਾਹੀਦੀਆਂ ਸਨ। ਸਰਨਾ ਨੇ ਸਵਾਲ ਉਠਾਇਆ ਕਿ ਜਦੋਂ ਮੌਜੂਦਾ ਕਮੇਟੀ ਦਾ ਕਾਰਜਕਾਲ ਪੂਰਾ ਹੋ ਚੁੱਕਾ ਸੀ, ਤਾਂ ਉਨ੍ਹਾਂ ਨੂੰ ਜਨਤਾ (ਸਿੱਖ ਸੰਗਤ) ਕੋਲ ਜਾਣ ਦੀ ਬਜਾਏ “ਪਿਛਲੇ ਦਰਵਾਜ਼ੇ” ਤੋਂ ਵਾਧਾ ਕਿਉਂ ਦਿੱਤਾ ਗਿਆ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com

**Editorial Board**

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit
Ishu Hallan
Vijay
Surbhi Sharma
Ranjit Singh

**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਸਿੱਟ ਵੱਲੋਂ ਐੱਸ.ਜੀ.ਪੀ.ਸੀ. ਦੇ 40 ਅਧਿਕਾਰੀਆਂ ਨੂੰ ਸੰਮਣ ਭੇਜਣ 'ਤੇ ਜਥੇਦਾਰ ਰਘਬੀਰ ਸਿੰਘ ਵੱਲੋਂ ਚਿੰਤਾ ਜ਼ਾਹਿਰ

**ਅੰਮ੍ਰਿਤਸਰ, (ਪੰਜਾਬ ਮੇਲ)-** 328 ਪਾਵਨ ਸਰੂਪਾਂ ਦੇ ਲਾਪਤਾ ਹੋਣ ਦੇ ਮਾਮਲੇ 'ਚ ਬਣੀ ਸਿੱਟ ਵੱਲੋਂ ਐੱਸ.ਜੀ.ਪੀ.ਸੀ. ਦੇ 40 ਮੌਜੂਦਾ ਅਤੇ ਸੇਵਾਮੁਕਤ ਅਧਿਕਾਰੀਆਂ ਨੂੰ ਪੁਲਿਸ ਕਮਿਸ਼ਨਰ ਦਫ਼ਤਰ ਵਿਖੇ ਪੇਸ਼ ਹੋਣ ਲਈ ਸੰਮਣ ਭੇਜੇ ਗਏ ਹਨ। ਇਸ ਮਾਮਲੇ 'ਤੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਰਘਬੀਰ ਸਿੰਘ ਜੀ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਜਾਂਚ ਦੀ ਪ੍ਰਕਿਰਿਆ ਦੌਰਾਨ ਅਧਿਕਾਰੀਆਂ ਨੂੰ ਕੀਤੀ ਜਾ ਰਹੀ ਕਥਿਤ ਮਾਨਸਿਕ ਪਰੇਸ਼ਾਨੀ 'ਤੇ ਚਿੰਤਾ ਪ੍ਰਗਟਾਈ ਹੈ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਸੋਸ਼ਲ ਮੀਡੀਆ ਰਾਹੀਂ ਪਤਾ ਲੱਗਾ ਹੈ ਕਿ ਸਿੱਟ ਵੱਲੋਂ ਦੋਬਾਰਾ 40 ਲੋਕਾਂ ਨੂੰ ਬਿਆਨ ਦਰਜ ਕਰਵਾਉਣ ਲਈ ਸੱਦਿਆ ਗਿਆ ਹੈ। ਉਨ੍ਹਾਂ



ਸਪੱਸ਼ਟ ਰੂਪ ਵਿਚ ਕਿਹਾ ਕਿ ਇਸ ਤੋਂ ਪਹਿਲਾਂ ਵੀ ਡਾਕਟਰ ਈਸ਼ਰ ਸਿੰਘ ਦੀ ਰਿਪੋਰਟ ਦੌਰਾਨ ਸਭ ਦੇ ਬਿਆਨ ਦਰਜ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ ਜਾਂਚ ਹੋਣੀ ਚਾਹੀਦੀ ਹੈ, ਤਾਂ ਜੋ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਹੋ ਸਕੇ ਪਰ ਜਾਂਚ ਦੇ ਨਾਂ 'ਤੇ ਕਿਸੇ ਦੀ ਸਰੀਰਕ ਜਾਂ ਮਾਨਸਿਕ ਹਰਾਸਮੈਂਟ ਨਹੀਂ ਹੋਣੀ ਚਾਹੀਦੀ।

ਇਸ ਦੇ ਇਲਾਵਾ ਜਥੇਦਾਰ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਾਂਚ ਟੀਮ ਨੂੰ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ ਜਾ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਖ਼ੁਦ ਸਿੱਟ ਦੇ ਮੁਖੀ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਕਮੇਟੀ ਵੱਲੋਂ ਜਾਂਚ 'ਚ ਪੂਰੀ ਮਦਦ ਮਿਲ ਰਹੀ ਹੈ। ਅਜਿਹੀ ਸਥਿਤੀ 'ਚ ਪ੍ਰਸ਼ਾਸਨ ਅਤੇ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਜਾਂਚ ਨੂੰ ਸੁਚਾਰੂ ਢੰਗ ਨਾਲ ਚਲਾਉਣ ਅਤੇ ਬਿਨਾਂ ਵਜ੍ਹਾ ਅਧਿਕਾਰੀਆਂ 'ਤੇ ਮਾਨਸਿਕ ਦਬਾਅ ਨਾ ਪਾਉਣ। ਇਹ ਮਾਮਲਾ ਸਿੱਖ ਪੰਥ ਲਈ ਬਹੁਤ ਸੰਵੇਦਨਸ਼ੀਲ ਹੈ, ਕਿਉਂਕਿ ਇਹ ਪਾਵਨ ਸਰੂਪਾਂ ਦੀ ਮਰਿਆਦਾ ਅਤੇ ਰਿਕਾਰਡ ਨਾਲ ਜੁੜਿਆ ਹੋਇਆ ਹੈ। ਗਿਆਨੀ ਰਘਬੀਰ ਸਿੰਘ ਨੇ ਉਮੀਦ ਜਤਾਉਂਦੇ ਕਿਹਾ ਕਿ ਜਾਂਚ ਨਿਰਪੱਖ ਹੋਵੇਗੀ ਅਤੇ ਅਸਲੀਅਤ ਸਾਹਮਣੇ ਆਵੇਗੀ ਪਰ ਉਨ੍ਹਾਂ ਮੁੜ ਦੋਹਰਾਇਆ ਕਿ ਸਰਕਾਰ ਅਤੇ ਪ੍ਰਸ਼ਾਸਨ ਨੂੰ ਜਾਂਚ ਦੌਰਾਨ ਮਾਨਵੀ ਕਦਰਾਂ-ਕੀਮਤਾਂ ਦਾ ਖਿਆਲ ਰੱਖਣਾ ਚਾਹੀਦਾ ਹੈ। ਉਥੇ ਹੀ ਗਿਆਨੀ ਰਘਬੀਰ ਸਿੰਘ ਨੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ 'ਚ ਪੁਲਸ ਮੁਲਾਜ਼ਮਾਂ ਵੱਲੋਂ ਸਾਦੀ ਵਰਦੀ 'ਚ ਦਾਖ਼ਲ ਹੋ ਕੇ ਕੁਝ ਨੌਜਵਾਨਾਂ ਨੂੰ ਚੁੱਕਣ ਦੀ ਕੋਸ਼ਿਸ਼ ਕਰਨ ਦੇ ਮਾਮਲੇ 'ਤੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਅਜਿਹੀਆਂ ਕਾਰਵਾਈਆਂ ਨਾਲ ਸੰਗਤ ਦੇ ਮਨਾਂ 'ਚ ਡਰ ਅਤੇ ਸਹਿਮ ਦਾ ਮਾਹੌਲ ਪੈਦਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਮੁੱਚੀ ਮਾਨਵਤਾ ਲਈ ਆਸਥਾ ਅਤੇ ਰੂਹਾਨੀ ਸ਼ਾਂਤੀ ਦਾ ਕੇਂਦਰ ਹੈ। ਇਥੇ ਦੇਸ਼-ਵਿਦੇਸ਼ ਤੋਂ ਸੰਗਤਾਂ ਮਨ ਦੀ ਸ਼ਾਂਤੀ ਲਈ ਆਉਂਦੀਆਂ ਹਨ।

# ਅਮਰੀਕਾ ਤੇ ਕੈਨੇਡਾ ਭੇਜੇ ਜਾ ਰਹੇ ਪਾਰਸਲਾਂ 'ਚੋਂ 60 ਲੱਖ ਰੁਪਏ ਤੋਂ ਵੱਧ ਦੀ ਅਫੀਮ ਬਰਾਮਦ

**ਲੁਧਿਆਣਾ, (ਪੰਜਾਬ ਮੇਲ)-** ਡੀ.ਆਰ.ਆਈ. ਦੀ ਜ਼ੋਨਲ ਯੂਨਿਟ ਲੁਧਿਆਣਾ ਨੇ ਨਸ਼ਾ ਸਮੱਗਲਿੰਗ ਖਿਲਾਫ ਵੱਡੀ ਕਾਰਵਾਈ ਕਰਦੇ ਹੋਏ 12.118 ਕਿਲੋਗ੍ਰਾਮ ਅਫੀਮ ਬਰਾਮਦ ਕੀਤੀ ਹੈ, ਜਿਸ ਦੀ ਅੰਤਰਰਾਸ਼ਟਰੀ ਬਾਜ਼ਾਰ 'ਚ ਅਨੁਮਾਨਿਤ ਕੀਮਤ ਕਰੀਬ 60.59 ਲੱਖ ਰੁਪਏ ਦੱਸੀ ਜਾ ਰਹੀ ਹੈ। ਵਿਭਾਗੀ ਅਧਿਕਾਰੀਆਂ ਤੋਂ ਮਿਲੀ ਜਾਣਕਾਰੀ ਅਨੁਸਾਰ ਡੀ.ਆਰ.ਆਈ. ਨੂੰ ਵਿਸ਼ੇਸ਼ ਖੁਫੀਆ ਸੂਚਨਾ ਪ੍ਰਾਪਤ ਹੋਈ ਸੀ ਕਿ ਲੁਧਿਆਣਾ ਪੰਜਾਬ ਤੋਂ ਬੁੱਕ ਕੀਤੇ ਗਏ 7 ਪਾਰਸਲ, ਜਿਨ੍ਹਾਂ ਨੂੰ ਅਮਰੀਕਾ ਅਤੇ ਕੈਨੇਡਾ ਭੇਜਿਆ ਜਾਣਾ ਸੀ, ਉਨ੍ਹਾਂ 'ਚ ਐੱਨ.ਡੀ.ਪੀ.ਐੱਸ ਐਕਟ 1985 ਦਾ ਉਲੰਘਣ ਕਰਦੇ ਹੋਏ ਪਾਬੰਦੀਸ਼ੁੰਦਾ ਨਸ਼ੀਲੇ ਪਦਾਰਥ ਲੁਕਾ ਕੇ ਭੇਜੇ ਜਾ ਰਹੇ ਹਨ।

ਸੂਚਨਾ ਦੇ ਅਧਾਰ 'ਤੇ ਡੀ.ਆਰ.ਆਈ. ਅਧਿਕਾਰੀਆਂ ਨੇ ਲੁਧਿਆਣਾ ਸਥਿਤ ਇਕ ਕੋਰੀਅਰ ਦਫ਼ਤਰ 'ਚ ਇਨ੍ਹਾਂ ਪਾਰਸਲਾਂ ਨੂੰ ਰੋਕਿਆ ਅਤੇ ਉਨ੍ਹਾਂ ਦੀ ਗੰਭੀਰਤਾ ਨਾਲ ਜਾਂਚ ਕੀਤੀ। ਜਾਂਚ ਦੌਰਾਨ ਪਾਰਸਲਾਂ 'ਚੋਂ ਕੁਲ 30 ਪੈਕੇਟ ਬਰਾਮਦ ਕੀਤੇ ਗਏ, ਜਿਨ੍ਹਾਂ ਨੂੰ ਭਾਂਡਿਆਂ ਅਤੇ ਅਡਲਟਸ ਡਾਈਪਰ ਪੈਡਸ ਦੇ ਅੰਦਰ ਬੜੀ ਚਲਾਕੀ ਨਾਲ ਲੁਕਾਇਆ ਗਿਆ ਸੀ। ਸਮੱਗਲਰਾਂ ਨੇ ਨਸ਼ੀਲੇ ਪਦਾਰਥਾਂ ਨੂੰ ਘਰੇਲੂ ਵਰਤੋਂ ਤੇ ਖਾਧ ਸਮੱਗਰੀ ਦੇ ਨਾਮ 'ਤੇ ਵਿਦੇਸ਼ ਭੇਜਣ ਦਾ ਯਤਨ ਕੀਤਾ ਸੀ, ਤਾਂ ਕਿ ਸੁਰੱਖਿਆ ਏਜੰਸੀਆਂ ਨੂੰ ਗੁੰਮਰਾਹ ਕੀਤਾ ਜਾ ਸਕੇ। ਬਰਾਮਦ 30 ਪੈਕਟਾਂ 'ਚ ਕੁਲ 12.118 ਕਿਲੋਗ੍ਰਾਮ ਅਫੀਮ ਪਾਈ ਗਈ, ਜਿਸ ਨੂੰ 31 ਜਨਵਰੀ ਨੂੰ ਐੱਨ.ਡੀ.ਪੀ.ਐੱਸ. ਐਕਟ 1985 ਦੇ ਪ੍ਰਾਵਧਾਨਾਂ ਤਹਿਤ ਜ਼ਬਤ ਕਰ













# ਟੀ-20 ਵਿਸ਼ਵ ਕੱਪ : ਆਈ.ਸੀ.ਸੀ. ਵੱਲੋਂ ਪਾਕਿਸਤਾਨ ਨੂੰ 'ਫਾਈਨਲ ਅਲਟੀਮੇਟਮ'!

**ਪਾਕਿਸਤਾਨ ਨੇ ਵਿਸ਼ਵ ਕੱਪ 'ਚ ਭਾਰਤ ਖਿਲਾਫ਼ ਮੈਚ ਦਾ ਬਾਈਕਾਟ ਕਰਨ ਦਾ ਕੀਤਾ ਸੀ ਐਲਾਨ**



ਨਵੀਂ ਦਿੱਲੀ, (ਪੰਜਾਬ ਮੇਲ)- ਟੀ-20 ਵਿਸ਼ਵ ਕੱਪ 2026 ਦੇ ਸਭ ਤੋਂ ਵੱਡੇ ਮੁਕਾਬਲੇ ਨੂੰ ਲੈ ਕੇ ਸਿਆਸੀ ਤਣਾਅ ਸਿਖਰਾਂ 'ਤੇ ਪਹੁੰਚ ਗਿਆ ਹੈ। ਅੰਤਰਰਾਸ਼ਟਰੀ ਕ੍ਰਿਕਟ ਕੌਂਸਲ (ਆਈ.ਸੀ.ਸੀ.) ਨੇ ਪਾਕਿਸਤਾਨ ਕ੍ਰਿਕਟ ਬੋਰਡ (ਪੀ.ਸੀ.ਬੀ.) ਨੂੰ 15 ਫਰਵਰੀ ਨੂੰ ਭਾਰਤ ਵਿਰੁੱਧ ਹੋਣ ਵਾਲੇ ਮੈਚ ਦੇ ਬਾਈਕਾਟ ਦੀ ਸਥਿਤੀ ਵਿਚ 'ਫਾਈਨਲ ਅਲਟੀਮੇਟਮ' ਜਾਰੀ ਕਰ ਦਿੱਤਾ ਹੈ। ਸੂਤਰਾਂ ਅਨੁਸਾਰ, ਜੇਕਰ ਪਾਕਿਸਤਾਨ ਇਸ ਮੈਚ ਵਿਚ ਨਹੀਂ ਖੇਡਦਾ, ਤਾਂ ਉਸ ਨੂੰ ਨਾ ਸਿਰਫ਼ ਆਰਥਿਕ, ਬਲਕਿ ਕਾਨੂੰਨੀ ਤੌਰ 'ਤੇ ਵੀ ਭਾਰੀ ਕੀਮਤ ਚੁਕਾਉਣੀ ਪਵੇਗੀ।

ਆਈ.ਸੀ.ਸੀ. ਨੇ ਪਾਕਿਸਤਾਨ ਨੂੰ ਚੇਤਾਵਨੀ ਦਿੱਤੀ ਹੈ ਕਿ ਮੈਚ ਦਾ ਬਾਈਕਾਟ ਕਰਨ 'ਤੇ ਅਧਿਕਾਰਤ ਬ੍ਰੌਡਕਾਸਟਰ ਜਿਓਸਟਾਰ ਵੱਲੋਂ ਉਨ੍ਹਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ, ਆਈ.ਸੀ.ਸੀ. ਪਾਕਿਸਤਾਨ ਦੇ ਸਾਲਾਨਾ ਮਾਲੀਏ ਦਾ ਹਿੱਸਾ ਰੋਕ ਸਕਦਾ ਹੈ, ਜੋ ਕਿ ਲਗਭਗ 35 ਮਿਲੀਅਨ ਅਮਰੀਕੀ ਡਾਲਰ ਬਣਦਾ ਹੈ। ਇਹ ਰਕਮ ਰੋਕ ਕੇ ਬ੍ਰੌਡਕਾਸਟਰ ਨੂੰ ਹੋਏ ਨੁਕਸਾਨ ਦੀ ਭਰਪਾਈ ਕੀਤੀ ਜਾ ਸਕਦੀ ਹੈ।

ਹਾਲਾਂਕਿ ਪਾਕਿਸਤਾਨ ਸਰਕਾਰ ਨੇ ਆਪਣੀ ਟੀਮ ਨੂੰ ਭਾਰਤ ਵਿਰੁੱਧ ਨਾ ਖੇਡਣ ਦੇ ਨਿਰਦੇਸ਼ ਦਿੱਤੇ ਹਨ ਪਰ ਖੇਡ ਮਾਹਰਾਂ ਦਾ ਕਹਿਣਾ ਹੈ ਕਿ ਇਹ ਫੈਸਲਾ ਤਰਕਹੀਣ ਹੈ। ਪਾਕਿਸਤਾਨ ਆਪਣੇ ਸਾਰੇ ਮੈਚ ਆਪਣੀ ਮੰਗ ਅਨੁਸਾਰ ਨਿਊਟਰਲ ਵੇਨਿਊ (ਸ਼੍ਰੀਲੰਕਾ) ਵਿਚ ਖੇਡ ਰਿਹਾ ਹੈ। ਭਾਰਤੀ ਸਰਕਾਰ ਨੇ ਭਾਵੇਂ ਆਪਣੀ ਟੀਮ ਨੂੰ ਪਾਕਿਸਤਾਨ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਪਰ ਉਸ ਨੇ ਕਦੇ ਵੀ ਨਿਊਟਰਲ ਵੇਨਿਊ 'ਤੇ ਪਾਕਿਸਤਾਨ ਵਿਰੁੱਧ ਖੇਡਣ ਤੋਂ ਮਨਾਂ ਨਹੀਂ ਕੀਤਾ। ਅਜਿਹੇ ਵਿਚ ਪਾਕਿਸਤਾਨ ਦੇ ਇਨਕਾਰ ਨਾਲ ਪੀ.ਸੀ.ਬੀ. ਦੇ ਪੂਰੀ ਤਰ੍ਹਾਂ ਤਬਾਹ ਹੋਣ ਦਾ ਖਦਸ਼ਾ ਜਤਾਇਆ ਜਾ ਰਿਹਾ ਹੈ।

ਕੁਝ ਸੂਤਰਾਂ ਦਾ ਮੰਨਣਾ ਹੈ ਕਿ ਪੀ.ਸੀ.ਬੀ. ਚੇਅਰਮੈਨ ਮੋਹਸਿਨ ਨਕਵੀ, ਜੋ ਪਾਕਿਸਤਾਨ ਦੇ ਗ੍ਰਹਿ ਮੰਤਰੀ ਵੀ ਹਨ, ਇਸ ਮੁੱਦੇ 'ਤੇ ਸਿਆਸੀ ਲਾਹਾ ਲੈਣ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਵੀ ਉਮੀਦ ਜਤਾਈ ਜਾ ਰਹੀ ਹੈ ਕਿ 12 ਫਰਵਰੀ ਨੂੰ ਬੰਗਲਾਦੇਸ਼ ਵਿੱਚ ਹੋਣ ਵਾਲੀਆਂ ਆਮ ਚੋਣਾਂ ਤੋਂ ਬਾਅਦ ਪਾਕਿਸਤਾਨ ਆਪਣੇ ਫੈਸਲੇ 'ਤੇ 'ਯੂ-ਟਰਨ' ਲੈ ਸਕਦਾ ਹੈ ਕਿਉਂਕਿ 15 ਫਰਵਰੀ ਦੇ ਮੈਚ ਤੋਂ ਪਹਿਲਾਂ ਕੁਝ ਸਮਾਂ ਬਾਕੀ ਹੋਵੇਗਾ। ਜੇਕਰ ਅਜਿਹਾ ਨਹੀਂ ਹੁੰਦਾ, ਤਾਂ ਪਾਕਿਸਤਾਨ ਅੰਤਰਰਾਸ਼ਟਰੀ ਕ੍ਰਿਕਟ ਵਿਚ ਪੂਰੀ ਤਰ੍ਹਾਂ ਅਲੱਗ-ਥਲੱਗ ਹੋ ਸਕਦਾ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com

# ਆਈ.ਸੀ.ਸੀ. ਨੇ ਪਾਕਿਸਤਾਨ ਕ੍ਰਿਕਟ ਬੋਰਡ ਨੂੰ ਫੈਸਲੇ 'ਤੇ ਮੁੜ ਵਿਚਾਰ ਕਰਨ ਲਈ ਕਿਹਾ

**ਪਾਕਿਸਤਾਨ ਖਿਲਾਫ ਸਖਤ ਐਕਸ਼ਨ ਦੀ ਤਿਆਰੀ 'ਚ ਆਈ.ਸੀ.ਸੀ.**



**ਚੰਡੀਗੜ੍ਹ, (ਪੰਜਾਬ ਮੇਲ)-** ਪਾਕਿਸਤਾਨ ਨੇ ਟੀ-20 ਵਿਸ਼ਵ ਕੱਪ ਵਿੱਚ ਭਾਰਤ ਖਿਲਾਫ ਮੈਚ ਖੇਡਣ ਤੋਂ ਇਨਕਾਰ ਕਰ ਦਿੱਤਾ ਹੈ। ਪਾਕਿਸਤਾਨ ਸਰਕਾਰ ਨੇ ਐਤਵਾਰ ਨੂੰ ਕਿਹਾ ਸੀ ਕਿ ਉਨ੍ਹਾਂ ਦੀ ਟੀਮ ਟੂਰਨਾਮੈਂਟ ਤਾਂ ਖੇਡੇਗੀ ਪਰ ਭਾਰਤ ਨਾਲ ਮੈਚ ਨਹੀਂ ਖੇਡੇਗੀ। ਇੰਟਰਨੈਸ਼ਨਲ ਕ੍ਰਿਕਟ ਕਾਊਂਸਲ (ਆਈ.ਸੀ.ਸੀ.) ਨੇ ਪਾਕਿਸਤਾਨ ਕ੍ਰਿਕਟ ਬੋਰਡ (ਪੀ.ਸੀ.ਬੀ.) ਨੂੰ ਆਪਣੇ ਫੈਸਲੇ 'ਤੇ ਮੁੜ ਵਿਚਾਰ ਕਰਨ ਲਈ ਕਿਹਾ ਹੈ।

ਆਈ.ਸੀ.ਸੀ. ਦੀਆਂ ਪਲੇਇੰਗ ਕੰਡੀਸ਼ਨਜ਼ ਮੁਤਾਬਕ ਮੈਚ ਦਾ ਬਾਈਕਾਟ ਕਰਨ ਨਾਲ ਪਾਕਿਸਤਾਨ ਦਾ ਆਪਣਾ ਹੀ ਰਨ ਰੇਟ ਖਰਾਬ ਹੋਵੇਗਾ। ਕਲਾਜ਼ 16.10.7 ਵਿਚ ਦੱਸਿਆ ਗਿਆ ਹੈ ਕਿ ਅਜਿਹੀ ਸਥਿਤੀ ਵਿਚ ਪਾਕਿਸਤਾਨ ਦੇ 20 ਓਵਰਾਂ ਵਿਚ ਸਿਫਰ ਦੌੜਾਂ ਹੀ ਮੰਨੀਆਂ ਜਾਣਗੀਆਂ, ਜਦਕਿ ਭਾਰਤ ਦਾ ਇੱਕ ਵੀ ਓਵਰ ਕਾਊਂਟ ਨਹੀਂ ਹੋਵੇਗਾ। ਇਸ ਕਾਰਨ ਪਾਕਿਸਤਾਨ ਦਾ ਰਨ ਰੇਟ ਬਾਕੀ ਮੈਚ ਜਿੱਤ ਕੇ ਵੀ ਨੈਗੇਟਿਵ ਰਹਿ ਸਕਦਾ ਹੈ।

ਗਰੁੱਪ-ਏ ਵਿਚ ਭਾਰਤ ਅਤੇ ਪਾਕਿਸਤਾਨ ਤੋਂ ਇਲਾਵਾ ਨਾਮੀਬੀਆ, ਨੀਦਰਲੈਂਡ ਅਤੇ ਅਮਰੀਕਾ ਦੀਆਂ ਟੀਮਾਂ ਹਨ। ਜੇਕਰ ਪਾਕਿਸਤਾਨ ਬਾਕੀ 3 ਵਿਚੋਂ ਇੱਕ ਵੀ ਮੈਚ ਹਾਰ ਗਿਆ, ਤਾਂ ਟੀਮ ਗਰੁੱਪ ਸਟੇਜ ਤੋਂ ਹੀ ਬਾਹਰ ਹੋ ਜਾਵੇਗੀ। ਯਾਦ ਰਹੇ ਕਿ ਪਿਛਲੇ ਵਿਸ਼ਵ ਕੱਪ ਵਿਚ ਅਮਰੀਕਾ ਨੇ ਪਾਕਿਸਤਾਨ ਨੂੰ ਹਰਾ ਕੇ ਗਰੁੱਪ ਸਟੇਜ ਤੋਂ ਬਾਹਰ ਕਰ ਦਿੱਤਾ ਸੀ ਅਤੇ ਨੀਦਰਲੈਂਡ ਵੀ ਆਈ.ਸੀ.ਸੀ. ਟੂਰਨਾਮੈਂਟਾਂ ਵਿਚ ਵੱਡੇ ਉਲਟਫੇਰ ਕਰਦੀ ਆਈ ਹੈ। ਆਈ.ਸੀ.ਸੀ. ਨੇ ਪਾਕਿਸਤਾਨ ਨੂੰ ਆਪਣੇ ਫੈਸਲੇ 'ਤੇ ਮੁੜ ਵਿਚਾਰ ਕਰਨ ਲਈ ਕਿਹਾ ਹੈ। ਹੁਣ ਆਈ.ਸੀ.ਸੀ. ਪਾਕਿਸਤਾਨ ਕ੍ਰਿਕਟ ਬੋਰਡ (ਪੀ.ਸੀ.ਬੀ.) ਤੋਂ ਪੁੱਛੇਗਾ ਕਿ ਉਨ੍ਹਾਂ ਨੇ ਬਾਈਕਾਟ ਕਿਉਂ ਕੀਤਾ? ਜੇਕਰ ਪਾਕਿਸਤਾਨ ਨੇ ਕੋਈ ਤਸੱਲੀਬਖਸ਼ ਜਵਾਬ ਨਾ ਦਿੱਤਾ, ਤਾਂ ਆਈ.ਸੀ.ਸੀ. ਪਾਕਿਸਤਾਨ 'ਤੇ ਇਹ ਵਰਲਡ ਕੱਪ ਖੇਡਣ ਦੀ ਪਾਬੰਦੀ ਵੀ ਲਾ ਸਕਦਾ ਹੈ ਪਰ ਇਸ ਦੀ ਸੰਭਾਵਨਾ ਘੱਟ ਹੈ। ਪਾਕਿਸਤਾਨ ਇਸ ਮਾਮਲੇ ਵਿਚ ਸੁਰੱਖਿਆ ਕਾਰਨਾਂ ਦਾ ਹਵਾਲਾ ਨਹੀਂ ਦੇ ਸਕਦਾ, ਕਿਉਂਕਿ ਪਾਕਿਸਤਾਨ ਦੀ ਟੀਮ ਆਪਣੇ ਸਾਰੇ ਮੈਚ ਭਾਰਤ ਦੀ ਬਜਾਏ ਸ੍ਰੀਲੰਕਾ ਵਿਚ ਖੇਡਣ ਵਾਲੀ ਹੈ। ਜੇਕਰ ਪੀ.ਸੀ.ਬੀ. ਨੇ ਬੰਗਲਾਦੇਸ਼ ਨੂੰ ਸਪੋਰਟ ਕਰਨ ਦਾ ਕਾਰਨ ਦਿੱਤਾ, ਤਾਂ ਵੀ ਆਈ.ਸੀ.ਸੀ. ਐਕਸ਼ਨ ਲੈ ਸਕਦਾ ਹੈ ਕਿਉਂਕਿ ਆਈ.ਸੀ.ਸੀ. ਨੇ ਪਹਿਲਾਂ ਹੀ ਪੀ.ਸੀ.ਬੀ. ਨੂੰ ਧਮਕੀ ਦਿੱਤੀ ਸੀ ਕਿ ਜੇਕਰ ਬੰਗਲਾਦੇਸ਼ ਨੂੰ ਸਪੋਰਟ ਕੀਤਾ, ਤਾਂ ਪਾਕਿਸਤਾਨ ਸੁਪਰ ਲੀਗ (ਪੀ.ਐੱਸ.ਐੱਲ.) ਨੂੰ 'ਨੋ ਆਬਜੈਕਸ਼ਨ ਸਰਟੀਫਿਕੇਟ' (ਐੱਨ.ਓ.ਸੀ.) ਨਹੀਂ ਮਿਲੇਗਾ।

# ਟੀ-20 ਵਿਸ਼ਵ ਕੱਪ 'ਚ ਸ਼ਾਮਲ ਹੋਣ ਲਈ ਅਮਰੀਕੀ ਟੀਮ ਭਾਰਤ ਪਹੁੰਚੀ



**ਮੁੰਬਈ, (ਪੰਜਾਬ ਮੇਲ)-** ਟੀ-20 ਵਿਸ਼ਵ ਕੱਪ 2026 ਦੀਆਂ ਤਿਆਰੀਆਂ ਜ਼ੋਰਾਂ 'ਤੇ ਹਨ ਅਤੇ ਇਸ ਮੈਗਾ ਟੂਰਨਾਮੈਂਟ ਲਈ ਟੀਮਾਂ ਦਾ ਭਾਰਤ ਅਤੇ ਸ਼੍ਰੀਲੰਕਾ ਪਹੁੰਚਣਾ ਸ਼ੁਰੂ ਹੋ ਗਿਆ ਹੈ। ਇਸੇ ਦੌਰਾਨ ਅਮਰੀਕਾ (ਯੂ.ਐੱਸ.ਏ.) ਦੀ ਕ੍ਰਿਕਟ ਟੀਮ ਮੁੰਬਈ ਪਹੁੰਚੀ, ਜਿੱਥੇ ਉਨ੍ਹਾਂ ਦਾ ਭਾਰਤੀ ਪਰੰਪਰਾ ਅਨੁਸਾਰ ਬਹੁਤ ਹੀ ਨਿੱਘਾ ਅਤੇ ਸ਼ਾਨਦਾਰ ਸਵਾਗਤ ਕੀਤਾ ਗਿਆ। ਸੋਸ਼ਲ ਮੀਡੀਆ 'ਤੇ ਵਾਇਰਲ ਵੀਡੀਓ ਅਨੁਸਾਰ ਖਿਡਾਰੀਆਂ ਦੇ ਮੱਥੇ 'ਤੇ ਤਿਲਕ ਲਗਾ ਕੇ ਉਨ੍ਹਾਂ ਦਾ ਸਵਾਗਤ ਕੀਤਾ ਜਾ ਰਿਹਾ ਹੈ।

ਅਮਰੀਕੀ ਟੀਮ ਵਿਚ ਪਾਕਿਸਤਾਨੀ ਮੂਲ ਦੇ ਤਿੰਨ ਖਿਡਾਰੀ- ਸ਼ਾਇਨ ਜਹਾਂਗੀਰ, ਅਲੀ ਖਾਨ ਅਤੇ ਮੁਹੰਮਦ ਮੋਹਸਿਨ ਸ਼ਾਮਲ ਹਨ। ਖਾਸ ਗੱਲ ਇਹ ਰਹੀ ਕਿ ਇਨ੍ਹਾਂ ਖਿਡਾਰੀਆਂ ਦਾ ਵੀ ਭਾਰਤੀ ਰੀਤੀ-ਰਿਵਾਜ਼ਾਂ ਅਨੁਸਾਰ ਤਿਲਕ ਲਗਾ ਕੇ ਸਵਾਗਤ ਕੀਤਾ ਗਿਆ, ਜਿਸ ਦੀ ਹਰ ਪਾਸੇ ਚਰਚਾ ਹੋ ਰਹੀ ਹੈ।

ਇਹ ਟੂਰਨਾਮੈਂਟ 7 ਫਰਵਰੀ 2026 ਤੋਂ ਸ਼ੁਰੂ ਹੋ ਕੇ 8 ਮਾਰਚ ਤੱਕ ਚੱਲੇਗਾ, ਜਿਸ ਦੀ ਮੇਜ਼ਬਾਨੀ ਸਾਂਝੇ ਤੌਰ 'ਤੇ ਭਾਰਤ ਅਤੇ ਸ਼੍ਰੀਲੰਕਾ ਕਰ ਰਹੇ ਹਨ। ਇਸ ਵਾਰ ਕੁੱਲ 20 ਟੀਮਾਂ ਖਿਤਾਬ ਲਈ ਭਿੜਨਗੀਆਂ। ਅਮਰੀਕੀ ਟੀਮ ਦੀ ਕਮਾਨ ਮੋਨਾਕ ਪਟੇਲ ਦੇ ਹੱਥਾਂ ਵਿਚ ਹੈ ਅਤੇ ਟੀਮ ਵਿਚ 10 ਅਜਿਹੇ ਖਿਡਾਰੀ ਹਨ, ਜੋ ਪਿਛਲੇ ਵਿਸ਼ਵ ਕੱਪ ਦਾ ਵੀ ਹਿੱਸਾ ਸਨ।

ਅਮਰੀਕੀ ਟੀਮ ਨੂੰ ਗਰੁੱਪ ਏ ਵਿਚ ਰੱਖਿਆ ਗਿਆ ਹੈ, ਜਿੱਥੇ ਉਸਦਾ ਮੁਕਾਬਲਾ ਭਾਰਤ, ਪਾਕਿਸਤਾਨ, ਨੀਦਰਲੈਂਡ ਅਤੇ ਨਾਮੀਬੀਆ ਨਾਲ ਹੋਵੇਗਾ।

- **7 ਫਰਵਰੀ:** ਅਮਰੀਕਾ ਬਨਾਮ ਭਾਰਤ (ਮੁੰਬਈ)
- **10 ਫਰਵਰੀ:** ਅਮਰੀਕਾ ਬਨਾਮ ਪਾਕਿਸਤਾਨ (ਕੋਲੰਬੋ)
- **13 ਫਰਵਰੀ:** ਅਮਰੀਕਾ ਬਨਾਮ ਨੀਦਰਲੈਂਡ (ਚੇਨਈ)
- **15 ਫਰਵਰੀ:** ਅਮਰੀਕਾ ਬਨਾਮ ਨਾਮੀਬੀਆ (ਚੇਨਈ)

ਜ਼ਿਕਰਯੋਗ ਹੈ ਕਿ ਅਮਰੀਕਾ ਦੀ ਟੀਮ ਦੂਜੀ ਵਾਰ ਇਸ ਟੂਰਨਾਮੈਂਟ ਵਿਚ ਹਿੱਸਾ ਲੈ ਰਹੀ ਹੈ। 2024 ਦੇ ਟੀ-20 ਵਿਸ਼ਵ ਕੱਪ ਵਿਚ ਅਮਰੀਕਾ ਨੇ ਆਪਣੇ ਡੈਬਿਊ ਸੀਜ਼ਨ ਵਿਚ ਹੀ ਸੁਪਰ 8 ਤੱਕ ਪਹੁੰਚ ਕੇ ਇਤਿਹਾਸ ਰਚਿਆ ਸੀ।

# ਟੀ-20 ਵਿਸ਼ਵ ਕੱਪ: ਨਿਪਾਹ ਵਾਇਰਸ ਬਾਰੇ ਡਰ ਫੈਲਾਉਣ ਦੀ ਕੋਸ਼ਿਸ਼!

**ਮੁੰਬਈ, (ਪੰਜਾਬ ਮੇਲ)-** ਆਈ.ਸੀ.ਸੀ. ਪੁਰਸ਼ ਟੀ-20 ਵਰਲਡ ਕੱਪ 2026 ਦਾ ਆਗਾਜ਼ 7 ਫਰਵਰੀ ਤੋਂ ਹੋਣ ਜਾ ਰਿਹਾ ਹੈ, ਜਿਸ ਦੀ ਮੇਜ਼ਬਾਨੀ ਭਾਰਤ ਅਤੇ ਸ਼੍ਰੀਲੰਕਾ ਵੱਲੋਂ ਸਾਂਝੇ ਤੌਰ 'ਤੇ ਕੀਤੀ ਜਾਵੇਗੀ। ਟੂਰਨਾਮੈਂਟ ਤੋਂ ਪਹਿਲਾਂ ਪੱਛਮੀ ਬੰਗਾਲ ਵਿਚ ਨਿਪਾਹ ਵਾਇਰਸ ਦੇ ਦੋ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਭਾਰਤ ਦੀ ਮੇਜ਼ਬਾਨੀ ਨੂੰ ਲੈ ਕੇ ਸਵਾਲ ਖੜ੍ਹੇ ਕੀਤੇ ਗਏ ਸਨ ਪਰ ਅਸਲੀਅਤ ਇਹ ਹੈ ਕਿ ਸਥਿਤੀ ਪੂਰੀ ਤਰ੍ਹਾਂ ਕੰਟਰੋਲ ਵਿਚ ਹੈ।

ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ.ਸੀ.ਸੀ.ਆਈ.) ਨੇ ਇਸ ਮੁੱਦੇ 'ਤੇ ਆਪਣਾ ਰੁਖ਼ ਸਪੱਸ਼ਟ ਕਰਦਿਆਂ ਕਿਹਾ ਹੈ ਕਿ ਖਿਡਾਰੀਆਂ ਦੀ ਸਿਹਤ ਅਤੇ ਸੁਰੱਖਿਆ ਉਨ੍ਹਾਂ ਦੀ ਸਰਵਉੱਚ ਤਰਜੀਹ ਹੈ। ਬੋਰਡ ਦੇ ਇੱਕ ਸੀਨੀਅਰ ਅਧਿਕਾਰੀ ਅਨੁਸਾਰ, ਜੇਕਰ ਕੋਈ ਅਸਲੀ ਖਤਰਾ ਹੁੰਦਾ, ਤਾਂ ਸਰਕਾਰ ਅਤੇ ਪ੍ਰਸ਼ਾਸਨ ਨਾਲ ਤੁਰੰਤ ਸਲਾਹ ਕੀਤੀ ਜਾਂਦੀ, ਪਰ ਫਿਲਹਾਲ ਇਹ ਸਿਰਫ਼ ਡਰ ਫੈਲਾਉਣ ਦੀ ਕੋਸ਼ਿਸ਼ ਹੈ।

ਨਿਪਾਹ ਦੇ ਦੋਵੇਂ ਮਾਮਲੇ ਕੋਲਕਾਤਾ ਦੇ ਈਡਨ ਗਾਰਡਨਜ਼ ਸਟੇਡੀਅਮ ਤੋਂ ਲਗਭਗ 30 ਕਿਲੋਮੀਟਰ ਦੂਰ ਬਾਰਾਸਾਤ ਵਿਚ ਮਿਲੇ ਸਨ। ਈਡਨ ਗਾਰਡਨਜ਼ ਵਿਚ ਇੱਕ ਸੈਮੀਫਾਈਨਲ ਸਮੇਤ ਕੁੱਲ 6 ਮੁਕਾਬਲੇ ਖੇਡੇ ਜਾਣੇ ਹਨ। ਬੀ.ਸੀ.ਸੀ.ਆਈ. ਨੇ ਸਾਫ਼ ਕਰ ਦਿੱਤਾ ਹੈ ਕਿ ਮੈਚਾਂ ਨੂੰ ਕਿਤੇ ਹੋਰ ਸ਼ਿਫਟ ਕਰਨ ਬਾਰੇ ਕੋਈ ਚਰਚਾ ਨਹੀਂ ਹੋਈ ਹੈ ਅਤੇ ਕਿਸੇ ਹੋਰ ਕ੍ਰਿਕਟ ਬੋਰਡ ਨੇ ਵੀ ਸੁਰੱਖਿਆ ਚਿੰਤਾ ਜ਼ਾਹਰ ਨਹੀਂ ਕੀਤੀ ਹੈ।

RESIDENTIAL, COMMERCIAL AND SOLAR FARMS
with Singhsloar High performance Bifacial Smart Panels
ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ


ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ
ਸਿਰਫ਼ ਇਕ ਕਾਲ - ਵੱਡੀ ਬੱਚਤ
510-706-1300
singhsolarusa@gmail.com



- ਜਤਿੰਦਰ ਪਨੂੰ

ਪੰਜਾਬ ਮੇਲ USA


# ਪੰਜਾਬ ਤੋਂ ਪਰਦੇਸਾਂ ਤੱਕ ਧਾਰਮਿਕ ਡੇਰਿਆਂ ਵੱਲ ਸਿਆਸੀ ਲੀਡਰਾਂ ਦੀ ਪਹੁੰਚ ਦਾ ਵਰਤਾਰਾ



**ਜਨਵਰੀ ਦੇ ਆਖਰੀ ਹਫਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪੰਜਾਬ ਯਾਤਰਾ ਅਤੇ ਇਸ ਵਿਚ ਅੱਗੇ ਦੋਆਬੇ ਦੇ ਵੋਟਰਾਂ ਦੀ ਬਹੁਤ ਵੱਡੀ ਗਿਣਤੀ ਵਾਲੇ ਇੱਕ ਭਾਈਚਾਰੇ ਦੀ ਸ਼ਰਧਾ ਦੇ ਕੇਂਦਰ ਡੇਰਾ ਸੱਚਖੰਡ ਬੱਲਾਂ ਆਉਣ ਨੇ ਏਥੋਂ ਦੀ ਰਾਜਨੀਤਕ ਹਲਚਲ ਅਚਾਨਕ ਵਧਾ ਦਿੱਤੀ ਹੈ। ਦੇਸ਼ ਦਾ ਪ੍ਰਧਾਨ ਮੰਤਰੀ ਕਿਸੇ ਵੀ ਥਾਂ ਜਾਵੇ, ਕਿਸੇ ਨੂੰ ਇਤਰਾਜ਼ ਕਰਨ ਦਾ ਕੋਈ ਹੱਕ ਨਹੀਂ ਹੁੰਦਾ, ਬਾਕੀ ਲੀਡਰ ਵੀ ਨਾ ਸਿਰਫ ਹੋਰ ਧਰਮ ਅਸਥਾਨਾਂ ਵੱਲ ਜਾਂਦੇ ਰਹਿੰਦੇ ਹਨ, ਸਗੋਂ ਇਸ ਡੇਰੇ ਵਿੱਚ ਵੀ ਲਗਾਤਾਰ ਪਹੁੰਚਦੇ ਹਨ।**

ਜਨਵਰੀ ਦਾ ਮਹੀਨਾ ਮੁੱਕਦੇ ਤੇ ਫਰਵਰੀ ਸ਼ੁਰੂ ਹੁੰਦੇ ਸਾਰ ਸਾਡੇ ਪੰਜਾਬ ਵਿਚ ਅਗਲੇ ਸਾਲ ਦੀਆਂ ਵਿਧਾਨ ਸਭਾ ਚੋਣਾਂ ਦੀ ਚਰਚਾ ਤੇਜ਼ੀ ਨਾਲ ਚੱਲ ਪਈ ਅਤੇ ਉਸ ਚੋਣ ਲਈ ਕੋਈ ਰਾਜਨੀਤਕ ਗੱਠਜੋੜ ਹੋਣਗੇ ਜਾਂ ਨਹੀਂ, ਇਹ ਚਰਚਾ ਵੀ ਸ਼ੁਰੂ ਹੋ ਗਈ ਹੈ। ਪਿਛਲੀ ਵਾਰ ਵਿਧਾਨ ਸਭਾ ਚੋਣਾਂ ਦਾ ਐਲਾਨ ਅੱਠ ਜਨਵਰੀ ਨੂੰ ਹੋਇਆ ਤੇ ਚੋਣਾਂ ਦੀ ਤਰੀਕ ਚੌਦਾਂ ਫਰਵਰੀ ਰੱਖੀ ਗਈ ਸੀ। ਬਾਅਦ ਵਿਚ ਕੁਝ ਧਾਰਮਿਕ ਸਮਾਗਮਾਂ ਕਾਰਨ ਇਹ ਤਰੀਕ ਬਦਲੀ ਤਾਂ ਵੀਹ ਫਰਵਰੀ ਕੀਤੀ ਗਈ, ਜਿਸ ਲਈ ਨਾਮਜ਼ਦਗੀ ਕਾਗਜ਼ ਪੇਸ਼ ਕਰਨ ਦੀ ਪ੍ਰਕਿਰਿਆ ਪੰਝੀ ਜਨਵਰੀ ਤੋਂ ਸ਼ੁਰੂ ਹੋਣ ਦੀ ਗੱਲ ਐਲਾਨ ਕੀਤੀ ਗਈ ਤੇ ਦਸ ਮਾਰਚ ਤੱਕ ਨਤੀਜੇ ਦਾ ਐਲਾਨ ਆ ਗਿਆ ਸੀ। ਇਸ ਹਿਸਾਬ ਮੁਤਾਬਕ ਉਨ੍ਹਾਂ ਚੋਣਾਂ ਦੇ ਐਲਾਨ ਕਰਨ ਦਾ ਅੱਠ ਜਨਵਰੀ ਦਾ ਦਿਨ ਵੀ ਅਤੇ ਚੋਣ ਨਾਮਜ਼ਦਗੀਆਂ ਪੰਝੀ ਜਨਵਰੀ ਤੋਂ ਸ਼ੁਰੂ ਹੋਣ ਦਾ ਦਿਨ ਵੀ ਲੰਘ ਚੁੱਕਾ ਹੈ। ਸਾਫ ਹੈ ਕਿ ਅਗਲੇ ਸਾਲ 2027 ਦੀ ਜਨਵਰੀ ਮੁੱਕਣ ਤੱਕ ਪੰਜਾਬ ਵਿਧਾਨ ਸਭਾ ਚੋਣਾਂ ਦਾ ਐਲਾਨ ਹੋ ਚੁੱਕਾ ਅਤੇ ਨਾਮਜ਼ਦਗੀਆਂ ਦਾ ਕੰਮ ਪੂਰਾ ਜਾਂ ਅੱਧ-ਪਚੱਧਾ ਹੋ ਚੁੱਕਾ ਹੋਵੇਗਾ ਤੇ ਉਮੀਦਵਾਰ ਧਾੜਾਂ ਲੈ ਕੇ ਪੰਜਾਬ ਦੇ ਵੋਟਰਾਂ ਦੇ ਦਰ ਖੜਕਾਉਣ ਦੀ ਸਰਗਰਮੀ ਆਰੰਭ ਕਰ ਚੁੱਕੇ ਹੋਣਗੇ। ਇਹ ਗੱਲ ਆਮ ਲੋਕਾਂ ਦੀ ਨਜ਼ਰ ਵਿਚ ਕੁਝ ਅਹਿਮੀਅਤ ਰੱਖਦੀ ਹੋਵੇ ਜਾਂ ਨਹੀਂ, ਚੋਣ ਅਖਾੜੇ ਦੇ ਪਹਿਲਵਾਨ ਕਹੇ ਜਾਂਦੇ ਰਾਜਸੀ ਲੀਡਰਾਂ ਲਈ ਭੁਲਾਈ ਜਾਣ ਵਾਲੀ ਨਹੀਂ ਅਤੇ ਉਨ੍ਹਾਂ ਚਲੰਤ ਸਾਲ ਦੇ ਬਾਕੀ ਬਚਦੇ ਸਮੇਂ ਵਾਸਤੇ ਆਪਣੇ ਰਾਜਨੀਤਕ ਕੈਲੰਡਰ ਦੇ ਵਰਕੇ ਉਥੱਲਣੇ ਸ਼ੁਰੂ ਕਰ ਦਿੱਤੇ ਹਨ।

ਜਨਵਰੀ ਦੇ ਆਖਰੀ ਹਫਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪੰਜਾਬ ਯਾਤਰਾ ਅਤੇ ਇਸ ਵਿਚ ਅੱਗੇ ਦੋਆਬੇ ਦੇ ਵੋਟਰਾਂ ਦੀ ਬਹੁਤ ਵੱਡੀ ਗਿਣਤੀ ਵਾਲੇ ਇੱਕ ਭਾਈਚਾਰੇ ਦੀ ਸ਼ਰਧਾ ਦੇ ਕੇਂਦਰ ਡੇਰਾ ਸੱਚਖੰਡ ਬੱਲਾਂ ਆਉਣ ਨੇ ਏਥੋਂ ਦੀ ਰਾਜਨੀਤਕ ਹਲਚਲ ਅਚਾਨਕ ਵਧਾ ਦਿੱਤੀ ਹੈ। ਦੇਸ਼ ਦਾ ਪ੍ਰਧਾਨ ਮੰਤਰੀ ਕਿਸੇ ਵੀ ਥਾਂ ਜਾਵੇ, ਕਿਸੇ ਨੂੰ ਇਤਰਾਜ਼ ਕਰਨ ਦਾ ਕੋਈ ਹੱਕ ਨਹੀਂ ਹੁੰਦਾ, ਬਾਕੀ ਲੀਡਰ ਵੀ ਨਾ ਸਿਰਫ ਹੋਰ ਧਰਮ ਅਸਥਾਨਾਂ ਵੱਲ ਜਾਂਦੇ ਰਹਿੰਦੇ ਹਨ, ਸਗੋਂ ਇਸ ਡੇਰੇ ਵਿੱਚ ਵੀ ਲਗਾਤਾਰ ਪਹੁੰਚਦੇ ਹਨ। ਪੰਜਾਬ ਦੇ ਤਿੰਨ ਖੇਤਰ ਮੁੱਖ ਸਮਝੇ ਜਾਂਦੇ ਹਨ। ਮਾਲਵਾ, ਮਾਝਾ ਅਤੇ ਦੋਆਬਾ ਵਜੋਂ ਜਾਣੇ ਜਾਂਦੇ ਇਨ੍ਹਾਂ ਤਿੰਨ ਖੇਤਰਾਂ ਵਿਚੋਂ ਪੰਝੀ ਵਿਧਾਨ ਸਭਾ ਸੀਟਾਂ ਮਾਝੇ ਵਿਚ, ਤੇਈ ਦੋਆਬੇ ਵਿਚ ਅਤੇ ਉਨੱਤਰ ਸੀਟਾਂ ਮਾਲਵੇ ਵਿਚ ਪੈਂਦੀਆਂ ਹਨ। ਮਾਝੇ ਦੀਆਂ ਪੰਝੀ ਸੀਟਾਂ ਵਿਚੋਂ ਅੱਠ ਰਿਜ਼ਰਵ ਹਨ, ਪਰ ਦੋਆਬੇ ਦੀਆਂ ਤੇਈ ਵਿਚੋਂ ਨੌਂ ਸੀਟਾਂ ਇਸ ਖਾਤੇ ਦੀਆਂ ਹਨ। ਇਨ੍ਹਾਂ ਦੋ ਖੇਤਰਾਂ ਦੀਆਂ ਕੁੱਲ ਅਠਤਾਲੀ ਵਿਚੋਂ ਸਤਾਰਾਂ ਸੀਟਾਂ ਰਿਜ਼ਰਵ ਹਨ ਤੇ ਮਾਲਵਾ ਖੇਤਰ ਦੀਆਂ ਇਨ੍ਹਾਂ ਤੋਂ ਬਹੁਤ ਵੱਧ ਉਨੱਤਰ ਸੀਟਾਂ ਵਿਚੋਂ ਵੀ ਸਤਾਰਾਂ ਸੀਟਾਂ ਹੀ ਰਿਜ਼ਰਵ ਹਨ। ਰਿਜ਼ਰਵ ਸੀਟਾਂ ਦੀ ਚੋਣ ਕਿਸੇ ਖੇਤਰ ਵਿਚ ਦਲਿਤ ਆਬਾਦੀ ਦੀ ਗਿਣਤੀ ਦੇ ਹਿਸਾਬ ਨਾਲ ਹੁੰਦੀ ਹੈ। ਇਸ ਤੋਂ ਸਪੱਸ਼ਟ ਹੈ ਕਿ ਮਾਝੇ ਤੇ ਦੋਆਬੇ ਵਿਚ ਦਲਿਤ ਭਾਈਚਾਰਿਆਂ ਦੇ ਲੋਕਾਂ ਦੀ ਗਿਣਤੀ ਵਧੇਰੇ ਹੋਣ ਕਾਰਨ ਏਥੇ ਉਨ੍ਹਾਂ ਵਾਸਤੇ ਰਾਖਵੀਆਂ ਸੀਟਾਂ ਫੀਸਦੀ ਪੱਖੋਂ ਵੱਧ ਰੱਖੀਆਂ ਨਹੀਂ ਜਾਂਦੀਆਂ, ਵੱਧ ਰੱਖਣੀਆਂ ਜ਼ਰੂਰ ਹੋ ਜਾਂਦੀਆਂ ਹਨ ਅਤੇ ਰਾਜਨੀਤੀ ਉੱਤੇ ਇਸ ਸਥਿਤੀ ਦਾ ਜਿੱਦਾਂ ਦਾ ਪ੍ਰਭਾਵ ਪੈਂਦਾ ਹੈ, ਉਹ ਕਿਸੇ ਤੋਂ ਛੁਪਿਆ ਹੋਇਆ ਨਹੀਂ ਹੁੰਦਾ। ਰਾਜਸੀ ਪਾਰਟੀਆਂ ਵਿਚ ਦਲਿਤਾਂ ਦੇ ਸਮਰਥਕ ਹੋਣ ਜਾਂ ਕਿਸੇ ਦਲਿਤ ਲੀਡਰ ਦਾ ਉਨ੍ਹਾਂ ਭਾਈਚਾਰਿਆਂ ਵਿਚ ਵੱਧ ਅਸਰ ਹੋਣ ਦੀ ਗੱਲ ਵੀ ਹਮੇਸ਼ਾ ਹਰ ਪਾਸੇ ਗਿਣੀ ਜਾਂਦੀ ਹੈ।

ਇਸ ਵਾਰੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਏਥੇ ਆਉਣਾ ਅਤੇ ਦਲਿਤ ਭਾਈਚਾਰੇ ਦੇ ਲੋਕਾਂ ਲਈ ਕੁਝ ਖਾਸ ਐਲਾਨ ਕਰਨ ਦੀ ਚਰਚਾ ਅਗਲੇ ਸਾਲ ਦੀਆਂ ਵਿਧਾਨ ਸਭਾ ਚੋਣਾਂ ਦਾ ਚੱਕਰ ਅਗੇਤਾ ਸ਼ੁਰੂ ਹੋਣ ਤੋਂ ਵੱਖਰੀ ਕਰਨ ਜੋਗੀ ਗੁੰਜਾਇਸ਼ ਨਹੀਂ ਰਹਿੰਦੀ। ਪੰਜਾਬ ਵਿਚ ਰਾਜ ਕਰਦੀ ਆਮ ਆਦਮੀ ਪਾਰਟੀ ਦਾ ਮੁੱਖ ਮੰਤਰੀ ਅਤੇ ਕੇਂਦਰੀ ਲੀਡਰ ਵੀ ਇਸ ਡੇਰੇ ਵਿਚ ਕਈ ਵਾਰੀ ਜਾ ਚੁੱਕੇ ਹਨ ਅਤੇ ਦਾਅਵਾ ਕਰਦੇ ਹਨ ਕਿ ਉਨ੍ਹਾਂ ਕਿਸੇ ਵੀ ਹੋਰ ਤੋਂ ਵੱਧ ਕੰਮ ਦੋਆਬਾ ਖੇਤਰ ਵਿਚ ਦਲਿਤ ਭਾਈਚਾਰੇ ਲਈ ਕਰ ਛੱਡਿਆ ਹੈ। ਕਾਂਗਰਸ ਪਾਰਟੀ ਚੌਧਰੀ ਜਗਜੀਤ ਸਿੰਘ ਦੇ ਦੇਹਾਂਤ ਮਗਰੋਂ ਇਸ ਖੇਤਰ ਵਿਚ ਕਿਸੇ ਪ੍ਰਭਾਵਸ਼ਾਲੀ ਆਗੂ ਦੇ ਪੱਖ ਤੋਂ ਘਾਟ ਮਹਿਸੂਸ ਕਰਦੀ ਆ ਰਹੀ ਸੀ, ਪਰ ਜਦੋਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਪਿਛਲੀ ਵਾਰੀ ਦੋ ਵਿਧਾਨ ਸਭਾ ਸੀਟਾਂ ਤੋਂ ਚੋਣ ਲੜਨ ਤੇ ਦੋਵੇਂ ਥਾਂ ਹਾਰਨ ਦੇ ਬਾਅਦ ਜਲੰਧਰ ਤੋਂ ਲੋਕ ਸਭਾ ਚੋਣ ਲਈ ਏਥੇ ਆਇਆ, ਤਾਂ ਉਸ ਨੂੰ ਬਦਲ ਮੰਨਿਆ ਜਾਣ ਲੱਗਾ ਸੀ। ਚੌਧਰੀ ਜਗਜੀਤ ਸਿੰਘ ਦੀ ਥਾਂ ਉਹ ਲਵੇ ਜਾਂ ਨਾ ਲਵੇ, ਪਰ ਲੋਕ ਸਭਾ ਸੀਟ ਜਿੱਤ ਲੈਣ ਪਿੱਛੋਂ ਉਹ ਬਹੁਤਾ ਸਮਾਂ ਦੋਆਬੇ ਦੇ ਲੇਖੇ ਹੀ ਲਾਉਂਦਾ ਰਿਹਾ ਹੋਣ ਕਾਰਨ ਕਾਂਗਰਸ ਪਾਰਟੀ ਦੀ ਬਹੁਤੀ ਟੇਕ ਉਹਦੇ ਉੱਤੇ ਸੀ। ਪਿਛਲੇ ਦਿਨੀਂ ਜਦੋਂ ਕਾਂਗਰਸ ਵਿਚ ਇਹ ਰੱਫੜ ਪਿਆ ਕਿ ਏਥੇ ਦਲਿਤਾਂ ਨਾਲ ਵਿਤਕਰਾ ਹੁੰਦਾ ਹੈ ਅਤੇ ਵੱਡੇ ਅਹੁਦੇ ਬਹੁਤਾ ਕਰ ਕੇ ਉੱਚ ਜਾਤੀ ਦੇ ਆਗੂਆਂ ਹਵਾਲੇ ਕੀਤੇ ਹੋਣ ਦੀ ਗੱਲ ਵੀ ਚਰਨਜੀਤ ਸਿੰਘ ਚੰਨੀ ਨੇ ਪੰਜਾਬ ਕਾਂਗਰਸ ਦੇ ਇੱਕ ਸੈੱਲ ਦੀ ਮੀਟਿੰਗ ਵਿਚ ਕੀਤੀ, ਤਾਂ ਪਾਰਟੀ ਵਿਚ ਇਸ ਕਾਰਨ ਵੱਡਾ ਵਿਵਾਦ ਛਿੜ ਗਿਆ, ਜਿਸ ਵਿਚ ਪਾਰਟੀ ਹਾਈ ਕਮਾਨ ਨੂੰ ਦਖਲ ਦੇਣਾ ਪਿਆ ਸੀ। ਦਿੱਲੀ ਵਿਚ ਹੋਈ ਇੱਕ ਮੀਟਿੰਗ ਬਾਰੇ ਦੱਸਿਆ ਜਾਂਦਾ ਹੈ ਕਿ ਓਥੇ ਚਰਨਜੀਤ ਸਿੰਘ ਚੰਨੀ ਬਾਰੇ ਚੋਖੀ ਬਹਿਸ ਹੋਈ ਤੇ ਉਸ ਦੇ ਬਾਅਦ ਕਾਂਗਰਸ ਦੇ ਕਈ ਆਗੂ ਪੰਜਾਬ ਕਾਂਗਰਸ ਵਿਚ ਦਲਿਤ ਆਗੂ ਬਾਰੇ ਆਪਣੇ ਪੈਂਤੜੇ ਤੋਂ ਖਿਸਕਦੇ ਨਜ਼ਰ ਆਉਣ ਲੱਗੇ ਸਨ, ਪਰ ਉਨ੍ਹਾਂ ਕੋਲ ਹੋਰ ਕੋਈ ਦਲਿਤ ਚਿਹਰਾ ਵੱਡੇ ਪ੍ਰਭਾਵ ਵਾਲਾ ਨਹੀਂ ਰੜਕਦਾ। ਉਹ ਆਪਣੇ ਇਸ ਪੱਖ ਨੂੰ ਕਿੱਦਾਂ ਸੰਭਾਲਦੇ ਹਨ, ਇਹ ਤਾਂ ਪਤਾ ਨਹੀਂ, ਪਰ ਉਨ੍ਹਾਂ ਦੀ ਇਹੋ ਜਿਹੀ ਸਥਿਤੀ ਵਿਚ ਕਾਂਗਰਸ ਤੋਂ ਦੂਸਰੇ ਦਲਾਂ ਵੱਲ ਦਲਬਦਲੀਆਂ ਹੋਣ ਦੀ ਉਹ ਚਰਚਾ ਚੱਲਣ ਲੱਗ ਪਈ ਹੈ, ਜਿਹੜੀ ਪਤਾ ਨਹੀਂ ਕਿੱਥੋਂ ਤੱਕ ਜਾਵੇਗੀ!

ਅਕਾਲੀ ਦਲ ਕੋਲ ਪੰਜਾਬ ਵਿਚ ਉੱਭਰਵਾਂ ਦਲਿਤ ਚਿਹਰਾ ਇਸ ਵਕਤ ਕੋਈ ਵੱਡੇ ਪ੍ਰਭਾਵ ਵਾਲਾ ਦਿਖਾਈ ਨਹੀਂ ਦੇਂਦਾ ਅਤੇ ਜਿੰਨੇ ਕੁ ਲੀਡਰ ਇਹ ਘਾਟ ਪੂਰੀ ਕਰ ਸਕਦੇ ਹਨ, ਉਹ ਆਪਣੇ ਚੋਣ ਹਲਕਿਆਂ ਤੋਂ ਬਾਹਰ ਬਹੁਤੇ ਚਰਚਿਤ ਨਹੀਂ ਹੋ ਸਕੇ। ਫਿਰ ਵੀ ਇਸ ਪਾਰਟੀ ਦਾ ਪ੍ਰਭਾਵ ਘਟਾ ਕੇ ਨਹੀਂ ਵੇਖਣਾ ਚਾਹੀਦਾ, ਖਾਸ ਕਰ ਕੇ ਤਰਨ ਤਾਰਨ ਦੀ ਉੱਪ ਚੋਣ ਦੌਰਾਨ ਆਪਣੀ ਕਾਰਗੁਜ਼ਾਰੀ ਨੂੰ ਇਹ ਪਾਰਟੀ ਆਪਣਾ ਪ੍ਰਭਾਵ ਵਧਣ ਦਾ ਸਬੂਤ ਕਹਿ ਕੇ ਪੇਸ਼ ਕਰਦੀ ਹੈ।

ਆਮ ਆਦਮੀ ਪਾਰਟੀ ਕੋਲ ਦਲਿਤ ਚਿਹਰੇ ਵਜੋਂ ਇਸ ਦੇ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਨਾਲ ਦੂਸਰੇ ਦੋ ਵੱਡੇ ਨਾਂਅ ਐੱਨ.ਆਰ.ਆਈ. ਮਾਮਲਿਆਂ ਦੇ ਮੰਤਰੀ ਡਾਕਟਰ ਰਵਜੋਤ ਸਿੰਘ ਅਤੇ ਹੁਸ਼ਿਆਰਪੁਰ ਲੋਕ ਸਭਾ ਹਲਕੇ ਤੋਂ ਪਿਛਲੇਰੇ ਸਾਲ ਜਿੱਤੇ ਡਾਕਟਰ ਰਾਜ ਕੁਮਾਰ ਚੱਬੇਵਾਲ ਸਮਝੇ ਜਾਂਦੇ ਹਨ। ਦੋਆਬੇ ਦੀਆਂ ਨੌਂ ਰਿਜ਼ਰਵ ਸੀਟਾਂ ਵਿਚੋਂ ਤਿੰਨ ਇਸ ਵੇਲੇ ਕਾਂਗਰਸ ਕੋਲ ਹਨ, ਇੱਕ ਸੀਟ ਬਹੁਜਨ ਸਮਾਜ ਪਾਰਟੀ ਕੋਲ, ਅਕਾਲੀ ਦਲ ਵੱਲੋਂ ਜਿੱਤੀ ਹੋਈ ਸੀਟ ਬੰਗੇ ਦਾ ਵਿਧਾਇਕ ਆਮ ਆਦਮੀ ਪਾਰਟੀ ਨਾਲ ਜੁੜਨ ਕਾਰਨ ਉਨ੍ਹਾਂ ਕੋਲ ਪੰਜ ਸੀਟਾਂ ਹੋ ਜਾਂਦੀਆਂ ਹਨ।

ਅਗਲੇ ਸਾਲ ਦੀਆਂ ਵਿਧਾਨ ਸਭਾ ਚੋਣਾਂ ਸ਼ੁਰੂ ਹੋਣ ਤੱਕ ਕਿੱਦਾਂ ਦੇ ਹਾਲਾਤ ਬਣਨਗੇ, ਕਹਿ ਸਕਣਾ ਔਖਾ ਹੈ, ਪਰ ਪ੍ਰਧਾਨ ਮੰਤਰੀ ਦੀ ਯਾਤਰਾ ਨਾਲ ਸ਼ੁਰੂ ਹੋਈ ਚੋਣ ਚਰਚਾ ਨੇ ਸਿਆਸੀ ਵਿਸ਼ਲੇਸ਼ਕਾਂ ਨੂੰ ਕਈ ਤਰ੍ਹਾਂ ਦੇ ਕਿਆਫੇ ਲਾਉਣ ਲਈ ਮੋਕਲਾ ਪਿੜ ਦੇ ਦਿੱਤਾ ਹੈ। ਭਾਜਪਾ ਜਿੱਦਾਂ ਦੀ ਸਰਗਰਮੀ ਕਰ ਰਹੀ ਹੈ ਅਤੇ ਉਸ ਦੀ ਕੇਂਦਰ ਸਰਕਾਰ ਜਿੱਦਾਂ ਆਪਣਾ ਹਰ ਪੈਂਤੜਾ ਪੰਜਾਬ ਦੇ ਧਾਰਮਿਕ ਖੇਤਰ ਵਿਚ ਆਪਣਾ ਆਧਾਰ ਪੱਕਾ ਕਰਨ ਲਈ ਸੋਚ ਕੇ ਤੈਅ ਕਰਦੀ ਹੈ, ਉਸ ਤੋਂ ਇਹ ਸਮਝਣਾ ਸੌਖਾ ਹੋ ਜਾਂਦਾ ਹੈ ਕਿ ਇਹ ਪਾਰਟੀ ਅਗਲੇ ਸਾਲ ਦੀਆਂ ਚੋਣਾਂ ਵਿਚ ਇੱਕ ਵੱਡੇ ਸਿਆਸੀ ਚੈਲਿੰਜ ਲਈ ਤਿਆਰ ਹੈ।

ਸਥਿਤੀ ਦਾ ਦੂਸਰਾ ਪੱਖ ਇਹ ਹੈ ਕਿ ਪੰਜਾਬ ਦੀ ਰਾਜਨੀਤੀ ਹਮੇਸ਼ਾ ਤੋਂ ਸਿੱਖ ਵੋਟਰਾਂ ਨੂੰ ਸਭ ਤੋਂ ਵੱਡਾ ਵੋਟ ਬੈਂਕ ਮੰਨ ਕੇ ਚੱਲਦੀ ਆਈ ਹੈ। ਇਸ ਵਕਤ ਵੀ ਸਿੱਖ ਰਾਜਨੀਤੀ ਅਗਲੇ ਸਾਲ ਦੀਆਂ ਵਿਧਾਨ ਸਭਾ ਚੋਣਾਂ ਦੇ ਸੰਘਰਸ਼ ਵਾਸਤੇ ਵੱਖ-ਵੱਖ ਸਿਆਸੀ ਧਿਰਾਂ ਦੀ ਸੋਚ ਦਾ ਹਿੱਸਾ ਹੈ। ਅਕਾਲੀ ਦਲ ਬੇਸ਼ੱਕ ਪਹਿਲੀਆਂ ਸੱਟਾਂ ਤੋਂ ਉੱਪਰ ਉੱਠਣ ਅਤੇ ਅਗਲੇ ਚੋਣ ਸੰਘਰਸ਼ ਲਈ ਮੁਕੰਮਲ ਤਿਆਰੀ ਦਾ ਪ੍ਰਭਾਵ ਦੇ ਰਿਹਾ ਹੈ, ਉਸ ਦੇ ਰਿਵਾਇਤੀ ਪ੍ਰਭਾਵ ਵਾਲੇ ਧਾਰਮਿਕ ਡੇਰਿਆਂ ਦੀ ਉਸ ਨਾਲ ਨੇੜਤਾ ਪਹਿਲਾਂ ਵਾਲੀ ਨਹੀਂ ਰਹਿ ਗਈ। ਬਹੁਤ ਸਾਰੇ ਸਿੱਖ ਸੰਤ ਇੱਕ ਜਾਂ ਦੂਸਰੇ ਕਾਰਨ ਉਨ੍ਹਾਂ ਨਾਲੋਂ ਵਾਹਵਾ ਫਾਸਲਾ ਪੈਣ ਦਾ ਪ੍ਰਭਾਵ ਦੇ ਰਹੇ ਹਨ ਤੇ ਕੁਝ ਸੰਤ ਤਾਂ ਇਸ ਵੇਲੇ ਅਕਾਲੀ ਦਲ ਜਾਂ ਪੰਜਾਬ ਦੀ ਕਿਸੇ ਵੀ ਸਿਆਸੀ ਧਿਰ ਤੋਂ ਵੱਧ ਭਾਜਪਾ ਨੇੜੇ ਲੱਗਦੇ ਜਾਂ ਲੱਗ ਗਏ ਸਮਝੇ ਜਾਂਦੇ ਹਨ ਤੇ ਇਸ ਨੂੰ ਜਾਇਜ਼ ਵੀ ਠਹਿਰਾਉਣ ਵਿਚ ਉਨ੍ਹਾਂ ਨੂੰ ਕੋਈ ਝਿਜਕ ਮਹਿਸੂਸ ਨਹੀਂ ਹੁੰਦੀ। ਭਾਜਪਾ ਵਿਚ ਅਕਾਲੀ ਦਲ ਵਿਚੋਂ ਗਏ ਕੁਝ ਆਗੂ ਓਥੇ ਆਪਣੀ ਹਸਤੀ ਮਜ਼ਬੂਤ ਕਰਨ ਖਾਤਰ ਆਪਣੀ ਪੁਰਾਣੀ ਸਿਆਸੀ ਪਾਰਟੀ ਦੀਆਂ ਜੜ੍ਹਾਂ ਟੁੱਕਣ ਦਾ ਕੰਮ ਇੰਝ ਕਰ ਰਹੇ ਹਨ ਕਿ ਅਕਾਲੀ ਦਲ ਦੇ ਆਗੂ ਉਨ੍ਹਾਂ ਦੀ ਕਿਸੇ ਗੱਲ ਬਾਰੇ ਪੁੱਛੇ ਗਏ ਕਿਸੇ ਸਵਾਲ ਦਾ ਜਵਾਬ ਦੇਣ ਵਿਚ ਔਕੜ ਮਹਿਸੂਸ ਕਰਦੇ ਹਨ। ਇਹੋ ਸਾਬਕਾ ਅਕਾਲੀ ਆਗੂ ਇਸ ਵੇਲੇ ਭਾਜਪਾ ਅਤੇ ਸਿੱਖ ਧਾਰਮਿਕ ਸੰਸਥਾਵਾਂ ਵਿਚਾਲੇ ਪੁਲ ਮੰਨੇ ਜਾਂਦੇ ਹਨ ਅਤੇ ਪੰਜਾਬ ਦੀ ਅਗਲੇ ਸਾਲ ਦੀ ਵਿਧਾਨ ਸਭਾ ਚੋਣ ਵਿਚ ਇਸ ਹਕੀਕਤ ਦਾ ਚੋਖਾ ਅਸਰ ਪੈਣ ਦੀਆਂ ਸੰਭਾਵਨਾਵਾਂ ਹਨ।

ਇਸ ਦੌਰਾਨ ਵਿਚਾਰਨ ਵਾਲੀ ਗੱਲ ਇੱਕ ਹੋਰ ਵੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਵਾਰੀ ਜਦੋਂ ਪੰਜਾਬ ਦੇ ਇੱਕ ਧਾਰਮਿਕ ਅਸਥਾਨ ਉੱਤੇ ਆਉਣ ਲੱਗੇ, ਤਾਂ ਬਹੁਤ ਕਿਸਮ ਦੀ ਚਰਚਾ ਚੱਲ ਨਿਕਲੀ, ਜਿਸ ਦੀ ਇੱਕ ਵੰਨਗੀ ਇਹ ਵੀ ਹੈ ਕਿ ਏਦਾਂ ਦੀਆਂ ਰਾਜਨੀਤਕ ਹਸਤੀਆਂ ਨੂੰ ਏਦਾਂ ਦੀਆਂ ਥਾਂਵਾਂ ਉੱਤੇ ਜਾਣਾ ਚਾਹੀਦਾ ਹੈ ਜਾਂ ਨਹੀਂ! ਵਿਦੇਸ਼ ਵੱਸਦੇ ਸਾਡੇ ਇੱਕ ਸੱਜਣ ਨੇ ਇਸ ਬਾਰੇ ਸਾਨੂੰ ਇੱਕ ਲੰਮਾ ਈਮੇਲ ਵੀ ਲਿਖ ਭੇਜਿਆ। ਜਵਾਬ ਵਿਚ ਅਸੀਂ ਆਪਣੇ ਕੋਲ ਪਈਆਂ ਦਰਜਨਾਂ ਤਸਵੀਰਾਂ ਵਿਚੋਂ ਕੁਝ ਭੇਜੀਆਂ ਅਤੇ ਦੱਸਿਆ ਕਿ ਜਿਹੜੇ ਪੱਛਮੀ ਦੇਸ਼ਾਂ ਵਿਚ ਰਹਿਣ ਕਾਰਨ ਤੁਸੀਂ ਭਾਰਤ ਵਿਚ ਏਦਾਂ ਦੇ ਦੌਰਿਆਂ ਦੀ ਨੁਕਤਾਚੀਨੀ ਕਰਦੇ ਹੋ, ਤੁਹਾਡੇ ਦੇਸ਼ਾਂ ਦੀ ਪੁਰਾਣੀ ਰਵਾਇਤ ਮੈਨੂੰ ਬਹੁਤੀ ਪਤਾ ਨਹੀਂ, ਪਰ ਜਦੋਂ ਦੀ ਜਾਣਕਾਰੀ ਮਿਲਣ ਲੱਗੀ ਹੈ, ਆਹ ਫੋਟੋ ਦੱਸਦੀਆਂ ਹਨ ਕਿ ਓਥੋਂ ਦੇ ਆਗੂ ਵੀ ਏਦਾਂ ਕਰਦੇ ਹਨ। ਪੰਜਾਬੋਂ ਗਏ ਲੋਕਾਂ ਨੇ ਜਿਹੜੇ ਧਾਰਮਿਕ ਅਸਥਾਨ ਬਣਾਏ ਹਨ, ਉਨ੍ਹਾਂ ਨਾਲ ਜੁੜੇ ਹੋਏ ਲੋਕਾਂ ਦੀਆਂ ਵੋਟਾਂ ਦੀ ਝਾਕ ਵਿਚ ਪੱਛਮੀ ਦੇਸ਼ਾਂ ਵਾਲੇ ਰਾਜਨੀਤਕ ਆਗੂ ਉਨ੍ਹਾਂ ਅਸਥਾਨਾਂ ਤੱਕ ਉਚੇਚੇ ਦੌਰੇ ਨਹੀਂ ਕਰਦੇ, ਸਗੋਂ ਉਨ੍ਹਾਂ ਵੋਟਰਾਂ ਨੂੰ ਰਿਝਾਉਣ ਲਈ ਉਹ ਪੰਜਾਬ ਤੱਕ ਉਚੇਚਾ ਗੇੜਾ ਲਾਉਂਦੇ ਤੇ ਮੀਡੀਏ ਵਿਚ ਇਸ ਦਾ ਚੋਖਾ ਵਿਖਾਵਾ ਕਰਦੇ ਹਨ। ਜਿਹੜੇ ਦੇਸ਼ ਦੀ ਰਾਜਨੀਤੀ ਨੂੰ ਸਾਡੇ ਵਿਦੇਸ਼ ਬੈਠੇ ਸੱਜਣ ਧਾਰਮਿਕਤਾ ਤੋਂ ਨਿਰਲੇਪ ਦੱਸਣ ਦਾ ਯਤਨ ਕਰਦੇ ਹਨ, ਓਥੇ ਰਾਜਨੀਤੀ ਇਸ ਤੋਂ ਪਹਿਲਾਂ ਬੇਸ਼ੱਕ ਏਦਾਂ ਧਰਮ ਨਿਰਪੱਖ ਹੋਵੇਗੀ, ਜਦੋਂ ਦੀ ਸਾਡੇ ਲੋਕਾਂ ਨੇ ਭਾਰਤੀ ਰਾਜਨੀਤੀ ਦੇ ਵਿਰਸੇ ਵਾਲੀ ਰਾਜਨੀਤੀ ਦਾ ਚਸਕਾ ਉਨ੍ਹਾਂ ਨੂੰ ਲਾਇਆ ਹੈ, ਉਹ ਵੀ ਓਦੋਂ ਦੇ ਇਸ ਰੰਗ ਵਿਚ ਰੰਗੇ ਗਏ ਹਨ ਅਤੇ ਨਿਰਲੇਪ ਨਹੀਂ ਕਹੇ ਜਾ ਸਕਦੇ। ਏਦਾਂ ਦੀ ਰਾਜਨੀਤੀ ਜਦੋਂ ਅੱਜ ਸੰਸਾਰ ਭਰ ਵਿਚ ਹੋਣ ਲੱਗ ਪਈ ਹੈ, ਫਿਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਉਣ ਜਾਂ ਕੋਈ ਹੋਰ ਇਸ ਤਰ੍ਹਾਂ ਦੇ ਧਾਰਮਿਕਤਾ ਦੇ ਓਹਲੇ ਵਾਲੇ ਗੇੜੇ ਲਾ ਲਵੇ, ਕਿਸੇ ਉੱਤੇ ਕੋਈ ਕਿੰਤੂ ਨਹੀਂ ਕੀਤਾ ਜਾ ਸਕਦਾ। ਭਾਰਤ ਦੀ ਰਾਜਨੀਤੀ ਤਾਂ ਅਮਰੀਕਾ ਸਮੇਤ ਸਭ ਥਾਂਵਾਂ ਦੀ ਰਾਜਨੀਤੀ ਨੂੰ ਵੀ ਹੱਦੋਂ ਵੱਧ ਪ੍ਰਭਾਵਤ ਕਰਦੀ ਦਿਖਾਈ ਦੇਂਦੀ ਹੈ।

ਅੱਜ ਜਦੋਂ ਅਗਲੀ ਵਿਧਾਨ ਸਭਾ ਚੋਣ ਸ਼ੁਰੂ ਹੋਣ ਵਿਚ ਇੱਕ ਸਾਲ ਅਤੇ ਕੁਝ ਦਿਨ ਬਾਕੀ ਰਹਿ ਗਏ ਹਨ, ਪੰਜਾਬ ਦੇ ਲੋਕਾਂ ਨੂੰ ਆਪਣੇ ਸਿਰਾਂ ਨਾਲ ਸੋਚਣਾ ਚਾਹੀਦਾ ਹੈ ਅਤੇ ਧਾਰਮਿਕ ਆਸਥਾ ਕਿਸੇ ਦੀ ਕਿਤੇ ਵੀ ਹੋਵੇ, ਪੰਜਾਬ ਤੇ ਭਾਰਤ ਦੇ ਲੋਕਾਂ ਦੇ ਭਲੇ ਭਵਿੱਖ ਬਾਰੇ ਸੋਚ ਕੇ ਕਿਸੇ ਪਾਸੇ ਜੁੜਨਾ ਚਾਹੀਦਾ ਹੈ। ਲੋਕ ਕੋਈ ਚੰਗਾ ਆਗੂ ਚੁਣਨਗੇ ਤਾਂ ਉਨ੍ਹਾਂ ਲਈ ਵੀ ਚੰਗਾ ਹੋਵੇਗਾ, ਉਸ ਦਾ ਧਾਰਮਿਕ ਵਿਸ਼ਵਾਸ ਕੋਈ ਵੀ ਹੋਵੇ, ਜੇ ਗਲਤੀ ਕਰ ਬੈਠੇ ਤਾਂ ਆਪੇ ਭੁਗਤਦੇ ਰਹਿਣਗੇ।

# ਵਿਗਿਆਨਕ ਸੋਚ ਨੂੰ ਪੁੱਠਾ ਗੇੜਾ


ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA






ਦੇਸ਼ ਭਾਰਤ ਫਿਰਕੂ ਵਰਤਾਰਿਆਂ ਦੀ ਲਪੇਟ ਵਿਚ ਹੈ। ਆਜ਼ਾਦੀ ਦੀ ਪੌਣੀ ਸਦੀ ਅਤੇ ਸਵਾ ਤਿੰਨ ਵਰ੍ਹੇ ਬੀਤਣ ਬਾਅਦ ਵੀ ਆਰਥਿਕ-ਸਮਾਜਿਕ ਪ੍ਰਬੰਧ ਦੀ ਉਪਜ ਵਜੋਂ ਦੇਸ਼ ਵਿਗਿਆਨਕ ਸੋਚ ਨੂੰ ਪੁੱਠਾ ਗੇੜਾ ਦੇਣ ਦੀ ਸਰਦਲ 'ਤੇ ਹੈ। ਅੰਧ ਵਿਸ਼ਵਾਸੀ ਸੋਚ ਅਤੇ ਮਾਨਸਿਕ ਰੋਗ ਭਾਰਤੀ ਸਮਾਜ ਉੱਤੇ ਹਾਵੀ ਹੋਏ ਦਿੱਸਦੇ ਹਨ। ਆਮ ਲੋਕ ਧਰਮਾਂ-ਫਿਰਕਿਆਂ ਵਿਚ ਵੰਡੇ ਹੋਏ, ਗੁਰੂ-ਬਾਬਿਆਂ ਦੀ ਸ਼ਰਨ ਵਿਚ ਜਾ ਕੇ ਆਪਣਾ ਆਤਮ-ਵਿਸ਼ਵਾਸ ਤਾਂ ਗੁਆ ਹੀ ਰਹੇ ਹਨ, ਸਗੋਂ ਵੱਡੀ ਆਰਥਿਕ ਲੁੱਟ ਦਾ ਵੀ ਸ਼ਿਕਾਰ ਹੋ ਰਹੇ ਹਨ।

ਦੇਸ਼ ਦੀ ਹਾਕਮ ਧਿਰ ਇਸ ਸਮੁੱਚੀ ਸਥਿਤੀ ਵਿਚ, ਲੋਕਾਂ ਵਿਚ ਵਿਗਿਆਨਕ ਸੋਚ ਪੈਦਾ ਕਰਨ ਦੀ ਥਾਂ ਉਨ੍ਹਾਂ ਦੇ ਪੱਲੇ ਗ਼ਰੀਬੀ, ਅਨਪੜ੍ਹਤਾ ਅਤੇ ਬੇਰੁਜ਼ਗਾਰੀ ਪਾਈ ਰੱਖਣ ਦਾ ਸ਼ਰਮਨਾਕ ਰੋਲ ਅਦਾ ਕਰਦੀ ਦਿਸਦੀ ਹੈ। ਇੱਕ ਪਾਸੇ ਸਰਕਾਰ ਅਤੇ ਨੀਤੀ-ਘਾੜੇ ਭਾਰਤ ਨੂੰ ਦੁਨੀਆਂ ਦੀ ਸਭ ਤੋਂ ਤੇਜ਼ੀ ਨਾਲ਼ ਵਧਦੀ ਅਰਥਵਿਵਸਥਾ ਦੱਸਣ ਵਿਚ ਲੱਗੇ ਹਨ, ਦੂਜੇ ਪਾਸੇ ਪੜ੍ਹੇ-ਲਿਖੇ ਯੁਵਕਾਂ ਵਿਚ ਵਧਦੀ ਬੇਰੁਜ਼ਗਾਰੀ, ਅਸਥਿਰ ਰੋਜ਼ਗਾਰ ਅਤੇ ਘੱਟ ਆਮਦਨ ਗਹਿਰੀ ਚਿੰਤਾ ਪੈਦਾ ਕਰ ਰਹੀ ਹੈ।

ਵਿਗਿਆਨਕ ਸੋਚ ਮਨੁੱਖ ਦੇ ਵਿਕਾਸ ਦਾ ਧੁਰਾ ਹੈ, ਪਰ ਜਦੋਂ ਸਰਕਾਰ ਲੋਕਾਂ ਦੇ ਪੱਲੇ ਮੰਦਰਾਂ ਦੇ ਨਿਰਮਾਣ, ਗਊ-ਮੂਤਰ ਵਿਚੋਂ ਇਲਾਜ ਦੇ ਗੁਣ, ਪੁਰਾਤਨ ਸਮਿਆਂ ਵਿਚ ਉੱਡਣ-ਖਟੋਲੇ ਚੱਲਣ ਦੀਆਂ ਗੱਲਾਂ ਪਾ ਕੇ, ਗੁਰੂ-ਬਾਬਿਆਂ ਦੇ ਦਰਸ਼ਨਾਂ ਨੂੰ ਚਮਕਾ ਕੇ ਆਪਣਾ ਵੋਟ-ਬੈਂਕ ਹਥਿਆਉਂਦੀ ਹੈ, ਤਾਂ ਵਿਗਿਆਨਕ ਸੋਚ ਨੂੰ ਪੁੱਠਾ ਗੇੜਾ ਵੱਜਣਾ ਹੀ ਹੈ।

ਵਿਗਿਆਨਕ ਸੋਚ ਨੂੰ ਪੁੱਠਾ ਗੇੜਾ ਤਦ ਵੀ ਲੱਗਦਾ ਹੈ, ਜਦੋਂ ਸਕੂਲਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਘਟਦੀ ਹੈ ਅਤੇ ਸਰਕਾਰ ਸਕੂਲ ਬੰਦ ਕਰਦੀ ਹੈ। ਸਾਲ 2014 ਤੋਂ 2024 ਤੱਕ 89,441 ਸਰਕਾਰੀ ਸਕੂਲ ਵਿਦਿਆਰਥੀਆਂ ਦੀ ਘਾਟ ਕਾਰਨ ਬੰਦ ਕਰ ਦਿੱਤੇ ਗਏ। ਮੱਧ ਪ੍ਰਦੇਸ਼ ਵਿਚ 29,410 ਅਤੇ ਉੱਤਰ ਪ੍ਰਦੇਸ਼ ਵਿਚ 25,126 ਸਕੂਲ ਬੰਦ ਹੋਏ, ਉੱਥੇ ਹੀ ਪਿਛਲੇ ਸਾਲਾਂ ਵਿਚ ਫਿਰਕਾਪ੍ਰਸਤੀ ਨੇ ਜ਼ੋਰ ਫੜਿਆ। ਸੈਕੰਡਰੀ ਸਕੂਲਾਂ ਵਿਚ ਵਿਦਿਆਰਥੀਆਂ ਦੀ ਗਿਣਤੀ 24.2 ਕਰੋੜ ਤੱਕ ਸਿਮਟ ਗਈ ਹੈ, ਜੋ ਕੁਝ ਵਰ੍ਹੇ ਪਹਿਲਾਂ 26 ਕਰੋੜ ਤੋਂ ਵੱਧ ਸੀ। ਦੇਸ਼ ਦੇ ਮੌਜੂਦਾ ਸਰਕਾਰੀ ਸਕੂਲਾਂ ਦੀ ਸਥਿਤੀ ਇਹ ਹੈ ਕਿ 7 ਲੱਖ ਸਕੂਲਾਂ ਵਿਚ ਇੰਟਰਨੈੱਟ ਸੁਵਿਧਾਵਾਂ ਨਹੀਂ ਹਨ, 1 ਲੱਖ ਸਕੂਲਾਂ ਵਿਚ ਟਾਇਲਟ ਨਹੀਂ ਹਨ ਅਤੇ 3 ਲੱਖ ਸਕੂਲਾਂ ਵਿਚ ਬਿਜਲੀ ਸੁਵਿਧਾ ਨਹੀਂ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਬੱਚਿਆਂ ਦੇ ਪੱਲੇ ਪੜ੍ਹਾਈ ਹੀ ਨਹੀਂ ਹੋਵੇਗੀ, ਤਾਂ ਉਨ੍ਹਾਂ ਦੀ ਵਿਗਿਆਨਕ ਸੋਚ ਕਿਵੇਂ ਨਿਖਰੇਗੀ? ਜੇਕਰ ਹਾਕਮ ਡਾਰਵਿਨ ਦੇ ਸਿਧਾਂਤ ਉੱਤੇ ਸਵਾਲ ਉਠਾਉਣਗੇ, ਤਾਂ ਵਿਗਿਆਨਕ ਸੋਚ ਨੂੰ ਖੋਰਾ ਲੱਗਣਾ ਹੀ ਹੈ। ਸਰਕਾਰਾਂ ਅਤੇ ਸਰਕਾਰਾਂ ਦੇ ਕਾਬਜ਼ ਸਿਆਸਤਦਾਨਾਂ ਦੇ ਕਾਰੇ ਅਤੇ ਕਾਰਨਾਮੇ ਸਾਰਥਕ ਮਨੁੱਖੀ ਸੋਚ ਨੂੰ ਸ਼ਰਮਸਾਰ ਕਰਦੇ ਹਨ।

ਜਦੋਂ ਰਾਜਸਥਾਨ ਦਾ ਸਿੱਖਿਆ ਮੰਤਰੀ 29 ਨਵੰਬਰ ਤੋਂ 6 ਦਸੰਬਰ 2025 ਤੱਕ ਬਾਬਰੀ ਮਸਜ਼ਿਦ ਢਾਹੇ ਜਾਣ ਦੀਆਂ ਤਾਰੀਖਾਂ ਨੂੰ 'ਸ਼ੌਰਿਆ ਦਿਵਸ' (ਭਾਵ ਬਹਾਦਰੀ ਦਿਵਸ) ਵਜੋਂ ਮਨਾਉਣ ਦੀ ਗੱਲ ਕਰਦਾ ਹੈ; ਜਦੋਂ 'ਵੰਦੇ ਮਾਤਰਮ' ਗੀਤ ਵਿਚੋਂ ਦੇਵੀ-ਦੇਵਤਿਆਂ ਦੀ ਪੂਜਾ ਸੰਬੰਧੀ ਕੱਢੇ ਗਏ ਪੈਰਿਆਂ ਨੂੰ ਮੁੱਦਾ ਬਣਾ ਕੇ ਹਾਕਮ ਧਿਰ ਵੱਲੋਂ ਦੇਸ਼ ਦੀ ਸੰਸਦ ਦੀ ਕਾਰਵਾਈ ਦਾ ਇੱਕ ਦਿਨ ਬਰਬਾਦ ਕੀਤਾ ਜਾਂਦਾ ਹੈ; ਜਦੋਂ ਦੇਸ਼ ਵਿਚ ਧਾਰਮਿਕ ਕੱਟੜਤਾ ਅਤੇ ਫਿਰਕੂ ਜਨੂੰਨ ਭੜਕਾਉਣ ਵਾਲੀਆਂ ਕਾਰਵਾਈਆਂ ਪ੍ਰਤੀ ਹਾਕਮ ਧਿਰ ਚੁੱਪ ਵੱਟੀ ਰੱਖਦੀ ਹੈ; ਅਤੇ ਜਦੋਂ ਸੂਫੀ ਸ਼ਾਇਰ ਬੁੱਲੇ ਸ਼ਾਹ ਦੀ ਮਜ਼ਾਰ ਮਸੂਰੀ ਵਿਖੇ ਹਿੰਦੂਤਵਵਾਦੀ ਲੋਕਾਂ ਵੱਲੋਂ ਢਾਹ ਦਿੱਤੀ ਜਾਂਦੀ ਹੈ, ਤਾਂ ਇਹ ਸਾਰੇ ਵਰਤਾਰੇ ਵਿਗਿਆਨਕ ਸੋਚ ਦੇ ਵਿਰੁੱਧ ਜਾਂਦੇ ਹਨ।

ਦੇਸ਼ ਵਿਚ ਅਨਪੜ੍ਹਤਾ ਬਣਾਈ ਰੱਖਣ ਅਤੇ ਲੋਕਾਂ ਨੂੰ ਰੋਜ਼ੀ-ਰੋਟੀ ਤੱਕ ਸੀਮਤ ਰੱਖਣ ਪਿੱਛੇ ਹਾਕਮਾਂ ਦੀ ਸੋਚ ਵੀ ਇਹੀ ਦਿੱਸਦੀ ਹੈ ਕਿ ਲੋਕ ਉਨ੍ਹਾਂ ਦੇ ਪਿਛਲੱਗ ਬਣੇ ਰਹਿਣ। ਵੈਸੇ ਤਾਂ ਪੜ੍ਹੇ-ਲਿਖੇ ਲੋਕ ਵੀ ਅੰਧ ਵਿਸ਼ਵਾਸਾਂ ਵਿਚ ਫਸ ਜਾਂਦੇ ਹਨ, ਕਿਉਂਕਿ ਉਨ੍ਹਾਂ ਨੂੰ ਸਿੱਖਿਆ ਦੌਰਾਨ ਤਰਕ ਅਤੇ ਵਿਗਿਆਨਕ ਦ੍ਰਿਸ਼ਟੀ ਬਾਰੇ ਸਿਖਾਇਆ ਹੀ ਨਹੀਂ ਜਾਂਦਾ। ਨੈਤਿਕ ਸਿੱਖਿਆ ਦਾ ਸਹੀ ਪਾਠ ਪੜ੍ਹਾਉਣ ਦੀ ਥਾਂ ਧਰਮ ਦੇ ਨਾਮ ਹੇਠ ਰੂੜੀਵਾਦੀ ਵਿਚਾਰਾਂ ਅਤੇ ਧਾਰਮਿਕ ਭਾਵਨਾਵਾਂ ਵਧਾਉਣ ਦੀ ਸਿੱਖਿਆ ਦਿੱਤੀ ਜਾਂਦੀ ਹੈ।

ਅੱਜ ਜਦੋਂ ਸੰਸਾਰ ਏਕਤਾ ਵੱਲ ਵੱਧ ਰਿਹਾ ਹੈ, ਬਹੁਤੇ ਦੇਸ਼ਾਂ ਦੇ ਲੋਕ ਸੈਕੂਲਰਿਜ਼ਮ ਅਤੇ ਨਾਸਤਿਕ ਵਿਚਾਰਾਂ ਵੱਲ ਅੱਗੇ ਵਧ ਰਹੇ ਹਨ। ਉਨ੍ਹਾਂ ਵਿਚ ਦੇਵੀ-ਦੇਵਤਿਆਂ ਜਾਂ ਰੱਬ ਵਿਚ ਵਿਸ਼ਵਾਸ ਨਾ ਹੋਣ ਦਾ ਰੁਝਾਨ ਵਧ ਰਿਹਾ ਹੈ। ਇਹ ਉਨ੍ਹਾਂ ਦੇਸ਼ਾਂ ਦੀ ਪ੍ਰਫੁੱਲਿਤ ਹੋ ਰਹੀ ਸਮਾਜਿਕ, ਸੱਭਿਆਚਾਰਕ ਅਤੇ ਸਿਆਸੀ ਪਹੁੰਚ ਦਾ ਨਤੀਜਾ ਹੈ, ਜਿੱਥੇ ਸਿੱਖਿਆ ਦਾ ਮਿਆਰ ਉੱਚਾ ਹੈ, ਆਜ਼ਾਦ-ਖ਼ਿਆਲੀ ਕਦਰਾਂ-ਕੀਮਤਾਂ ਮਜ਼ਬੂਤ ਹਨ ਅਤੇ ਜਾਣਕਾਰੀ ਤੱਕ ਪਹੁੰਚ ਵਧੀ ਹੈ।

ਪਰ ਜਿੱਥੇ ਡਾਰਵਿਨ ਦੇ ਸਿਧਾਂਤ ਨੂੰ ਪੁੱਠਾ ਗੇੜਾ ਦੇਣ ਦੇ ਯਤਨ ਹੁੰਦੇ ਹਨ, ਸਿਆਸਤ ਨੂੰ ਧਰਮ ਨਾਲ਼ ਲਪੇਟ ਕੇ ਲੋਕਾਂ ਨੂੰ ਗੁਮਰਾਹ ਕੀਤਾ ਜਾਂਦਾ ਹੈ, ਉੱਥੇ ਨਾ ਜੀਵਨ-ਹਾਲਤਾਂ ਸੁਧਰਦੀਆਂ ਹਨ ਅਤੇ ਨਾ ਹੀ ਸਿੱਖਿਆ ਦਾ ਮਿਆਰ ਉੱਚਾ ਹੁੰਦਾ ਹੈ। ਸਮਾਜਿਕ ਸੁਰੱਖਿਆ ਊਣੀ ਰਹਿ ਜਾਂਦੀ ਹੈ।

ਵਿਗਿਆਨਕ ਸੋਚ ਦੇ ਫੈਲਾਅ ਤੋਂ ਬਿਨਾਂ ਧਰਮ ਅਤੇ ਦੈਵੀ ਸ਼ਕਤੀਆਂ ਬਾਰੇ ਫੈਲੀ ਧੁੰਦ ਕਦੇ ਸਾਫ਼ ਨਹੀਂ ਹੋ ਸਕਦੀ। ਕਿਆਸ ਕਰੋ ਉਸ ਸਮੇਂ ਦਾ, ਜਦੋਂ ਮਨੁੱਖਾਂ ਵਿਚ ਧਰਮ ਅਤੇ ਦੈਵੀ ਸ਼ਕਤੀਆਂ ਦਾ ਆਰੰਭ ਵੀ ਨਹੀਂ ਸੀ, ਉਸ ਵੇਲੇ ਜੀਵਨ ਜਿਉਣ ਦਾ ਮਾਰਗ ਸਿੱਧਾ-ਸਾਦਾ ਸੀ, ਨੈਤਿਕ ਕਦਰਾਂ-ਕੀਮਤਾਂ ਮੌਜੂਦ ਸਨ। ਪਰ ਜਿਵੇਂ-ਜਿਵੇਂ ਧਰਮ ਦੀ ਜਕੜ ਵਧੀ, ਸਮਾਜ ਵਿਚ ਇੱਕ ਅਜੀਬ ਕਿਸਮ ਦਾ ਖਲਾਅ ਪੈਦਾ ਹੋਇਆ। ਅੱਜ ਭਾਰਤ ਵਿਚ ਧਰਮ ਦੀ ਜਕੜ ਬਹੁਤ ਤਿੱਖੀ ਅਤੇ ਲਗਾਤਾਰ ਵਧ ਰਹੀ ਹੈ।

ਇੱਕ ਪ੍ਰਾਈਵੇਟ ਸਰਵੇ ਅਨੁਸਾਰ, ਦੇਸ਼ ਵਿਚ 13 ਫ਼ੀਸਦੀ ਲੋਕ ਗ਼ੈਰ-ਧਾਰਮਿਕ ਅਤੇ 3 ਫ਼ੀਸਦੀ ਪੱਕੇ ਨਾਸਤਿਕ ਹਨ, ਪਰ ਅਸਲ ਗਿਣਤੀ ਇਸ ਤੋਂ ਵੀ ਵੱਧ ਹੋ ਸਕਦੀ ਹੈ, ਕਿਉਂਕਿ ਧਰਮ ਦਰਜ ਕਰਵਾਉਣ ਲਈ ਧਾਰਮਿਕ ਦਬਾਅ ਕਾਫ਼ੀ ਹੈ। ਫਿਰ ਵੀ 80 ਫ਼ੀਸਦੀ ਲੋਕ ਵੱਖ-ਵੱਖ ਧਰਮਾਂ ਦੇ ਪੈਰੋਕਾਰ ਬਣੇ ਦਿੱਸਦੇ ਹਨ।

ਤਦੇ ਧਾਰਮਿਕ ਸ਼ਰਧਾ ਦੇ ਨਾਮ 'ਤੇ ਦੇਸ਼ ਦੇ ਵੱਡੇ-ਵੱਡੇ ਬਾਬੇ ਲੋਕਾਂ ਦੇ ਜਜ਼ਬਿਆਂ ਦਾ ਹਨਨ ਕਰ ਰਹੇ ਹਨ ਅਤੇ ਵਿਗਿਆਨਕ ਸੋਚ ਤੇ ਤਰਕ ਨੂੰ ਖੁੰਢਾ ਕਰਕੇ ਸਵਾਰਥੀ ਸਿਆਸਤਦਾਨਾਂ ਦੇ ਸੰਦ ਵਜੋਂ ਕੰਮ ਕਰਦੇ ਦਿੱਸਦੇ ਹਨ। ਦੇਸ਼ ਵਿਚ 10 ਵੱਡੇ ਪ੍ਰਭਾਵਸ਼ਾਲੀ ਬਾਬਿਆਂ ਦਾ ਜ਼ਿਕਰ ਆਮ ਮਿਲਦਾ ਹੈ, ਜਿਹੜੇ ਯੋਗ ਸਾਧਨਾ ਅਤੇ ਧਾਰਮਿਕ ਸ਼ਰਧਾ ਦੇ ਨਾਂ 'ਤੇ ਲੋਕਾਂ ਨੂੰ ਆਪਣੇ ਪਿੱਛੇ ਲਗਾ ਲੈਂਦੇ ਹਨ। ਸਦਗੁਰੂ ਜਗੀ ਵਾਸੂਦੇਵ, ਬਾਬਾ ਰਾਮਦੇਵ, ਸ਼੍ਰੀ ਸ਼੍ਰੀ ਰਵੀ ਸ਼ੰਕਰ, ਮਾਤਾ ਅੰਮਾ, ਮੁਰਾਰੀ ਬਾਪੂ, ਪ੍ਰੇਮਾਨੰਦ ਮਹਾਰਾਜ, ਸਵਾਮੀ ਚੰਦਰਾਨੰਦ ਸਰਸਵਤੀ, ਆਚਾਰਿਆ ਪ੍ਰਸ਼ਾਂਤ ਆਦਿ ਦੇ ਲੱਖਾਂ ਨਹੀਂ, ਕਰੋੜਾਂ ਪੈਰੋਕਾਰ ਹਨ। ਰਾਮ ਰਹੀਮ ਅਤੇ ਸਾਈਂ ਬਾਬਾ ਵਰਗੇ ਬਾਬੇ ਲੋਕਾਂ ਦੇ ਮਨਾਂ, ਧਨ ਅਤੇ ਕਾਰੋਬਾਰਾਂ ਨਾਲ਼ ਖੇਡ ਕੇ ਵੋਟ-ਬੈਂਕ ਸਿਆਸਤਦਾਨਾਂ ਦੇ ਹੱਥ ਫੜਾ ਦਿੰਦੇ ਹਨ। ਇਨ੍ਹਾਂ ਬਾਬਿਆਂ ਅਤੇ ਸਵਾਰਥੀ ਸਿਆਸਤਦਾਨਾਂ ਦਾ ਆਮ ਲੋਕਾਂ ਦੇ ਰੁਜ਼ਗਾਰ, ਸਿੱਖਿਆ ਅਤੇ ਸਿਹਤ ਨਾਲ਼ ਕੋਈ ਸਰੋਕਾਰ ਨਹੀਂ ਹੁੰਦਾ, ਉਹ ਤਾਂ ਲੋਕਾਂ ਦੀ ਸੋਚ ਨੂੰ ਖੁੰਢਾ ਕਰ ਕੇ, ਉਨ੍ਹਾਂ ਦੀ ਬਿਮਾਰ ਮਾਨਸਿਕਤਾ ਨੂੰ ਹਥਿਆ ਕੇ, ਉਨ੍ਹਾਂ ਦੀ ਸਜਗਤਾ, ਸਮਝ ਅਤੇ ਵਿਵੇਕ ਉੱਤੇ ਭਾਰੂ ਹੋ ਜਾਂਦੇ ਹਨ ਅਤੇ ਉਨ੍ਹਾਂ ਦੇ ਕਰਮ ਧਨ ਦੇ ਮਾਲਕ ਬਣ ਬੈਠਦੇ ਹਨ।

ਅੱਜ ਦੇਸ਼ ਦੇ ਸਾਹਮਣੇ ਵੱਡੀਆਂ ਸਮੱਸਿਆਵਾਂ ਹਨ - ਨੌਜਵਾਨਾਂ ਲਈ ਰੁਜ਼ਗਾਰ ਮੁਹੱਈਆ ਕਰਨਾ ਇਨ੍ਹਾਂ 'ਚੋਂ ਇੱਕ ਹੈ। ਵੱਡੀ ਅਬਾਦੀ ਨੌਜਵਾਨਾਂ ਦੀ ਹੈ, ਬੇਰੁਜ਼ਗਾਰ ਨੌਜਵਾਨਾਂ ਦੀ ਅਥਾਹ ਕੰਮ ਕਰਨ ਦੀ ਸ਼ਕਤੀ ਅਜਾਈਂ ਗੁਆਈ ਜਾ ਰਹੀ ਹੈ। ਦੇਸ਼ 'ਚ ਇੰਤਹਾ ਗ਼ਰੀਬੀ ਹੈ। ਅਨਪੜ੍ਹਤਾ ਦੀ ਵੀ ਕੋਈ ਘਾਟ ਨਹੀਂ ਹੈ। ਦੂਸ਼ਿਤ ਵਾਤਾਵਰਨ ਲੋਕਾਂ ਦੀ ਸਿਹਤ ਦਾ ਵੱਡਾ ਦੁਸ਼ਮਣ ਹੈ। ਗੰਦਾ ਪਾਣੀ, ਕੈਂਸਰ ਵਰਗੇ ਰੋਗ ਫੈਲਾ ਰਿਹਾ ਹੈ। ਇਨ੍ਹਾਂ ਬਿਮਾਰੀਆਂ ਦੀ ਰੋਕਥਾਮ ਅਤੇ ਇਲਾਜ ਲਈ ਜੋ ਕੁਝ ਦੇਸ਼ ਦੇ ਹਾਕਮਾਂ ਵੱਲੋਂ ਵੱਡਾ ਕਰਨ ਦੀ ਲੋੜ ਹੈ, ਉਸ ਦੀ ਥਾਂ ਉੱਤੇ "ਨਾਅਰੇ" ਪਰੋਸੇ ਜਾ ਰਹੇ ਹਨ। ਸਿਹਤ ਸਹੂਲਤਾਂ ਦੇ ਨਾਂ ਉੱਤੇ "ਆਯੁਸ਼ਮਾਨ ਕਾਰਡ" ਆਮ ਲੋਕਾਂ ਦਾ ਕੁਝ ਨਹੀਂ ਸਵਾਰ ਸਕੇ। ਪੰਜਾਬ ਵਿਚਲੇ 10 ਲੱਖ ਬੀਮਾ ਯੋਜਨਾਵਾਂ ਦੀਆਂ ਪਰਤਾਂ ਖੋਲ੍ਹਦਿਆਂ, ਉਸ ਵਿਚ ਵੀ ਸਿਆਸੀ ਦੰਭ ਭਰਿਆ ਦਿੱਸਦਾ ਹੈ।

ਇਨ੍ਹਾਂ ਸਿਆਸੀ ਖ਼ੁਦਗਰਜ਼ੀਆਂ ਕਾਰਨ ਆਮ ਲੋਕ ਪਿਸਦੇ ਦਿਖਾਈ ਦਿੰਦੇ ਹਨ ਅਤੇ ਉਨ੍ਹਾਂ ਦਾ ਮੋੜਾ ਉਤਸ਼ਾਹੀ ਜੀਵਨ ਵੱਲੋਂ ਨਿਰਾਸ਼ੇ ਜੀਵਨ ਵੱਲ ਮੁੜਦਾ ਹੈ। ਜਿਹੜਾ ਧਰਮ ਦੀ ਹੋਂਦ ਨੂੰ ਸਵੀਕਾਰਦਿਆਂ ਸ਼ਰਧਾ ਦੀ ਭੇਟ ਚੜ੍ਹਦਾ, ਵਿਗਿਆਨਿਕ ਸੋਚ ਨੂੰ ਤਿਲਾਂਜਲੀ ਦੇ ਬੈਠਦਾ ਹੈ। ਉਹ ਚੇਤਨਾ ਅਤੇ ਆਤਮ ਵਿਸ਼ਵਾਸ ਜਿਹੜਾ ਸਿੱਖਿਆ ਨੇ ਉਸਦੇ ਪੱਲੇ ਪਾਇਆ ਹੁੰਦਾ ਹੈ, ਉਹ ਖੁੰਢਾ ਹੁੰਦਾ ਜਾਂਦਾ ਹੈ। ਪਰਖ-ਪੜਚੋਲ "ਕਿਉਂ" ਤੇ "ਕਿਵੇਂ" ਜਿਹੇ ਸਵਾਲ ਜੀਵਨ ਅਮਲ ਵਿਚੋਂ ਮਨਫ਼ੀ ਹੁੰਦੇ ਜਾਂਦੇ ਹਨ ਅਤੇ ਜੀਵਨ ਵਿਚਲੀ ਪ੍ਰਬਲ ਜਗਿਆਸਾ ਹਨੇਰਿਆਂ 'ਚ ਗੁੰਮ ਜਾਂਦੀ ਹੈ। ਉਹ ਵਿਅਕਤੀ ਜਿਸਨੇ ਸਜੱਗ ਹੋ ਕੇ, ਵਿਗਿਆਨਿਕ ਸੋਚ ਨਾਲ਼ ਸੱਤਾ ਦੀਆਂ ਅੱਖਾਂ 'ਚ ਰੜਕਣਾ ਸੀ, ਉਹ ਚੁੱਪ ਦੇ ਹਨੇਰਿਆਂ 'ਚ ਗਰਕ ਜਾਂਦਾ ਹੈ। ਉਹ ਵਿਅਕਤੀ ਜਿਸਨੇ ਆਪਣੇ ਜੀਵਨ ਦਰਸ਼ਨ ਨਾਲ਼ ਸਥਾਪਤੀ ਵਿਰੁੱਧ ਅਸਹਿਮਤੀ ਪ੍ਰਗਟ ਕਰਨੀ ਹੁੰਦੀ ਹੈ। ਫਾਸ਼ੀਵਾਦ ਦੇ ਦੌਰ 'ਚ ਉਸ ਦੀ ਅਸਹਿਮਤੀ ਅਪਰਾਧ ਗਿਣੀ ਜਾਣ ਲੱਗਦੀ ਹੈ। ਭਾਰਤ ਇਸਦੀ ਜਿਉਂਦੀ ਜਾਗਦੀ ਮਿਸਾਲ ਹੈ।

ਅੱਜ ਹਰ ਹੀਲਾ-ਵਸੀਲਾ ਵਰਤ ਕੇ ਹਾਕਮਾਂ ਵੱਲੋਂ ਆਮ ਆਦਮੀ ਦੀ ਸੋਚ, ਵਿਗਿਆਨਿਕ ਸੋਚ ਨੂੰ ਖੁੰਢਾ, ਖ਼ਤਮ ਕਰਨ ਦੇ ਜਤਨ ਹੋ ਰਹੇ ਹਨ। ਸਿਆਸੀ ਲੋਕਾਂ ਨੂੰ ਜੀ-ਹਜ਼ੂਰੀਏ ਚਾਹੀਦੇ ਹਨ, ਜੋ ਭੇਡਾਂ ਵਾਂਗਰ ਸਿਰ ਸੁੱਟ ਕੇ ਮਗਰ-ਮਗਰ ਚੱਲਣ। ਹਾਕਮ ਦੀ ਹਾਂ 'ਚ ਹਾਂ ਮਿਲਾਉਣ। ਬਿਲਕੁਲ ਵੀ ਮੂੰਹੋਂ ਨਾ ਕੁਸਕਣ।

ਦੇਸ਼ ਦਾ ਵੱਡਾ ਸੂਬਾ ਯੂ.ਪੀ. ਉਦਾਹਰਨ ਹੈ - ਭਗਵਾਂਕਰਨ ਧਾਰਮਿਕ ਰਾਜਨੀਤੀ ਦਾ। ਜਿੱਥੇ ਵਿਗਿਆਨਿਕ ਸੋਚ ਨੂੰ ਪੁੱਠਾ ਗੇੜਾ ਦਿੱਤਾ ਗਿਆ। ਧਰਮ ਦੀ ਸਿਆਸਤ ਉਭਾਰੀ ਗਈ। ਇਕ ਪਿਛਾਂਹ-ਖਿੱਚੂ ਸੋਚ ਉਸ ਵੇਲੇ ਦੇਸ਼ 'ਚ ਦੇਖਣ ਨੂੰ ਮਿਲੀ, ਜਦੋਂ ਦੇਸ਼ ਦੇ ਸਾਇੰਸ ਟੈਕਨੋਲੋਜੀ ਵਿਭਾਗ ਵਿਚ "ਗਾਂ ਦੇ ਮੂਤਰ" ਉੱਤੇ ਖੋਜ ਦਾ ਕੰਮ ਆਰੰਭਣ ਲਈ ਵੱਡੀਆਂ ਰਕਮਾਂ ਨਵੇਂ ਪ੍ਰਜੈਕਟ ਸ਼ੁਰੂ ਕਰਨ ਲਈ ਲਗਾ ਦਿੱਤੀਆਂ ਗਈਆਂ ਤੇ ਅਸਲ ਵਿਗਿਆਨਿਕ ਪ੍ਰੋਜੈਕਟਾਂ ਉੱਤੇ ਭਾਰੀ ਕਟੌਤੀ ਲਗਾ ਦਿੱਤੀ ਗਈ। ਦੇਸ਼ ਦੇ ਸੂਝਵਾਨ ਵਿਗਿਆਨਕਾਂ 'ਚ ਡਰ ਦਾ ਮਾਹੌਲ ਪੈਦਾ ਕਰ ਦਿੱਤਾ ਗਿਆ। ਉਂਞ ਇਹ ਡਰ ਤਾਂ ਦੇਸ਼ ਦੀਆਂ ਯੂਨੀਵਰਸਿਟੀਆਂ 'ਚ ਬੈਠੇ ਸਿਆਸਤਦਾਨਾਂ ਅਤੇ ਬੁੱਧੀਜੀਵੀਆਂ ਦੇ ਮਨਾਂ 'ਚ ਵੀ ਬਿਠਾ ਦਿੱਤਾ ਗਿਆ ਹੈ ਅਤੇ "ਅਸਹਿਮਤ ਸੋਚ ਵਾਲੇ" ਲੋਕਾਂ ਉੱਤੇ ਬੰਦਿਸ਼ਾਂ ਲਗਾ ਦਿੱਤੀਆਂ ਗਈਆਂ ਹਨ। ਸੱਤਾ ਤੋਂ ਹੱਕ ਮੰਗਣ ਵਾਲੇ ਲੋਕਾਂ ਉੱਤੇ ਦੇਸ਼ ਧ੍ਰੋਹ ਦੇ ਪਰਚੇ ਦਰਜ ਹੋ ਰਹੇ ਹਨ। ਉਨ੍ਹਾਂ ਨੂੰ ਜੇਲ੍ਹਾਂ 'ਚ ਸੁੱਟਿਆ ਜਾ ਰਿਹਾ ਹੈ। ਉਨ੍ਹਾਂ ਦੀ ਆਵਾਜ਼ ਬੰਦ ਕੀਤੀ ਜਾ ਰਹੀ ਹੈ। ਇਹ ਉਹ ਲੋਕ ਹਨ, ਜਿਹੜੇ ਆਪਣੀ ਪਛਾਣ ਅਤੇ ਹੋਂਦ ਨੂੰ ਬਣਾਈ ਰੱਖਣ ਦੀ ਲੜਾਈ ਲੜ ਰਹੇ ਹਨ।

ਚੇਤਨਾ ਦਾ ਚਾਨਣ ਮਨੁੱਖ ਦਾ ਅਧਿਕਾਰ ਹੈ। ਤਰਕ, ਦਲੀਲ ਅਤੇ ਪਰਖ-ਪੜਚੋਲ ਉਸ ਦੇ ਆਤਮ-ਵਿਸ਼ਵਾਸ ਨੂੰ ਹੁਲਾਰਾ ਦਿੰਦੇ ਹਨ। ਪਰ ਜੇਕਰ ਉਨ੍ਹਾਂ ਪੱਲੇ ਚਮਤਕਾਰੀ ਬਾਬਿਆਂ ਦੀ ਅੰਧ ਵਿਸ਼ਵਾਸੀ ਸੋਚ ਪਾਈ ਜਾਏਗੀ, ਤਾਂ ਮਨੁੱਖੀ ਵਿਕਾਸ ਅਧੂਰਾ ਰਹੇਗਾ। ਜੇਕਰ ਵਿਗਿਆਨ ਦੇ ਨਾਮ ਉੱਤੇ ਅੱਧ ਕੱਚੀ ਜਾਂ ਅਧੂਰੀ ਜਾਣਕਾਰੀ ਮੁਹੱਈਆ ਕੀਤੀ ਜਾਏਗੀ ਤਾਂ ਫੇਥ ਵਰਸਿਜ਼ ਫੈਕਟ (ਸ਼ਰਧਾ ਬਨਾਮ ਅਸਲੀਅਤ) 'ਚ ਫ਼ਰਕ ਨਹੀਂ ਕੀਤਾ ਜਾ ਸਕੇਗਾ। ਅੱਧ-ਅਧੂਰੀ ਅੱਧ-ਕੱਚੀ ਸੱਚਾਈ ਫੈਲਾਉਣ ਦਾ ਕੰਮ ਦੇਸ਼ ਦੇ ਸਾਬਕਾ ਕੇਂਦਰੀ ਮੰਤਰੀ ਅਨੁਰਾਗ ਠਾਕੁਰ ਕਰ ਰਹੇ ਹਨ। ਇਹ ਮੰਤਰੀ ਜਦੋਂ ਸਕੂਲ ਦੇ ਬੱਚਿਆਂ ਨੂੰ ਪੁੱਛਦੇ ਹਨ ਕਿ ਦੁਨੀਆਂ ਦਾ ਸਭ ਤੋਂ ਪਹਿਲਾ ਪੁਲਾੜ ਯਾਤਰੀ ਕੌਣ ਸੀ, ਤਾਂ ਬੱਚਿਆਂ ਨੇ ਜਵਾਬ ਦਿੱਤਾ, "ਨੀਲ ਆਰਮਸਟਰਾਂਗ" ਤਾਂ ਮੰਤਰੀ ਕਹਿੰਦਾ ਹੈ, "ਮੈਨੂੰ ਤਾਂ ਲੱਗਦਾ ਹੈ ਹਨੂਮਾਨ ਜੀ ਸਨ।" ਕੀ ਇਹ ਬੱਚਿਆਂ ਨੂੰ ਅੰਧ ਵਿਸ਼ਵਾਸਾਂ ਤੇ ਚਮਤਕਾਰਾਂ 'ਚ ਫਸਾਈ ਰੱਖਣ ਦਾ ਯਤਨ ਨਹੀਂ ਹੈ?

ਅਸਲ ਵਿਚ ਅੱਜ ਦੇ ਹਾਕਮ ਦੇਸ਼ ਦੀ ਵਿਗਿਆਨਕ ਸੋਚ ਨੂੰ ਪੁੱਠਾ ਗੇੜਾ ਦੇ ਕੇ ਆਪਣੇ ਸਵਾਰਥ ਸਿੱਧ ਕਰਨ ਦੇ ਯਤਨ 'ਚ ਹਨ। ਅੱਜ ਸੱਤਾ ਸੱਚ ਦਾ ਸਾਹਮਣਾ ਨਹੀਂ ਕਰ ਰਹੀ, ਲੋਕਾਂ ਨੂੰ ਭੰਬਲਭੂਸੇ 'ਚ ਪਾ ਕੇ ਰੱਖਣਾ ਚਾਹੁੰਦੀ ਹੈ, ਤਾਂ ਕਿ ਦੇਸ਼ 'ਚ ਕਾਰਪੋਰੇਟ ਦੀ ਲੁੱਟ ਦਾ ਰਾਹ ਪੱਧਰਾ ਰਹੇ ਅਤੇ ਉਨ੍ਹਾਂ ਦੀ ਗੱਦੀ ਸੁਰੱਖਿਅਤ ਰਹੇ। ਅਮਰੀਕਾ ਦੇ ਪ੍ਰਸਿੱਧ ਲੋਕ ਪੱਖੀ ਚਿੰਤਕ ਨੋਮ ਚੌਮਸਕੀ ਦਾ ਕਥਨ ਦੇਸ਼ ਭਾਰਤ ਦੇ ਹਾਕਮਾਂ ਉੱਤੇ ਪੂਰਾ ਢੁੱਕਦਾ ਹੈ- "ਜੇ ਸੱਚ ਤੋਂ ਸੱਤਾ ਨੂੰ ਖ਼ਤਰਾ ਹੋਵੇ, ਤਾਂ ਉਸ ਨੂੰ ਸ਼ੋਰ ਹੇਠ ਦਬਾ ਦਿੱਤਾ ਜਾਵੇਗਾ।"

ਅੱਜ ਜਿੰਨਾ ਸ਼ੋਰ ਰੌਲ਼ਾ-ਰੱਪਾ ਦੇਸ਼ ਵਿਚ ਹਾਕਮਾਂ ਵੱਲੋਂ ਬਹਿਸਾਂ, ਵੱਡੇ ਬਿਆਨਾਂ ਰਾਹੀਂ ਫੈਲਾਇਆ ਜਾ ਰਿਹਾ ਹੈ, ਇਹ ਜਨਤਾ ਨੂੰ ਬੌਂਦਲਾ ਦੇਣ ਵਾਂਗਰ ਹੈ। ਇਹ ਸ਼ੋਰ ਸੱਚ ਨੂੰ ਢੱਕਣ ਦੀ ਕੋਸ਼ਿਸ਼ ਹੈ, ਪਰ ਦੇਸ਼ ਦੇ ਸੂਝਵਾਨ ਲੋਕ ਇਸ ਸੱਤਾ ਨੂੰ ਵੰਗਾਰਨ ਦੀ ਸਮਰੱਥਾ ਰੱਖਦੇ ਹਨ। ਵਿਗਿਆਨਕ ਸੋਚ, ਤਰਕ ਅਤੇ ਆਜ਼ਾਦ ਚੇਤਨਾ ਤੋਂ ਬਿਨਾਂ ਨਾ ਸਮਾਜ ਅੱਗੇ ਵਧ ਸਕਦਾ ਹੈ ਅਤੇ ਨਾ ਹੀ ਲੋਕਤੰਤਰ ਜਿਊਂਦਾ ਰਹਿ ਸਕਦਾ ਹੈ।

**ਦੇਸ਼ ਦੀ ਹਾਕਮ ਧਿਰ ਇਸ ਸਮੁੱਚੀ ਸਥਿਤੀ ਵਿਚ, ਲੋਕਾਂ ਵਿਚ ਵਿਗਿਆਨਕ ਸੋਚ ਪੈਦਾ ਕਰਨ ਦੀ ਥਾਂ ਉਨ੍ਹਾਂ ਦੇ ਪੱਲੇ ਗ਼ਰੀਬੀ, ਅਨਪੜ੍ਹਤਾ ਅਤੇ ਬੇਰੁਜ਼ਗਾਰੀ ਪਾਈ ਰੱਖਣ ਦਾ ਸ਼ਰਮਨਾਕ ਰੋਲ ਅਦਾ ਕਰਦੀ ਦਿਸਦੀ ਹੈ। ਇੱਕ ਪਾਸੇ ਸਰਕਾਰ ਅਤੇ ਨੀਤੀ-ਘਾੜੇ ਭਾਰਤ ਨੂੰ ਦੁਨੀਆਂ ਦੀ ਸਭ ਤੋਂ ਤੇਜ਼ੀ ਨਾਲ਼ ਵਧਦੀ ਅਰਥਵਿਵਸਥਾ ਦੱਸਣ ਵਿਚ ਲੱਗੇ ਹਨ, ਦੂਜੇ ਪਾਸੇ ਪੜ੍ਹੇ-ਲਿਖੇ ਯੁਵਕਾਂ ਵਿਚ ਵਧਦੀ ਬੇਰੁਜ਼ਗਾਰੀ, ਅਸਥਿਰ ਰੋਜ਼ਗਾਰ ਅਤੇ ਘੱਟ ਆਮਦਨ ਗਹਿਰੀ ਚਿੰਤਾ ਪੈਦਾ ਕਰ ਰਹੀ ਹੈ।**

# ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ 'ਸੱਚਖੰਡ ਬਲਾਂ' ਵਿਖੇ ਸ੍ਰੀ ਗੁਰੂ ਭਗਤ ਰਵਿਦਾਸ ਜੀ ਦੇ ਜਨਮ ਦਿਹਾੜ੍ਹੇ 'ਤੇ ਫੇਰੀ ਦਾ ਮੰਤਵ ਸਿਰਫ 2027 ਦੀਆਂ ਚੋਣਾਂ ਵਿਚ ਵੋਟਾਂ ਬਟੋਰਨਾ ਹੈ !!


ਜੰਗ ਸਿੰਘ
ਮਰਸੱਡ ਕੈਲੀਫੋਰਨੀਆ (ਅਮਰੀਕਾ)
ਮੋਬਾਇਲ ਨੰ: +1-415-603-7380
ਪੰਜਾਬ ਮੇਲ USA






ਭਾਰਤ ਦੇ ਪ੍ਰਧਾਨ ਮੰਤਰੀ ਦੀ ਪਹਿਲੀ ਫਰਵਰੀ 2027 ਨੂੰ ਜ਼ਿਲ੍ਹਾ ਹੁਸ਼ਿਆਰਪੁਰ ਦੇ ਡੇਰੇ ਸੱਚਖੰਡ ਬਲਾਂ ਵਿਖੇ ਕੀਤੀ ਫੇਰੀ ਨੇ ਪੰਜਾਬ ਦੀ ਸਿਆਸਤ ਵਿਚ ਤਹਿਲਕਾ ਮਚਾ ਕੇ ਰੱਖ ਦਿੱਤਾ ਹੈ। ਸ਼੍ਰੀ ਨਰਿੰਦਰ ਮੋਦੀ ਦੀ ਇਸ ਫੇਰੀ ਨੇ ਵੱਖ-ਵੱਖ ਖੇਤਰਾਂ ਵਿਚ ਵੱਡੀ ਚਰਚਾ ਛੇੜ ਦਿੱਤੀ ਹੈ। ਪ੍ਰੈੱਸ ਦੇ ਕੁਝ ਖੇਤਰ ਵਿਚ ਇਹ ਚਰਚਾ ਹੈ ਕਿ ਡੇਰਾ ਸੱਚਖੰਡ ਬਲਾਂ ਦੇ ਡੇਰੇ ਦੇ ਮੁਖੀ ਸ਼੍ਰੀ ਨਰਿੰਜਨ ਦਾਸ ਨੂੰ "ਪਦਮ ਸ਼੍ਰੀ" ਦੀ ਡਿਗਰੀ ਪ੍ਰਦਾਨ ਕਰਨੀ ਨੂੰ "ਪਦਮ ਸ਼੍ਰੀ ਲਓ ਤੇ ਵੋਟ ਦਿਓ" ਦਾ ਨਾਂ ਵੀ ਦਿੱਤਾ ਹੈ। ਕੁਝ ਪ੍ਰੈੱਸ ਵਾਲਿਆਂ ਨੇ ਇਸ ਗੱਲ ਦਾ ਸੰਕੇਤ ਦਿੱਤਾ ਹੈ ਕਿ ਸ. ਸੁਖਬੀਰ ਸਿੰਘ ਬਾਦਲ ਵਲੋਂ ਖੁਸ਼ੀ ਦਾ ਪ੍ਰਗਟਾਵਾ ਕਰਨਾ ਕਿ ਪ੍ਰਧਾਨ ਮੰਤਰੀ ਸਾਹਿਬ ਦਾ ਪੰਜਾਬ ਆਉਣਾ ਬੜੀ ਖੁਸ਼ੀ ਦੀ ਗੱਲ ਹੈ, ਜ਼ਾਹਿਰ ਕਰ ਰਿਹਾ ਹੈ ਕਿ 2027 ਵਿਚ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਤੇ ਅਕਾਲੀਆਂ ਦਾ ਸਮਝੌਤਾ ਹੋਣਾ ਵੀ ਇਕ ਤਰ੍ਹਾਂ ਤਹਿ ਹੈ। ਉਨ੍ਹਾਂ ਵਲੋਂ ਪਿਛਲੇ ਸਮੇਂ ਵਿਚ ਸ. ਸੁਖਬੀਰ ਸਿੰਘ ਬਾਦਲ ਵਲੋਂ ਭਾਜਪਾ ਨੂੰ ਭੰਡਣਾ ਵੀ ਇਕ ਡਰਾਮਾ ਹੀ ਸਮਝਿਆ ਜਾ ਰਿਹਾ ਹੈ। ਪੰਜਾਬ ਦੇ ਲੋਕਾਂ ਦਾ ਮੂੰਹੋਂ-ਮੂੰਹੀ ਇਹ ਕਹਿਣਾ ਕਿ ਸ. ਸੂਖਬੀਰ ਸਿੰਘ ਬਾਦਲ ਦਾ ਅਕਾਲੀ ਦਲ ਤਾਂ ਅੰਦਰਖਾਤੇ ਪਹਿਲਾਂ ਤੋਂ ਹੀ ਭਾਜਪਾ ਨਾਲ ਰਲਿਆ-ਮਿਲਿਆ ਹੋਇਆ ਹੈ, ਇੰਨ-ਬਿਨ ਸੱਚ ਪ੍ਰਤੀਤ ਹੋਣ ਲੱਗ ਪਿਆ ਹੈ। ਪੰਜਾਬ ਦੀ ਪ੍ਰੈੱਸ ਵਿਚ ਵੀ ਇਹ ਚਰਚਾ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਵਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 649 ਦਿਹਾੜ੍ਹੇ 'ਤੇ ਆਉਣਾ, ਜਦੋਂਕਿ ਇਹ ਕੋਈ ਨਾ ਤਾਂ ਉਨ੍ਹਾਂ ਦੇ ਜਨਮ ਦੀ ਕੋਈ ਸਦੀ ਦਾ ਵਿਸ਼ੇਸ਼ ਸਮਾਗਮ ਸੀ, ਨਾ ਹੀ ਅਰਧ ਸਦੀ ਦਾ! ਫਿਰ ਇਸੇ ਸਮੇਂ ਉਨ੍ਹਾਂ ਦੇ ਪੰਜਾਬ ਵਿਚ ਆਉਣ ਦਾ ਮਤਲਬ ਸਪੱਸ਼ਟ ਹੀ ਹੈ। ਪੰਜਾਬ ਦੇ ਲੋਕ ਇਹ ਤਾਂ ਵੀ ਚਰਚਾ ਕਰਨ ਲੱਗ ਪਏ ਹਨ ਕਿ ਜਦੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ 350ਵੀਂ ਸ਼ਹੀਦੀ ਸ਼ਤਾਬਦੀ ਮਨਾਈ ਜਾ ਰਹੀ ਸੀ, ਉਸ ਵੇਲੇ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਹਰਿਆਣੇ ਵਿਚ ਮਨਾਏ ਜਾ ਰਹੇ ਸਮਾਗਮ ਵਿਚ ਸ਼ਾਮਲ ਹੋ ਕੇ ਵਾਪਸ ਦਿੱਲੀ ਮੁੜ੍ਹ ਗਏ ਸਨ। ਉਨਾਂ ਨੂੰ ਉਸ ਸਮੇਂ ਨਾ ਤਾਂ ਪੰਜਾਬ ਚੇਤੇ ਆਇਆ ਤੇ ਨਾ ਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਮਨਾਈ ਜਾ ਰਹੀ 350ਵੀਂ ਸ਼ਤਾਬਦੀ! ਜਦੋਂਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਬਾਰੇ ਇਹ ਕਹਿੰਦੇ ਨਹੀਂ ਥਕਦੇ ਕਿ ਇਹ ਹਿੰਦ ਦੀ ਚਾਦਰ ਹੀ ਸਨ। ਜੇਕਰ ਸਿੱਖਾਂ ਦੇ ਨੌਂਵੇਂ ਗੁਰੂ ਸ੍ਰੀ ਗੁਰੂ ਬਹਾਦਰ ਸਾਹਿਬ ਦਿੱਲੀ ਦੇ ਚਾਂਦਨੀ ਚੌਂਕ ਵਿਚ ਆਪਣੀ ਸ਼ਹਾਦਤ ਨਾ ਦਿੰਦੇ, ਤਾਂ ਅੱਜ ਹਿੰਦੂ ਧਰਮ ਨਹੀਂ ਸੀ ਹੋਣਾ। ਪੰਜਾਬ ਦੇ ਲੋਕ ਇਹ ਵੀ ਜਾਣ ਗਏ ਹਨ ਕਿ ਜਦੋਂ ਪੰਜਾਬ ਦੇ ਮੁੱਖ ਮੰਤਰੀ ਨੇ ਆਦਮਪੁਰ ਹਵਾਈ ਅੱਡੇ ਦਾ ਨਾਂ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਂ 'ਤੇ ਰੱਖੇ ਜਾਣ ਦੀ ਪ੍ਰਧਾਨ ਮੰਤਰੀ ਕੋਲੋਂ ਮੰਗ ਕੀਤੀ, ਉਸ ਵੇਲੇ ਪੰਜਾਬ ਦੀ ਭਾਰਤੀ ਜਨਤਾ ਪਾਰਟੀ ਦੇ ਲੀਡਰ ਭੜਕ ਗਏ ਕਿ ਇਸ ਦਾ ਐਲਾਨ ਤਾਂ ਪਹਿਲਾਂ ਹੀ ਪ੍ਰਧਾਨ ਮੰਤਰੀ ਜੀ ਵਲੋਂ ਕੀਤਾ ਜਾ ਚੁੱਕਾ ਹੈ, ਤਾਂ ਕਿ ਇਸ ਦਾ ਰਾਜਨੀਤਿਕ ਲਾਹਾ ਆਉਣ ਵਾਲੀਆਂ ਚੋਣਾਂ ਵਿਚ ਭਾਜਪਾ ਦੀ ਥਾਂ 'ਤੇ ਆਮ ਆਦਮੀ ਪਾਰਟੀ ਵਾਲੇ ਹੀ ਨਾ ਲੈ ਜਾਣ। ਪੰਜਾਬ ਦੇ ਕੁਝ ਸੁਚੇਤ ਲੋਕਾਂ ਨੇ ਪ੍ਰਧਾਨ ਮੰਤਰੀ ਅੱਗੇ ਮੰਗ ਕਰ ਲਈ ਕਿ ਉਹ ਪੰਜਾਬ ਸਿਰ ਚੜ੍ਹਿਆ ਕਰਜ਼ਾ ਮੁਆਫ ਕਰ ਜਾਣ। ਪੰਜਾਬ ਦੇ ਲੋਕਾਂ ਦਾ ਕਹਿਣਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਨੂੰ ਪ੍ਰਧਾਨ ਮੰਤਰੀ ਦੀ ਫੇਰੀ ਸਮੇਂ ਪੰਜਾਬ ਦੇ ਕਈ ਦਹਾਕਿਆਂ ਤੋਂ ਲਟਕ ਰਹੇ ਮਸਲਿਆਂ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦੇਣ, ਬੰਦੀ ਸਿੰਘ ਰਿਹਾਅ ਕਰਨ, ਪੰਜਾਬ ਦੇ ਪਾਣੀਆਂ, ਡੈਮਾਂ ਨੂੰ ਪੰਜਾਬ ਦੇ ਹਵਾਲੇ ਕਰਨ ਦੀ ਮੰਗ ਕਰਨੀ ਚਾਹੀਦੀ ਸੀ। ਭਾਰਤ ਦੇ ਪ੍ਰਧਾਨ ਮੰਤਰੀ ਨੇ ਆਦਮਪੁਰ ਹਵਾਈ ਅੱਡੇ ਦਾ ਨਾਂ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਂ 'ਤੇ ਰੱਖਣ ਦੇ ਨਾਲ ਹਲਵਾਰੇ ਦੇ ਹਵਾਈ ਅੱਡੇ ਦੇ ਦਰਜੇ ਨੂੰ ਵਧਾਇਆ ਜਾਵੇਗਾ। ਜਿਸ ਤਹਿਤ ਇਨ੍ਹਾਂ ਦੋਹਾਂ ਅੱਡਿਆਂ ਤੋਂ ਦਿੱਲੀ ਲਈ ਹਵਾਈ ਉਡਾਣਾਂ ਜਿਵੇਂ ਚੰਡੀਗੜ੍ਹ ਹਵਾਈ ਅੱਡੇ ਤੋਂ ਜਾਂਦੀਆਂ ਹਨ। ਜੇਕਰ ਕਿਸੇ ਨੇ ਅਮਰੀਕਾ, ਕੈਨੇਡਾ, ਆਸਟ੍ਰੇਲੀਆ ਜਾਂ ਹੋਰ ਕਿਧਰੇ ਵਿਦੇਸ਼ ਵਿਚ ਜਾਣਾ ਹੈ, ਉਨ੍ਹਾਂ ਨੂੰ ਇਹੋ ਜਿਹੀਆਂ ਦਿੱਲੀ ਦੀਆਂ ਉਡਾਣਾਂ ਦਾ ਕੋਈ ਲਾਭ ਨਹੀਂ ਹੋਵੇਗਾ ਕਿਉਂਕਿ ਵਿਦੇਸ਼ ਜਾਣ ਵਾਲੇ ਪਹਿਲਾਂ ਆਪਣਾ ਸਮਾਨ ਇਥੇ ਜਮਾ ਕਰਾਉਂਦੇ ਹਨ ਅਤੇ ਉਹ ਵੀ ਵਿਦੇਸ਼ੀ ਉਡਾਣਾਂ ਤੋਂ ਲਗਭਗ ਅੱਧਾ। ਫਿਰ ਉਹ ਦਿੱਲੀ ਤੋਂ ਆਪਣਾ ਸਮਾਨ ਵਾਪਸ ਲੈ ਕੇ ਵਿਦੇਸ਼ਾਂ ਵਿਚ ਜਿਥੇ ਜਾਣਾ ਹੈ, ਉਥੇ ਕਾਊਂਟਰਾਂ 'ਤੇ ਸਮਾਨ ਫਿਰ ਜਮਾ ਕਰਾਉਣ ਦੀ ਖੱਜਲ-ਖੁਆਰੀ ਕਰਦੇ ਹਨ। ਹਵਾਈ ਸਫਰ ਦਾ ਖਰਚ ਵੀ ਵੱਧ ਭਰਨ 'ਤੇ ਅੱਗੋਂ ਸਮਾਨ ਲੈਣ ਤੇ ਫਿਰ ਜਮਾ ਕਰਾਉਣ ਦੀ ਹੋਰ ਖੱਜਲ-ਖੁਆਰੀ ਵੀ ਸਹਿਣ। ਵਿਦੇਸ਼ਾਂ ਵਿਚ ਜਾਣ ਵਾਲਿਆਂ ਨੂੰ ਇਸ ਸਹੂਲਤ ਦਾ ਕੋਈ ਲਾਭ ਨਹੀਂ ਹੋਣਾ। ਇਸੇ ਕਰਕੇ ਵਿਦੇਸ਼ਾਂ ਵਿਚ ਜਾਣ ਵਾਲੇ ਟੈਕਸੀਆਂ ਰਾਹੀਂ ਘੱਟ ਖਰਚਾ ਕਰਕੇ ਦਿੱਲੀ ਜਾਂਦੇ ਹਨ। ਪ੍ਰਧਾਨ ਮੰਤਰੀ ਨੂੰ ਚਾਹੀਦਾ, ਤਾਂ ਇਹ ਸੀ ਕਿ ਉਹ ਇਹ ਐਲਾਨ ਵੀ ਕਰਦੇ ਕਿ ਵਿਦੇਸ਼ਾਂ ਵਿਚ ਜਾਣ ਵਾਲਿਆਂ ਦਾ ਇਕੋ ਥਾਂ ਪੰਜਾਬ ਦੇ ਹਵਾਈ ਅੱਡਿਆਂ ਵਿਖੇ ਜਿਥੋਂ ਉਹ ਜਹਾਜ਼ 'ਤੇ ਚੜ੍ਹਣਗੇ, ਉਸੇ ਇਕੋ ਥਾਂ 'ਤੇ ਸਮਾਨ ਜਮਾ ਹੋਵੇਗਾ ਤੇ ਉਹ ਵੀ ਵਿਦੇਸ਼ੀ ਸਹੂਲਤਾਂ ਦੇ ਮੁਤਾਬਿਕ। ਅਗਲੇ ਜਹਾਜ਼ਾਂ ਵਿਚ ਸਮਾਨ ਜਮਾ ਕਰਾਉਣ ਦੀ ਜ਼ਿੰਮੇਵਾਰੀ ਉਸੇ ਪਹਿਲੇ ਜਹਾਜ਼ ਵਾਲਿਆਂ ਦੇ ਪ੍ਰਬੰਧਕਾਂ ਦੀ ਹੋਵੇਗੀ। ਇਸ ਤਰ੍ਹਾਂ ਕਰਨ ਨਾਲ ਇਨ੍ਹਾਂ ਹਵਾਈ ਅੱਡਿਆਂ ਦਾ ਦਰਜਾ ਵਧਾਉਣ ਦਾ ਲਾਭ ਪੰਜਾਬ ਦੇ ਲੋਕਾਂ ਨੂੰ ਹੋਣਾ ਸੀ, ਜੋ ਨਹੀਂ ਹੋਇਆ, ਹਵਾਈ ਅੱਡਿਆਂ ਦੇ ਦਰਜਾ ਵਧਾਉਣ ਦਾ ਐਲਾਨ ਸਿਰਫ ਨਾਂ ਦਾ ਐਲਾਨ ਬਣ ਕੇ ਰਹਿ ਜਾਵੇਗਾ। ਕੁਝ ਪ੍ਰੈੱਸ ਵਾਲਿਆਂ ਨੇ ਤਾਂ ਪ੍ਰਧਾਨ ਮੰਤਰੀ ਦੀ ਇਸ ਫੇਰੀ ਦੇ ਨਾਂ ਨੂੰ "ਡੇਰਿਆਂ ਦੇ ਗੇੜ੍ਹੇ ਸ਼ਰਧਾ ਜਾਂ ਸਿਆਸਤ!! ਵੀ ਕਿਹਾ ਹੈ। ਇਸ ਗੱਲ ਵਿਚ ਰੱਤੀ ਭਰ ਵੀ ਝੂਠ ਨਹੀਂ ਲੱਗਦਾ ਕਿ ਪ੍ਰਧਾਨ ਮੰਤਰੀ ਜੀ ਦਾ ਸੰਤ ਸ੍ਰੀ ਨਰਿੰਜਣ ਦਾਸ ਨੂੰ "ਪਦਮ ਸ੍ਰੀ" ਦੀ ਡਿਗਰੀ ਦੇਣਾ ਤੇ ਫਿਰ ਕਿਸੇ ਖਾਸ ਸਮਾਗਮ ਦੀ ਥਾਂ 'ਤੇ ਭਗਤ ਰਵੀਦਾਸ ਜੀ ਦੇ ਜਨਮ ਦਿਵਸ 'ਤੇ ਸੱਚਖੰਡ ਬਲਾਂ ਆਉਣਾ ਪਿੱਛੇ ਸਿਆਸਤ ਲੁੱਕੀ ਹੋਈ ਹੈ, ਉਹ ਰਵੀਦਾਸੀਆਂ ਤੇ ਹੋਰ ਜਿਨ੍ਹਾਂ ਨੂੰ ਮਨੂ ਸਿਮਰਤੀ ਰਾਹੀਂ ਛੋਟੀਆਂ ਜਾਤਾਂ ਵਾਲੇ ਕਹਿ ਕੇ ਉਨ੍ਹਾਂ ਨਾਲ ਨਫਰਤ ਕਰਦੇ ਆ ਰਹੇ ਹਨ, ਉਨ੍ਹਾਂ ਦੀਆਂ ਵੋਟਾਂ ਹਾਸਲ ਕਰਕੇ ਪੰਜਾਬ ਵਿਚ ਆਪਣਾ ਰਾਜ ਭਾਗ ਸਥਾਪਤ ਕਰਨਾ ਹੈ। ਇਹ ਠੀਕ ਹੈ ਕਿ ਪੰਜਾਬ ਦੇ ਦੁਆਬੇ ਇਲਾਕੇ ਵਿਚ ਜਿਨ੍ਹਾਂ ਨੂੰ ਭਾਜਪਾ ਵਾਲੇ ਛੋਟੀਆਂ ਜਾਤਾਂ ਵਾਲੇ ਕਹਿੰਦੀ ਹੈ, ਉਨ੍ਹਾਂ ਦੀ ਗਿਣਤੀ ਇਸ ਏਰੀਏ ਵਿਚ 35-36% ਹੈ। ਪਰ ਇਹ ਇਕੱਠੇ ਨਹੀਂ ਹਨ ਕਿਉਂਕਿ ਇਹ ਵੀ ਅੱਗੋਂ ਕਈ ਹਿੱਸਿਆਂ ਵਿਚ ਵੰਡੇ ਹੋਏ ਹਨ। ਕੁਝ ਚਿੰਤਕਾ ਦਾ ਕਹਿਣਾ ਹੈ ਕਿ ਮੋਦੀ ਸਾਹਿਬ ਨੂੰ ਹੁਣ ਬੜਾ ਇਨ੍ਹਾਂ ਨਾਲ ਹੇਜ ਜਾਗ ਪਿਆ ਹੈ, ਜਦੋਂਕਿ ਭਾਜਪਾ ਨੂੰ ਆਪਣੀ ਪੀੜ੍ਹੀ ਹੇਠ ਸੋਟਾ ਮਾਰਨਾ ਚਾਹੀਦਾ ਹੈ ਕਿ ਇਸੇ ਭਾਜਪਾ ਦੇ ਰਾਜ ਵਿਚ ਜਦੋਂ ਕਿ ਦੇਸ਼ ਦੀ ਮੌਜੂਦਾ ਰਾਸ਼ਟਰਪਤੀ ਮੈਡਮ ਦਰੋਪਦੀ ਮੁਰਮੂ ਜੋ ਕਿ ਛੋਟੀ ਜਾਤ ਨਾਲ ਸਬੰਧਤ ਹਨ, ਉਨਾਂ ਨੂੰ ਭਾਰਤ ਦੇ ਇਕ ਮੰਦਰ ਵਿਚ ਇਸ ਕਰਕੇ ਮੱਥਾ ਟੇਕਣ ਨਹੀਂ ਜਾਣ ਦਿੱਤਾ ਗਿਆ ਕਿ ਉਹ ਛੋਟੀ ਜਾਤ ਨਾਲ ਸਬੰਧਤ ਹਨ। ਇਹ ਸਿਰਫ ਇਨ੍ਹਾਂ ਨਾਲ ਹੀ ਨਹੀਂ ਹੋਇਆ, ਬਲਕਿ ਕਈ ਹੋਰਨਾਂ ਨਾਲ ਵੀ ਭਾਜਪਾ ਵਾਲੇ ਕਰ ਚੁੱਕੇ ਹਨ। ਇਨ੍ਹਾਂ ਦੀ ਨੀਅਤ ਸਿਰਫ ਵੋਟਾਂ ਹਥਿਆਉਣ ਤੱਕ ਹੀ ਹੈ। ਉਂਝ ਇਨ੍ਹਾਂ ਦੇ ਮਨ ਵਿਚ ਸਿਖਰਾਂ ਦੀ ਨਫਰਤ ਲੁੱਕੀ ਹੋਈ ਹੈ। ਵੈਸੇ ਤਾਂ ਭਾਜਪਾ ਵਾਲੇ ਪਹਿਲਾਂ ਵੀ ਪੰਜਾਬ ਦੇ ਲੋਕਾਂ ਦੀ ਸਾਈਕੀ ਨੂੰ ਸਮਝ ਚੁੱਕੇ ਹਨ, ਜਿਹੜੇ ਵੀ ਲੀਡਰ ਹੋਰ ਆਪਣੀਆਂ ਰਾਜਨੀਤਿਕ ਪਾਰਟੀਆਂ ਨੂੰ ਛੱਡ ਕੇ ਭਾਜਪਾ ਵਲੋਂ ਚੋਣ ਲੜਦੇ ਰਹੇ ਹਨ ਜਾਂ ਤਾਂ ਉਨ੍ਹਾਂ ਦੀਆਂ ਜ਼ਮਾਨਤਾਂ ਜਬਤ ਹੋਈਆਂ ਹਨ ਜਾਂ ਫਿਰ ਹਾਰੇ ਹਨ। ਇਸ ਵਿਚ ਮੋਟੇ ਤੌਰ 'ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸਾਬਕਾ ਖਜ਼ਾਨਾ ਮੰਤਰੀ ਸ. ਮਨਪ੍ਰੀਤ ਸਿੰਘ ਬਾਦਲ, ਸ. ਰਵਨੀਤ ਸਿੰਘ ਬਿੱਟੂ ਆਦਿ ਉਦਾਹਰਣ ਦੇਣ ਨੂੰ ਬਥੇਰੇ ਹਨ। ਭਾਜਪਾ ਦੀ ਪਾਲਿਸੀ ਨੂੰ ਕੌਣ ਨਹੀਂ ਜਾਣਦਾ ਕਿ ਇਹ ਛੋਟੀਆਂ ਜਾਤਾਂ ਵਾਲਿਆਂ ਨਾਲ ਨਫਰਤ ਕਰਦੇ ਹਨ "ਮੰਨੂ ਸਿਮਰਤੀ" 'ਤੇ ਖੜ੍ਹੇ ਹਨ। ਇਨ੍ਹਾਂ ਦੇ ਰਾਜ ਭਾਗ ਵਿਚ ਕਈ ਉੱਚ ਅਫਸਰਾਂ ਜਾਂ ਉਚੇਰੀ ਪੜ੍ਹਾਈ ਕਰਨ ਵਾਲਿਆਂ ਨੂੰ ਮਜਬੂਰ ਹੋ ਕੇ ਆਤਮ ਹੱਤਿਆਵਾਂ ਵੀ ਕਰਨੀਆਂ ਪਈਆਂ ਹਨ। ਅੱਜ ਇਸ ਵਰਗ ਦੇ ਲੋਕ ਉੱਚ ਪੜ੍ਹਾਈ ਕਰਨ ਦੇ ਨਾਲ ਹਰ ਗੱਲ ਨੂੰ ਪਰਖਦੇ ਵੀ ਹਨ। ਉਹ ਪ੍ਰਧਾਨ ਮੰਤਰੀ ਦੀਆਂ ਮੋਮੋਠੱਗਣੀਆਂ ਚਾਲਾਂ ਵਿਚ ਆਉਣ ਵਾਲੇ ਨਹੀਂ। ਸਮੂਹ ਪੰਜਾਬੀਆਂ ਦੇ ਲੋਕਾਂ ਨੂੰ ਸਭ ਤਰ੍ਹਾਂ ਦੇ ਵਿਤਕਰੇ ਛੱਡ ਕੇ 2027 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਉਨ੍ਹਾਂ ਆਗੂਆਂ ਨੂੰ ਅੱਗੇ ਲਿਆਉਣਾ ਚਾਹੀਦਾ ਹੈ, ਜੋ ਹਕੀਕਤ ਵਿਚ ਕੁਰਬਾਨੀ ਕਰਨ ਵਾਲੇ ਤੇ ਦਿਆਨਤਦਾਰ ਹੋਣ। ਪਿਛਲੇ ਸਮੇਂ ਵਿਚ ਪੰਜਾਬ ਨੂੰ ਬਹੁਤੇ ਕਰਕੇ ਲੀਡਰ ਉਹ ਹੀ ਮਿਲੇ ਹਨ, ਜਿਹੜੇ ਗਿਰਝਾਂ ਬਣ ਕੇ ਪੰਜਾਬ ਨੂੰ ਚੂੰਡਦੇ ਰਹੇ ਹਨ ਤੇ ਆਪਣੇ ਵਿਉਪਾਰਾਂ ਨੂੰ ਚਮਕਾ ਕੇ ਘਰਾਂ ਨੂੰ ਭਰਦੇ ਰਹੇ ਹਨ। ਅੱਜ ਜੇ ਲੋੜ ਤਾਂ ਪੰਜਾਬ ਵਿਚ ਉਸ ਪ੍ਰਕਾਰ ਦੀ ਲੀਡਰਸ਼ਿਪ ਨੂੰ ਸਥਾਪਤ ਕਰਨ ਦੀ ਹੈ, ਜਿਹੜੀ ਰਾਜਨੀਤਿਕ ਵਖਰੇਵਿਆਂ ਤੇ ਜਾਤਾਂ-ਪਾਤਾਂ ਤੋਂ ਉੱਚੇ ਉੱਠ ਕੇ ਪੰਜਾਬ ਨੂੰ ਹਕੀਕੀ ਤੌਰ 'ਤੇ ਬਚਾਉਣ ਦੇ ਸਮਰੱਥ ਹੋਵੇ। ਇਸ ਵਿਚ ਸਮੂਹ ਪੰਜਾਬੀਆਂ ਤੇ ਪੰਜਾਬ ਦਾ ਭਲਾ ਹੋਵੇਗਾ।

**ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਵਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 649 ਦਿਹਾੜ੍ਹੇ 'ਤੇ ਆਉਣਾ, ਜਦੋਂਕਿ ਇਹ ਕੋਈ ਨਾ ਤਾਂ ਉਨ੍ਹਾਂ ਦੇ ਜਨਮ ਦੀ ਕੋਈ ਸਦੀ ਦਾ ਵਿਸ਼ੇਸ਼ ਸਮਾਗਮ ਸੀ, ਨਾ ਹੀ ਅਰਧ ਸਦੀ ਦਾ! ਫਿਰ ਇਸੇ ਸਮੇਂ ਉਨ੍ਹਾਂ ਦੇ ਪੰਜਾਬ ਵਿਚ ਆਉਣ ਦਾ ਮਤਲਬ ਸਪੱਸ਼ਟ ਹੀ ਹੈ। ਪੰਜਾਬ ਦੇ ਲੋਕ ਇਹ ਤਾਂ ਵੀ ਚਰਚਾ ਕਰਨ ਲੱਗ ਪਏ ਹਨ ਕਿ ਜਦੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ 350ਵੀਂ ਸ਼ਹੀਦੀ ਸ਼ਤਾਬਦੀ ਮਨਾਈ ਜਾ ਰਹੀ ਸੀ, ਉਸ ਵੇਲੇ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਹਰਿਆਣੇ ਵਿਚ ਮਨਾਏ ਜਾ ਰਹੇ ਸਮਾਗਮ ਵਿਚ ਸ਼ਾਮਲ ਹੋ ਕੇ ਵਾਪਸ ਦਿੱਲੀ ਮੁੜ੍ਹ ਗਏ ਸਨ। ਉਨਾਂ ਨੂੰ ਉਸ ਸਮੇਂ ਨਾ ਤਾਂ ਪੰਜਾਬ ਚੇਤੇ ਆਇਆ ਤੇ ਨਾ ਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਮਨਾਈ ਜਾ ਰਹੀ 350ਵੀਂ ਸ਼ਤਾਬਦੀ!**

# ਤੂੰਬੇ, ਅਲਗੋਜ਼ੇ ਅਤੇ ਵਿਰਾਸਤੀ ਗਾਇਕੀ ਦਾ ਸੁਮੇਲ – ਮੰਡੇਰ ਬ੍ਰਦਰਜ਼

ਬਲਦੇਵ ਸਿੰਘ ਬੇਦੀ
ਜਲੰਧਰ
ਪੰਜਾਬ ਮੇਲ USA



ਪੰਜਾਬੀ ਲੋਕ-ਸੰਗੀਤ ਆਪਣੀ ਲੰਮੀ, ਗੌਰਵਮਈ ਅਤੇ ਸੰਘਰਸ਼ਮਈ ਪ੍ਰੰਪਰਾ ਕਰਕੇ ਸਦੀਆਂ ਤੋਂ ਦੁਨੀਆਂ ਭਰ ਵਿਚ ਆਪਣੀ ਵਿਲੱਖਣ ਪਛਾਣ ਬਣਾਉਂਦਾ ਆ ਰਿਹਾ ਹੈ। ਇਹ ਸੰਗੀਤ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ, ਸਗੋਂ ਪੰਜਾਬੀ ਲੋਕ-ਜੀਵਨ, ਇਤਿਹਾਸਕ ਯਾਦਾਂ, ਸੰਵੇਦਨਾਵਾਂ ਅਤੇ ਸੰਸਕਾਰਾਂ ਦਾ ਜੀਵੰਤ ਦਰਪਣ ਹੈ। ਪਰ ਪਿਛਲੇ ਕੁਝ ਵਰ੍ਹਿਆਂ ਦੌਰਾਨ ਜਦੋਂ ਸ਼ੋਰ-ਸ਼ਰਾਬੇ, ਅਸ਼ਲੀਲ ਬੋਲਾਂ ਅਤੇ ਬਣਾਉਟੀ ਚਮਕ-ਧਮਕ ਨੇ ਗਾਇਕੀ ਦੇ ਮੰਚਾਂ 'ਤੇ ਕਬਜ਼ਾ ਕੀਤਾ, ਤਾਂ ਲੋਕ-ਸੰਗੀਤ ਦੇ ਅਸਲੀ ਰੂਪ ਲਈ ਗੰਭੀਰ ਚਿੰਤਾ ਪੈਦਾ ਹੋਣੀ ਸੁਭਾਵਿਕ ਸੀ।

ਇਹੋ ਜਿਹੇ ਹਾਲਾਤਾਂ ਵਿਚ ਕੁਝ ਸੰਵੇਦਨਸ਼ੀਲ, ਜ਼ਿੰਮੇਵਾਰ ਅਤੇ ਸੱਭਿਆਚਾਰਕ ਚੇਤਨਾ ਨਾਲ ਭਰਪੂਰ ਨੌਜਵਾਨਾਂ ਵੱਲੋਂ ਲੋਕ-ਵਿਰਾਸਤ ਨੂੰ ਮੁੜ ਜਗਾਉਣ ਦੀ ਕੋਸ਼ਿਸ਼ ਇੱਕ ਸੁਖੰਦ ਸੰਕੇਤ ਵਜੋਂ ਸਾਹਮਣੇ ਆਈ ਹੈ। ਇਨ੍ਹਾਂ ਵਿਚ ਲੁਧਿਆਣਾ ਜ਼ਿਲ੍ਹੇ ਦੇ ਇਤਿਹਾਸਕ ਅਤੇ ਪ੍ਰਸਿੱਧ ਮੇਲੇ ਨਾਲ ਜਾਣੇ ਜਾਂਦੇ ਪਿੰਡ ਜਰਗ ਨਾਲ ਸਬੰਧਤ ਮੰਡੇਰ ਬ੍ਰਦਰਜ਼ ਜਸਕੰਵਰ ਸਿੰਘ ਮੰਡੇਰ ਅਤੇ ਨਵਕੰਵਰ ਸਿੰਘ ਮੰਡੇਰ ਦਾ ਯੋਗਦਾਨ ਵਿਸ਼ੇਸ਼ ਤੌਰ 'ਤੇ ਸ਼ਲਾਘਾਯੋਗ ਹੈ।

ਹਾਲ ਹੀ ਵਿਚ ਰਿਲੀਜ਼ ਹੋਏ ਉਨ੍ਹਾਂ ਦੇ ਗੀਤ ਸਰੋਤਿਆਂ ਦੇ ਦਿਲਾਂ 'ਤੇ ਖੂਬ ਛਾ ਰਹੇ ਹਨ, ਜਿਨ੍ਹਾਂ ਦੇ ਬੋਲ ਪਰਿਵਾਰਕ ਗਾਇਕੀ ਅਤੇ ਲੋਕ-ਮਨ ਦੀਆਂ ਭਾਵਨਾਵਾਂ ਨੂੰ ਸਿੱਧਾ ਛੂਹ ਜਾਂਦੇ ਹਨ:—

ਮਾਂ ਸ਼ਗਨ ਮਨਾਏ ਸੀ,
ਪੀਤਾ ਵਾਰ ਕੇ ਸਿਰ ਤੋਂ ਪਾਣੀ..
ਤੂੰ ਮੇਰਾ ਰਾਜਾ ਸੋਹਣਿਆ ਵੇ,
ਬਣ ਗਈ ਮੈਂ ਤੇਰੀ ਹਾਂ ਰਾਣੀ..
ਅਤੇ
ਲੈ ਕੇ ਦੇ ਗਿਆ ਮੇਲੇ 'ਚੋਂ ਕਾਲੀ ਗਾਨੀ,
ਨੀ ਦਿਲ ਮਾਹੀ ਨਾਲ ਲੈ ਗਿਆ...

ਮੰਡੇਰ ਬ੍ਰਦਰਜ਼ ਦੀ ਗਾਇਕੀ ਸਿਰਫ਼ ਇਕ ਕਲਾਤਮਕ ਪ੍ਰਸਤੁਤੀ ਹੀ ਨਹੀਂ, ਸਗੋਂ ਲੋਕ-ਵਿਰਾਸਤ ਦੇ ਅਗਲੇ ਪੜਾਅ ਵੱਲ ਇੱਕ ਮਜ਼ਬੂਤ ਕਦਮ ਵੀ ਹੈ। ਉਨ੍ਹਾਂ ਦੇ ਦਾਦਾ, ਮਰਹੂਮ ਹਰਦੇਵ ਸਿੰਘ ਸਰਪੰਚ, ਖੁਦ ਲੋਕ-ਸੰਗੀਤ ਦੇ ਰਸੀਏ ਸਨ। ਇਹੀ ਵਿਰਾਸਤ ਉਨ੍ਹਾਂ ਦੇ ਪਿਤਾ ਨਵਜੋਤ ਸਿੰਘ ਮੰਡੇਰ ਤੱਕ ਪਹੁੰਚੀ, ਜੋ ਢਾਡੀ ਗਾਇਕੀ ਦੇ ਨਾਲ-ਨਾਲ ਸਾਰੰਗੀ ਦੇ ਨਿਪੁੰਨ ਵਾਦਕ ਹਨ ਅਤੇ ਪਿਛਲੇ ਤਿੰਨ ਦਹਾਕਿਆਂ ਤੋਂ ਉਹ ਵੱਖ-ਵੱਖ ਯੂਨੀਵਰਸਿਟੀਆਂ ਅਤੇ ਕਾਲਜਾਂ ਵਿਚ ਲੋਕ-ਸੰਗੀਤ ਅਤੇ ਲੋਕ-ਸਾਜ਼ਾਂ ਦੀ ਸਿੱਖਿਆ ਦੇ ਰਹੇ ਹਨ।

ਇਹ ਸਾਧਨਾ ਅਤੇ ਸੰਗੀਤਕ ਵਾਤਾਵਰਣ ਜਸਕੰਵਰ ਅਤੇ ਨਵਕੰਵਰ ਲਈ ਗੁੜ੍ਹਤੀ ਸਾਬਤ ਹੋਇਆ। ਦੋਵੇਂ ਭਰਾਵਾਂ ਨੇ ਆਪਣੀ ਮੁੱਢਲੀ ਸਿੱਖਿਆ ਪਿੰਡ ਜਰਗ ਤੋਂ ਬਾਰ੍ਹਵੀਂ ਤੱਕ ਪ੍ਰਾਪਤ ਕੀਤੀ ਅਤੇ ਸਕੂਲੀ ਜੀਵਨ ਤੋਂ ਹੀ ਸੱਭਿਆਚਾਰਕ ਮੰਚਾਂ 'ਤੇ ਆਪਣੀ ਮੌਜੂਦਗੀ ਦਰਜ ਕਰਵਾਉਣੀ ਸ਼ੁਰੂ ਕੀਤੀ। ਉਨ੍ਹਾਂ ਨੂੰ ਕਾਲਜ ਅਤੇ ਯੂਨੀਵਰਸਿਟੀ ਪੱਧਰ ਦੇ ਮੁਕਾਬਲਿਆਂ ਵਿਚ ਮਿਲੀਆਂ ਲਗਾਤਾਰ ਕਾਮਯਾਬੀਆਂ ਇਹ ਸਿੱਧ ਕਰਦੀਆਂ ਹਨ ਕਿ ਇਹ ਕਲਾ ਸਿਰਫ਼ ਸ਼ੌਕ ਨਹੀਂ, ਸਗੋਂ ਨਿਰੰਤਰ ਮਿਹਨਤ ਅਤੇ ਅਭਿਆਸ ਦਾ ਨਤੀਜਾ ਵੀ ਹੈ।

ਉੱਚ ਸਿੱਖਿਆ ਦੇ ਖੇਤਰ ਵਿਚ ਵੀ ਦੋਵੇਂ ਭਰਾ ਸੰਤੁਲਨ ਬਣਾਈ ਰੱਖਦੇ ਹੋਏ ਅੱਗੇ ਵਧ ਰਹੇ ਹਨ। ਜਸਕੰਵਰ ਬੀ.ਐੱਸ.ਸੀ. ਐਗਰੀਕਲਚਰ ਤੋਂ ਬਾਅਦ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਚ ਐਗਰੀ ਬਿਜ਼ਨਸ ਦੀ ਮਾਸਟਰ ਡਿਗਰੀ ਕਰ ਰਿਹਾ ਹੈ, ਜਦਕਿ ਨਵਕੰਵਰ ਗਣਿਤ ਅਤੇ ਕੰਪਿਊਟਰ ਸਾਇੰਸ ਵਿਚ ਬੀ.ਏ. ਫਾਈਨਲ ਦੀ ਪੜ੍ਹਾਈ ਕਰ ਰਿਹਾ ਹੈ।



ਜਸਕੰਵਰ ਸਿੰਘ ਮੰਡੇਰ ਅਤੇ ਨਵਕੰਵਰ ਸਿੰਘ ਮੰਡੇਰ



ਪਿਤਾ ਨਵਜੋਤ ਸਿੰਘ ਮੰਡੇਰ।

ਜਿੱਥੇ ਪਿਛਲੇ ਦੋ ਸਾਲਾਂ ਦੌਰਾਨ ਜਸਕੰਵਰ ਨੇ ਅੰਤਰ-ਯੂਨੀਵਰਸਿਟੀ ਪੱਧਰ 'ਤੇ ਕਵੀਸ਼ਰੀ ਅਤੇ ਵਾਰ ਗਾਇਨ ਵਿਚ ਇਨਾਮ ਹਾਸਲ ਕਰਕੇ ਆਪਣੀ ਕਲਾ ਦਾ ਲੋਹਾ ਮੰਨਵਾਇਆ ਹੈ, ਉੱਥੇ ਹੀ ਦੂਜੇ ਪਾਸੇ, ਨਵਕੰਵਰ ਨੇ ਕਲੀ ਗਾਇਨ, ਵਾਰ ਗਾਇਨ, ਕਵੀਸ਼ਰੀ, ਸ਼ਬਦ ਗਾਇਨ ਅਤੇ ਲੋਕ-ਸਾਜ਼ (ਖ਼ਾਸ ਕਰਕੇ ਦੋ-ਤਾਰਾ) ਵਾਦਨ ਵਿਚ ਲਗਾਤਾਰ ਕਾਮਯਾਬੀਆਂ ਦਰਜ ਕਰਵਾਈਆਂ। ਕਲੀ ਗਾਇਨ ਵਿਚ ਗੋਲਡ ਮੈਡਲ ਅਤੇ ਵਾਰ ਗਾਇਨ ਵਿਚ ਦੂਜੀ ਪੁਜ਼ੀਸ਼ਨ ਹਾਸਲ ਕਰਕੇ ਉਹ ਪੰਜਾਬ ਯੂਨੀਵਰਸਿਟੀ ਦਾ ਕਲਰ ਹੋਲਡਰ ਬਣਿਆ।

ਕੋਰੋਨਾ ਕਾਲ ਦੌਰਾਨ, ਜਦੋਂ ਸੱਭਿਆਚਾਰਕ ਮੰਚ ਸੁੰਨੇ ਪਏ ਸਨ, ਤਾਂ ਮੰਡੇਰ ਬ੍ਰਦਰਜ਼ ਵੱਲੋਂ ਤੂੰਬੇ ਨਾਲ ਗਾਇਆ ਗਿਆ ਇੱਕ ਗੀਤ ਸੋਸ਼ਲ ਮੀਡੀਆ ਰਾਹੀਂ ਸਾਹਮਣੇ ਆਇਆ, ਜਿਸਨੂੰ ਦਰਸ਼ਕਾਂ ਵੱਲੋਂ ਬੇਹੱਦ ਪਿਆਰ ਮਿਲਿਆ। ਕੈਨੇਡਾ ਵਸਦੇ ਨੌਜਵਾਨ ਰਾਗੀ ਕਰਨਵੀਰ ਕਲੇਰ ਵੱਲੋਂ ਮਿਲੀ ਹੌਂਸਲਾ ਅਫ਼ਜ਼ਾਈ ਨੇ ਉਨ੍ਹਾਂ ਦੇ ਵਿਸ਼ਵਾਸ ਨੂੰ ਹੋਰ ਵੀ ਮਜ਼ਬੂਤ ਕੀਤਾ।

ਆਪਣੇ ਪਿਤਾ ਨਵਜੋਤ ਸਿੰਘ ਮੰਡੇਰ ਤੋਂ ਇਲਾਵਾ ਹੋਰ ਵੀ ਮੰਨੇ-ਪ੍ਰਮੰਨੇ ਮਾਹਰਾਂ ਕੋਲੋਂ ਗਾਇਕੀ ਦੇ ਗੁਰ ਸਿੱਖ ਕੇ ਸਾਲ 2022 'ਚ ਮੰਡੇਰ ਬ੍ਰਦਰਜ਼ ਨੇ ਪੂਰੀ ਤਰ੍ਹਾਂ ਇਸ ਸਾਫ਼ ਸੁਥਰੀ ਅਤੇ ਸੱਭਿਆਚਾਰਕ ਗਾਇਕੀ ਨਾਲ ਜੁੜਕੇ ਆਪਣਾ ਪਹਿਲਾ ਗੀਤ ਦਰਸ਼ਕਾਂ ਦੇ ਸਨਮੁਖ ਕੀਤਾ, ਜਿਸ ਦੇ ਬੋਲ ਸਨ:-

ਬਾਪੂ ਹੁੰਦਿਆਂ ਭੀੜ ਨਾ ਪੈਂਦੀ ਪੁੱਤ ਨਦਾਨਾਂ 'ਤੇ,
ਹੁਸਨ ਜਵਾਨੀ ਮਾਪੇ ਮਿਲਦੇ ਨਾ ਦੁਕਾਨਾਂ 'ਤੇ...

ਜਿਸ ਗੀਤ ਨੂੰ ਲੋਕਾਂ ਵੱਲੋਂ ਬੇਹੱਦ ਪਿਆਰ ਤੇ ਭਰਵਾਂ ਹੁੰਗਾਰਾ ਮਿਲਿਆ।

ਮੰਡੇਰ ਭਰਾਵਾਂ ਦੇ ਇਸ ਜੱਥੇ ਵਿਚ ਜਸਕੰਵਰ ਦੀ ਅਗਵਾਈ ਹੇਠ ਨਵਕੰਵਰ ਤੂੰਬਾ ਵਜਾਉਂਦਾ ਹੈ ਅਤੇ ਨਾਲ ਹੀ ਅਲਗੋਜ਼ੇ ਤੇ ਢੱਡ ਰਾਹੀਂ ਹੋਰ ਨੌਜਵਾਨ ਸਾਥੀ ਮੰਚ ਨੂੰ ਸੁਰਾਂ ਨਾਲ ਭਰਦੇ ਹਨ। ਪਿਛਲੇ ਚਾਰ ਸਾਲਾਂ ਤੋਂ ਇਹ ਜੱਥਾ ਲਗਾਤਾਰ ਪੇਸ਼ਕਾਰੀਆਂ ਦੇ ਰਿਹਾ ਹੈ।

ਢਾਡੀ ਗਾਇਕੀ ਅਤੇ ਤੂੰਬੇ-ਅਲਗੋਜ਼ੇ ਦੀ ਗਾਇਕੀ ਨੂੰ ਇੱਕੋ ਮੰਚ 'ਤੇ ਸੁਚੱਜੇ ਢੰਗ ਨਾਲ ਪੇਸ਼ ਕਰਨਾ ਉਨ੍ਹਾਂ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ। ਲੁਧਿਆਣੇ ਦੇ ਸਾਰਸ ਮੇਲੇ ਵਰਗੇ ਵੱਡੇ ਮੰਚ 'ਤੇ, ਜਿੱਥੇ ਗੁਰਦਾਸ ਮਾਨ ਅਤੇ ਸਤਿੰਦਰ ਸਰਤਾਜ ਵਰਗੀਆਂ ਸ਼ਖ਼ਸੀਅਤਾਂ ਹਾਜ਼ਰ ਰਹੀਆਂ, ਉੱਥੇ ਮੰਡੇਰ ਭਰਾਵਾਂ ਦੀ ਇੱਕ ਘੰਟੇ ਦੀ ਲੋਕ-ਗਾਇਕੀ ਨੇ ਦਰਸ਼ਕਾਂ ਤੋਂ ਖੂਬ ਵਾਹ-ਵਾਹ ਖੱਟੀ।

ਮੰਡੇਰ ਭਰਾਵਾਂ ਦੀ ਗਾਇਕੀ ਪੰਜਾਬੀ ਲੋਕ ਵਿਰਾਸਤ ਦੀ ਸੁਗੰਧ ਨੂੰ ਅੱਜ ਦੀ ਪੀੜ੍ਹੀ ਤੱਕ ਪਹੁੰਚਾ ਰਹੀ ਹੈ। ਇਹੀ ਕਾਰਨ ਹੈ ਕਿ ਹਰ ਉਮਰ ਦੇ ਸਰੋਤੇ ਹੀ ਨਹੀਂ, ਸਗੋਂ ਫ਼ਿਲਮੀ ਹਸਤੀਆਂ, ਗਾਇਕ ਅਤੇ ਸਾਹਿਤਕਾਰ ਵੀ ਉਨ੍ਹਾਂ ਦੇ ਗਾਏ ਲੋਕ-ਸੰਗੀਤ ਦੇ ਮੁਰੀਦ ਬਣ ਰਹੇ ਹਨ।

ਨਿਸ਼ਚਿਤ ਹੀ ਮੰਡੇਰ ਭਰਾਵਾਂ ਦੀ ਇਹ ਕਾਮਯਾਬੀ ਹੋਰ ਲੋਕ ਢਾਡੀ ਅਤੇ ਤੂੰਬੇ-ਅਲਗੋਜ਼ੇ ਵਾਲੇ ਜੱਥਿਆਂ ਲਈ ਵੀ ਰਾਹ ਖੋਲ੍ਹ ਰਹੀ ਹੈ। ਪੰਜਾਬੀ ਲੋਕ-ਸੱਭਿਆਚਾਰ ਦਾ ਪੁਨਰ ਜਨਮ ਵੱਲ ਇਹ ਯਤਨ ਇੱਕ ਸ਼ੁਭ ਸੰਕੇਤ ਹੈ, ਜੋ ਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ ਦਾ ਸਰੋਤ ਬਣ ਰਿਹਾ ਹੈ।



ਵਿਰਾਸਤੀ ਗਾਇਕੀ ਨਾਲ ਮੰਡੇਰ ਬ੍ਰਦਰਜ਼

# ਵਿਸ਼ਵ ਕੈਂਸਰ ਦਿਵਸ - ਇੱਕ ਵਿਸ਼ਵਵਿਆਪੀ ਜਾਗਰੂਕਤਾ


ਸੰਦੀਪ ਕੁਮਾਰ
ਰੂਪਨਗਰ
70098-07121
ਪੰਜਾਬ ਮੇਲUSA







ਹਰ ਸਾਲ 4 ਫਰਵਰੀ ਨੂੰ ਪੂਰੀ ਦੁਨੀਆਂ ਵਿਚ ਵਿਸ਼ਵ ਕੈਂਸਰ ਦਿਵਸ ਮਨਾਇਆ ਜਾਂਦਾ ਹੈ। ਇਹ ਦਿਨ ਸਿਰਫ਼ ਇੱਕ ਤਾਰੀਖ ਨਹੀਂ, ਸਗੋਂ ਇੱਕ ਵਿਸ਼ਵਵਿਆਪੀ ਜਾਗਰੂਕਤਾ ਅਤੇ ਕਾਰਵਾਈ ਦਾ ਪ੍ਰਤੀਕ ਹੈ। ਇਸ ਦਿਨ ਦਾ ਮਕਸਦ ਕੈਂਸਰ ਬਾਰੇ ਲੋਕਾਂ ਵਿਚ ਸਹੀ ਜਾਣਕਾਰੀ ਫੈਲਾਉਣਾ, ਰੋਕਥਾਮ ਨੂੰ ਉਤਸ਼ਾਹਿਤ ਕਰਨਾ, ਸਮੇਂ ਸਿਰ ਜਾਂਚ ਅਤੇ ਇਲਾਜ ਨੂੰ ਸੰਭਵ ਬਣਾਉਣਾ ਅਤੇ ਉਨ੍ਹਾਂ ਲੋਕਾਂ ਨੂੰ ਸਹਿਯੋਗ ਦੇਣਾ ਹੈ, ਜੋ ਇਸ ਰੋਗ ਨਾਲ ਜੂਝ ਰਹੇ ਹਨ। ਯੂਨੀਅਨ ਫਾਰ ਇੰਟਰਨੈਸ਼ਨਲ ਕੈਂਸਰ ਕੰਟਰੋਲ ਵੱਲੋਂ ਚਲਾਈ ਜਾਂਦੀ ਇਹ ਮੁਹਿੰਮ ਹਰ ਸਾਲ ਲੱਖਾਂ ਲੋਕਾਂ ਨੂੰ ਜਿਸ ਵਿਚ ਡਾਕਟਰਾਂ, ਮਰੀਜ਼ਾਂ, ਪਰਿਵਾਰਾਂ, ਸਰਕਾਰਾਂ ਅਤੇ ਆਮ ਨਾਗਰਿਕਾਂ ਨੂੰ ਇੱਕ ਮੰਚ 'ਤੇ ਲਿਆਉਂਦੀ ਹੈ।

2025 ਤੋਂ 2027 ਤੱਕ ਚੱਲ ਰਹੀ ਤਿੰਨ ਸਾਲਾਂ ਦੀ ਮੁਹਿੰਮ ਦਾ ਥੀਮ ਹੈ "ਯੂਨਾਈਟਡ ਬਾਏ ਯੂਨੀਕ" ਜਿਸ ਦਾ ਪੰਜਾਬੀ ਵਿਚ ਅਰਥ ਬਣਦਾ ਹੈ "ਵਿਲੱਖਣਤਾ ਵਿਚ ਜੁੜੇ ਹੋਏ" ਜਾਂ "ਵਿਅਕਤੀਗਤ ਵਿਲੱਖਣਤਾ ਨਾਲ ਇੱਕਜੁਟ"। ਇਸ ਥੀਮ ਦਾ ਮੁੱਖ ਸੰਦੇਸ਼ ਬਹੁਤ ਸਾਫ਼ ਹੈ, ਹਰ ਕੈਂਸਰ ਮਰੀਜ਼ ਦੀ ਕਹਾਣੀ ਵੱਖਰੀ ਹੁੰਦੀ ਹੈ। ਉਸ ਦੀ ਉਮਰ, ਜੀਵਨ-ਸ਼ੈਲੀ, ਪਰਿਵਾਰਕ ਪਿਛੋਕੜ, ਆਰਥਿਕ ਹਾਲਤ, ਭਾਵਨਾਵਾਂ ਅਤੇ ਜ਼ਰੂਰਤਾਂ, ਸਭ ਕੁਝ ਵਿਲੱਖਣ ਹੁੰਦਾ ਹੈ। ਪਰ ਇਨ੍ਹਾਂ ਸਾਰੀਆਂ ਵਿਲੱਖਣਤਾਵਾਂ ਦੇ ਬਾਵਜੂਦ ਅਸੀਂ ਸਾਰੇ ਇੱਕ ਆਮ ਟੀਚੇ ਲਈ ਜੁੜੇ ਹਾਂ, ਕੈਂਸਰ ਨੂੰ ਹਰਾਉਣ ਲਈ, ਇਸ ਤੋਂ ਪੀੜਤ ਵਿਅਕਤੀਆਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਅਤੇ ਇੱਕ ਅਜਿਹੀ ਦੁਨੀਆਂ ਬਣਾਉਣ ਲਈ ਜਿੱਥੇ ਮਰੀਜ਼ ਨੂੰ ਸਿਰਫ਼ ਰੋਗ ਵਜੋਂ ਨਹੀਂ, ਸਗੋਂ ਇੱਕ ਪੂਰਨ ਵਿਅਕਤੀ ਵਜੋਂ ਵੇਖਿਆ ਜਾਵੇ, ਤਾਂ ਜੋ ਪੀੜਤ ਵੀ ਆਪਣੇ-ਆਪ ਨੂੰ ਸਮਾਜ ਦਾ ਹਿੱਸਾ ਮੰਨ ਸਕੇ।

ਪਿਛਲੇ ਸਾਲਾਂ ਵਿਚ ਕੈਂਸਰ ਦੇ ਇਲਾਜ ਵਿਚ ਬਹੁਤ ਤਰੱਕੀ ਹੋਈ ਹੈ। ਟਾਰਗੇਟਿਡ ਥੈਰੇਪੀ, ਇਮਿਊਨੋਥੈਰੇਪੀ, ਜੀਨ ਐਡਿਟਿੰਗ, ਰੋਬੋਟਿਕ ਸਰਜਰੀ ਅਤੇ ਪ੍ਰਿਸੀਜ਼ਨ ਮੈਡੀਸਨ ਵਰਗੀਆਂ ਤਕਨੀਕਾਂ ਨੇ ਬਹੁਤ ਸਾਰੇ ਕੈਂਸਰਾਂ ਨੂੰ ਬਿਲਕੁਲ ਠੀਕ ਕਰਨਾ ਜਾਂ ਲੰਬੇ ਸਮੇਂ ਤੱਕ ਕੰਟਰੋਲ 'ਚ ਰੱਖਣਾ ਸੰਭਵ ਬਣਾ ਦਿੱਤਾ ਹੈ। ਪਰ ਇਹ ਸਾਰੀਆਂ ਤਰੱਕੀਆਂ ਤਾਂ ਸਿਰਫ਼ ਉਨ੍ਹਾਂ ਤੱਕ ਪਹੁੰਚਦੀਆਂ ਹਨ, ਜਿੱਥੇ ਸਿਹਤ ਸੇਵਾਵਾਂ ਮਜ਼ਬੂਤ ਹਨ। ਅਜੇ ਵੀ ਦੁਨੀਆਂ ਦੇ ਵੱਡੇ ਹਿੱਸੇ ਵਿਚ, ਖਾਸ ਕਰਕੇ ਨਿਮਨ ਅਤੇ ਮੱਧਮ ਆਮਦਨ ਵਾਲੇ ਦੇਸ਼ਾਂ ਵਿਚ, ਕੈਂਸਰ ਦੀ ਜਾਂਚ, ਇਲਾਜ ਅਤੇ ਦਵਾਈਆਂ ਤੱਕ ਪਹੁੰਚ ਬਹੁਤ ਘੱਟ ਹੈ। ਭਾਰਤ ਵਿਚ ਵੀ ਸਥਿਤੀ ਚਿੰਤਾਜਨਕ ਹੈ। ਹਰ ਸਾਲ ਲਗਭਗ 14-15 ਲੱਖ ਨਵੇਂ ਕੇਸ ਅਤੇ 9-10 ਲੱਖ ਮੌਤਾਂ ਹੁੰਦੀਆਂ ਹਨ। ਪੰਜਾਬ, ਹਰਿਆਣਾ ਅਤੇ ਉੱਤਰੀ ਭਾਰਤ ਦੇ ਕਈ ਇਲਾਕਿਆਂ 'ਚ ਖੇਤੀਬਾੜੀ ਵਿਚ ਵਰਤੇ ਜਾਂਦੇ ਕੀਟਨਾਸ਼ਕਾਂ ਅਤੇ ਪ੍ਰਦੂਸ਼ਣ ਕਾਰਨ ਖਾਸ ਕਿਸਮਾਂ ਦੇ ਕੈਂਸਰ (ਜਿਵੇਂ ਗਲੇ, ਫੇਫੜੇ ਅਤੇ ਗਰਦਨ ਦਾ ਕੈਂਸਰ) ਵਧ ਰਹੇ ਹਨ।

ਇਸ ਥੀਮ "ਯੂਨਾਈਟਡ ਬਾਏ ਯੂਨੀਕ" ਨੂੰ ਸਮਝਣ ਲਈ ਸਭ ਤੋਂ ਵੱਡੀ ਗੱਲ ਇਹ ਹੈ ਕਿ ਕੈਂਸਰ ਨੂੰ ਸਿਰਫ਼ ਸਰੀਰਕ ਬਿਮਾਰੀ ਨਹੀਂ ਸਮਝਿਆ ਜਾਣਾ ਚਾਹੀਦਾ। ਇਹ ਇੱਕ ਵਿਅਕਤੀ ਦੀ ਪੂਰੀ ਜ਼ਿੰਦਗੀ ਨੂੰ ਭਾਵ ਉਸ ਦੀ ਨੌਕਰੀ, ਪਰਿਵਾਰਕ ਰਿਸ਼ਤੇ, ਮਾਨਸਿਕ ਸਿਹਤ, ਆਰਥਿਕ ਹਾਲਤ ਅਤੇ ਸਮਾਜ 'ਚ ਸਥਿਤੀ ਨੂੰ ਪ੍ਰਭਾਵਿਤ ਕਰਦਾ ਹੈ। ਇੱਕ ਔਰਤ ਜਿਸ ਨੂੰ ਆਖਰੀ ਸਟੇਜ ਦਾ ਬ੍ਰੈਸਟ ਕੈਂਸਰ ਹੋਵੇ, ਉਸ ਲਈ ਸਿਰਫ਼ ਕੀਮੋਥੈਰੇਪੀ ਜਾਂ ਰੇਡੀਏਸ਼ਨ ਕਾਫ਼ੀ ਨਹੀਂ। ਉਸ ਨੂੰ ਆਪਣੇ ਬੱਚਿਆਂ ਦੀ ਚਿੰਤਾ, ਪਤੀ ਦਾ ਸਹਿਯੋਗ, ਨੌਕਰੀ ਦੀ ਸੁਰੱਖਿਆ ਅਤੇ ਸਮਾਜ ਵਿਚ ਨਜ਼ਰਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਇੱਕ ਨੌਜਵਾਨ ਨੂੰ ਜੇ ਲਿਊਕੇਮੀਆ ਹੋਵੇ, ਤਾਂ ਉਸ ਲਈ ਬੋਨ ਮੈਰੋ ਟ੍ਰਾਂਸਪਲਾਂਟ ਤੋਂ ਇਲਾਵਾ ਭਵਿੱਖ ਦੀ ਬੇਚੈਨੀ ਵੀ ਬਹੁਤ ਵੱਡੀ ਚੁਣੌਤੀ ਹੁੰਦੀ ਹੈ। ਇਸੇ ਤਰ੍ਹਾਂ ਬਜ਼ੁਰਗ ਵਿਅਕਤੀ ਲਈ ਪੈਲੀਏਟਿਵ ਕੇਅਰ ਅਤੇ ਦਰਦ ਨਿਵਾਰਣ ਵਧੇਰੇ ਮਹੱਤਵਪੂਰਨ ਹੋ ਜਾਂਦਾ ਹੈ। ਇਸ ਲਈ ਲੋੜ ਹੈ ਪੀਪਲ-ਸੈਂਟਰਡ ਕੇਅਰ ਦੀ, ਯਾਨੀ ਵਿਅਕਤੀ-ਕੇਂਦਰਿਤ ਇਲਾਜ ਪ੍ਰਣਾਲੀ ਦੀ। ਇਸ ਵਿਚ ਡਾਕਟਰ ਸਿਰਫ਼ ਰਿਪੋਰਟਾਂ ਨਹੀਂ ਵੇਖਦੇ, ਸਗੋਂ ਮਰੀਜ਼ ਦੀਆਂ ਭਾਵਨਾਵਾਂ, ਉਸ ਦੀਆਂ ਚਿੰਤਾਵਾਂ ਅਤੇ ਉਸ ਦੇ ਪਰਿਵਾਰ ਨੂੰ ਵੀ ਸੁਣਦੇ ਹਨ। ਮਰੀਜ਼ ਨੂੰ ਆਪਣੇ ਇਲਾਜ ਵਿਚ ਸ਼ਾਮਲ ਕੀਤਾ ਜਾਂਦਾ ਹੈ, ਉਸ ਨੂੰ ਸਾਰੇ ਵਿਕਲਪ ਸਮਝਾਏ ਜਾਂਦੇ ਹਨ, ਉਸ ਦੀ ਸਹਿਮਤੀ ਲਈ ਜਾਂਦੀ ਹੈ ਅਤੇ ਉਸ ਦੀ ਜ਼ਿੰਦਗੀ ਦੀ ਗੁਣਵੱਤਾ ਨੂੰ ਪਹਿਲ ਦਿੱਤੀ ਜਾਂਦੀ ਹੈ। ਇਹ ਸਿਰਫ਼ ਹਸਪਤਾਲਾਂ ਤੱਕ ਸੀਮਤ ਨਹੀਂ, ਸਮੁੱਚੀ ਸਿਹਤ ਪ੍ਰਣਾਲੀ, ਨੀਤੀਆਂ, ਸਰਕਾਰੀ ਯੋਜਨਾਵਾਂ ਅਤੇ ਸਮਾਜ ਨੂੰ ਵੀ ਇਸੇ ਦਿਸ਼ਾ ਵਿਚ ਬਦਲਣ ਦੀ ਲੋੜ ਹੈ।





ਭਾਰਤ ਵਿਚ ਅਜੇ ਵੀ ਕੈਂਸਰ ਨਾਲ ਜੁੜੇ ਬਹੁਤ ਸਾਰੇ ਮਿਥ ਹਨ। ਲੋਕ ਅਕਸਰ ਸੋਚਦੇ ਹਨ ਕਿ ਕੈਂਸਰ ਹੋਣਾ ਮੌਤ ਦਾ ਫੈਸਲਾ ਹੈ, ਜਾਂ ਇਹ ਸਿਰਫ਼ ਅਮੀਰ ਲੋਕਾਂ ਦੀ ਬਿਮਾਰੀ ਹੈ। ਪਰ ਅਸਲੀਅਤ ਇਹ ਹੈ ਕਿ ਸਮੇਂ ਸਿਰ ਜਾਂਚ ਨਾਲ 30-50% ਕੈਂਸਰਾਂ ਨੂੰ ਰੋਕਿਆ ਜਾ ਸਕਦਾ ਹੈ ਅਤੇ ਬਹੁਤ ਸਾਰੇ ਠੀਕ ਵੀ ਹੋ ਜਾਂਦੇ ਹਨ। ਤੰਬਾਕੂ, ਸਿਗਰਟ, ਸ਼ਰਾਬ, ਜ਼ਿਆਦਾ ਲਾਲ ਮੀਟ, ਮੋਟਾਪਾ, ਸੂਰਜ ਦੀਆਂ ਖਤਰਨਾਕ ਕਿਰਨਾਂ ਵਰਗੀਆਂ ਇਨਫੈਕਸ਼ਨਾਂ ਤੋਂ ਬਚਾਅ ਕਰਕੇ ਅਸੀਂ ਆਪਣੇ ਆਪ ਨੂੰ ਸੁਰੱਖਿਅਤ ਕਰ ਸਕਦੇ ਹਾਂ। ਔਰਤਾਂ ਵਿਚ ਬ੍ਰੈਸਟ ਅਤੇ ਸਰਵਾਈਕਲ ਕੈਂਸਰ ਦੀ ਜਾਂਚ (ਮੈਮੋਗ੍ਰਾਫੀ ਅਤੇ ਪੈਪ ਸਮੀਅਰ) ਅਤੇ ਮਰਦਾਂ 'ਚ ਪ੍ਰੋਸਟੇਟ ਜਾਂ ਮੂੰਹ ਦੇ ਕੈਂਸਰ ਦੀ ਜਾਂਚ ਬਹੁਤ ਜ਼ਰੂਰੀ ਹੈ। ਵਿਸ਼ਵ ਕੈਂਸਰ ਦਿਵਸ ਸਾਨੂੰ ਯਾਦ ਦਿਵਾਉਂਦਾ ਹੈ ਕਿ ਅਸੀਂ ਇਕੱਲੇ ਨਹੀਂ ਹਾਂ। ਜੇ ਇੱਕ ਵਿਅਕਤੀ ਦੀ ਕਹਾਣੀ ਸੁਣੀ ਜਾਵੇ, ਸਮਝੀ ਜਾਵੇ ਅਤੇ ਉਸ ਅਨੁਸਾਰ ਇਲਾਜ ਦਿੱਤਾ ਜਾਵੇ, ਤਾਂ ਨਤੀਜੇ ਬਹੁਤ ਵਧੀਆ ਹੁੰਦੇ ਹਨ। ਇਸ ਲਈ ਸਾਨੂੰ ਆਪਣੇ ਆਲੇ-ਦੁਆਲੇ ਵਾਲੇ ਲੋਕਾਂ ਨੂੰ ਸਹਿਯੋਗ ਦੇਣਾ ਚਾਹੀਦਾ ਹੈ, ਚਾਹੇ ਉਹ ਆਪਣਾ ਪਰਿਵਾਰਕ ਮੈਂਬਰ ਹੋਵੇ, ਦੋਸਤ ਹੋਵੇ ਜਾਂ ਅਣਜਾਨ ਵਿਅਕਤੀ। ਸਰਕਾਰਾਂ ਨੂੰ ਚਾਹੀਦਾ ਹੈ ਕਿ ਕੈਂਸਰ ਦੀਆਂ ਦਵਾਈਆਂ ਨੂੰ ਸਸਤਾ ਬਣਾਇਆ ਜਾਵੇ, ਰੋਕਥਾਮ ਵਾਲੀਆਂ ਯੋਜਨਾਵਾਂ ਨੂੰ ਵਧਾਇਆ ਜਾਵੇ ਅਤੇ ਹਸਪਤਾਲਾਂ ਵਿਚ ਪੈਲੀਏਟਿਵ ਕੇਅਰ ਨੂੰ ਮਜ਼ਬੂਤ ਕੀਤਾ ਜਾਵੇ।

ਅੰਤ ਵਿਚ, "ਯੂਨਾਈਟਡ ਬਾਏ ਯੂਨੀਕ" ਸਾਨੂੰ ਇਹ ਸਿਖਾਉਂਦਾ ਹੈ ਕਿ ਵਿਲੱਖਣਤਾ ਕਮਜ਼ੋਰੀ ਨਹੀਂ, ਸਗੋਂ ਤਾਕਤ ਹੈ। ਜਦੋਂ ਅਸੀਂ ਹਰ ਵਿਅਕਤੀ ਦੀ ਵਿਲੱਖਣ ਕਹਾਣੀ ਨੂੰ ਸਤਿਕਾਰ ਦਿੰਦੇ ਹਾਂ ਅਤੇ ਉਸ ਨੂੰ ਕੇਂਦਰ ਵਿਚ ਰੱਖ ਕੇ ਇਲਾਜ ਕਰਦੇ ਹਾਂ, ਤਾਂ ਅਸੀਂ ਇੱਕ ਅਜਿਹੀ ਦੁਨੀਆਂ ਬਣਾ ਸਕਦੇ ਹਾਂ, ਜਿੱਥੇ ਕੈਂਸਰ ਨਾਲ ਲੜਨ ਵਾਲੇ ਲੋਕ ਇਕੱਲੇ ਮਹਿਸੂਸ ਨਾ ਕਰਨ। ਅਸੀਂ ਸਾਰੇ ਇੱਕ ਦੂਜੇ ਨਾਲ ਜੁੜੇ ਹਾਂ, ਇੱਕ ਆਸ, ਇੱਕ ਉਮੀਦ ਅਤੇ ਇੱਕ ਸੰਘਰਸ਼ ਨਾਲ।

ਆਓ, ਇਸ ਵਿਸ਼ਵ ਕੈਂਸਰ ਦਿਵਸ 'ਤੇ ਵਚਨ ਲਈਏ ਕਿ ਅਸੀਂ ਆਪਣੇ ਆਲੇ-ਦੁਆਲੇ ਵਾਲੇ ਹਰ ਵਿਅਕਤੀ ਨੂੰ ਸਿਰਫ਼ ਮਰੀਜ਼ ਵਜੋਂ ਨਹੀਂ, ਸਗੋਂ ਇੱਕ ਅਨਮੋਲ ਜ਼ਿੰਦਗੀ ਵਜੋਂ ਵੇਖਾਂਗੇ। ਅਸੀਂ ਉਨ੍ਹਾਂ ਦੀਆਂ ਕਹਾਣੀਆਂ ਸੁਣਾਂਗੇ, ਸਮਝਾਂਗੇ ਅਤੇ ਉਨ੍ਹਾਂ ਨਾਲ ਮਿਲ ਕੇ ਇਸ ਰੋਗ ਨੂੰ ਹਰਾਉਣ ਦੀ ਕੋਸ਼ਿਸ਼ ਕਰਾਂਗੇ। ਕਿਉਂਕਿ ਜਦੋਂ ਅਸੀਂ ਵਿਲੱਖਣ ਹਾਂ, ਤਾਂ ਵੀ ਇੱਕਜੁਟ ਹਾਂ ਅਤੇ ਇਹੀ ਇੱਕਜੁਟਤਾ ਹੀ ਕੈਂਸਰ ਵਿਰੁੱਧ ਸਭ ਤੋਂ ਵੱਡੀ ਤਾਕਤ ਹੈ।

ਸੁਖਵਿੰਦਰ ਸਿੰਘ
ਮੁੱਲਾਂਪੁਰ
ਵ.ਅੱਪ +61-461-530-169
ਪੰਜਾਬ ਮੇਲ USA



## 18 ਫ਼ਰਵਰੀ ਤੇ ਯਾਦ ਕਰਦਿਆਂ ਵਿਸ਼ੇਸ਼ ਲੇਖ..

# ਪੰਥ ਰਤਨ ਗਿਆਨੀ ਸੰਤ ਸਿੰਘ ਜੀ ਮਸਕੀਨ

ਮਹਾਨ ਵਿਦਵਾਨ, ਦਾਰਸ਼ਨਿਕ ਤੇ ਗੁਰਮਤਿ ਦੇ ਧਾਰਨੀ ਗਿਆਨੀ ਸੰਤ ਸਿੰਘ 'ਮਸਕੀਨ' ਜਿਨ੍ਹਾਂ ਨੇ ਗੁਰਮਤਿ ਪ੍ਰਚਾਰ ਨੂੰ ਆਪਣੀ ਜ਼ਿੰਦਗੀ ਦਾ ਨਿਸ਼ਾਨਾਂ ਬਣਾਇਆ। ਉਨ੍ਹਾਂ ਦਾ ਜਨਮ ਮਾਤਾ ਰਾਮ ਕੌਰ ਦੀ ਕੁੱਖੋਂ ਕਸਬਾ ਲੱਕ ਮਰਵਤ ਜ਼ਿਲ੍ਹਾ ਬੰਨੂ ਸੂਬਾ ਸਰਹੰਦ (ਪਾਕਿਸਤਾਨ) ਵਿਖੇ 1934 ਨੂੰ ਸਰਦਾਰ ਕਰਤਾਰ ਸਿੰਘ ਦੇ ਗ੍ਰਹਿ ਵਿਖੇ ਹੋਇਆ।

ਆਪ ਨੇ ਖ਼ਾਲਸਾ ਸਕੂਲ ਵਿਚ ਪ੍ਰਾਇਮਰੀ ਦੀ ਵਿੱਦਿਆ ਪਾਸ ਕੀਤੀ। ਫਿਰ ਗੌਰਮਿੰਟ ਹਾਈ ਸਕੂਲ ਵਿਚ ਪੜ੍ਹਨ ਲੱਗ ਪਏ। 1947 ਨੂੰ ਦੇਸ਼ ਦੀ ਵੰਡ ਸਮੇਂ ਦੱਸਵੀਂ ਦਾ ਇਮਤਿਹਾਨ ਨਾ ਦੇ ਸਕੇ।

ਦੇਸ਼ ਦੀ ਵੰਡ ਤੋਂ ਬਾਅਦ ਗਿਆਨੀ ਜੀ ਦਾ ਪਰਿਵਾਰ ਜ਼ਿਲ੍ਹਾ ਅਲਵਰ (ਰਾਜਸਥਾਨ) ਵਿਖੇ ਆ ਵਸਿਆ। ਸੰਨ 1952 ਵਿਚ ਆਪਦੇ ਪਿਤਾ ਸਰਦਾਰ ਕਰਤਾਰ ਸਿੰਘ ਅਲਵਰ ਵਿਖੇ ਅਕਾਲ ਚਲਾਣਾ ਕਰ ਗਏ।

ਗਿਆਨੀ ਜੀ ਨੇ ਦੋ ਮਹੀਨੇ ਰੇਲਵੇ ਵਿਚ ਡਰਾਇਵਰ ਦੀ ਟ੍ਰੇਨਿੰਗ ਲੈਣ ਲਈ ਕੰਮ ਕੀਤਾ ਪਰ ਉੱਥੇ ਮਨ ਨਾ ਲੱਗਣ ਕਰਕੇ ਕੰਮ ਨੂੰ ਤਿਆਗ ਦਿੱਤਾ।

ਗਿਆਨੀ ਜੀ ਦੀ ਮਨ ਦੀ ਲਗਨ ਉਸ ਪ੍ਰਮਾਤਮਾ ਨਾਲ ਜੁੜਨ ਦੀ ਰੁੱਚੀ ਰੱਖਦੀ ਸੀ। ਉਹ ਬੈਜਨਾਥ ਅਤੇ ਕਟਕ ਜਾ ਕੇ ਸਾਧੂਆਂ ਵਿਚ ਵਿਚਰਦੇ ਰਹੇ ਅਤੇ ਬ੍ਰਹਮ-ਵਿਦਿਆ ਦਾ ਅਧਿਐਨ ਕਰਦੇ ਰਹੇ। ਮਸਕੀਨ ਜੀ ਨੇ ਗਿਆਨੀ ਬਲਵੰਤ ਸਿੰਘ ਜੀ ਨਿਰਮਲੇ ਸੰਤਾਂ ਪਾਸੋਂ ਗੁਰਮਤਿ ਦੀ ਵਿੱਦਿਆ ਪੜ੍ਹੀ, ਜੋ ਗੁਰਮਤਿ ਦੇ ਵਿਦਵਾਨ ਹੋਣ ਦੇ ਨਾਲ-ਨਾਲ ਪੂਰਨ ਤਿਆਗੀ ਨਾਮ ਸਿਮਰਨ ਦੇ ਰਸੀਏ ਅਤੇ ਨਿਮਰਤਾ ਵਾਲੇ ਸਨ। ਇਨ੍ਹਾਂ ਕੋਲ ਰਹਿ ਕੇ ਗਿਆਨੀ ਮਸਕੀਨ ਜੀ ਵਧੀਆ ਗੁਰਬਾਣੀ ਦੀ ਕਥਾ ਕਰਨ ਲੱਗ ਪਏ।

ਗਿਆਨੀ ਬਲਵੰਤ ਸਿੰਘ ਜੀ ਤੋਂ ਗੁਰਬਾਣੀ ਦਾ ਗਿਆਨ ਲੈ ਕੇ ਗਿਆਨੀ ਮਸਕੀਨ ਜੀ ਮਹਾਂ ਨਦੀ ਦੇ ਕੰਡੇ ਕਸਬਾ ਬੁਰਲਾ (ਸੰਬਲਪੁਰ) ਉਡੀਸਾ ਵਿਖੇ ਰਹਿਣ ਲੱਗ ਪਏ। ਇੱਥੇ ਭਜਨ ਸਿਮਰਨ ਦੇ ਨਾਲ-ਨਾਲ ਸੰਗਤਾਂ ਨੂੰ ਕਥਾ ਕਰਕੇ ਗੁਰਬਾਣੀ ਨਾਲ ਜੋੜਦੇ ਰਹੇ। ਇੱਥੇ ਸੰਗਤਾਂ ਨੂੰ ਪ੍ਰੇਰ ਕੇ ਗੁਰਦੁਆਰਾ ਸਾਹਿਬ ਬਣਵਾਇਆ। 1957 ਦੇ ਅਖ਼ੀਰ ਵਿਚ ਫਿਰ ਅਲਵਰ ਆਪਣੀ ਮਾਤਾ ਜੀ ਕੋਲ ਆ ਗਏ। 1958 ਵਿਚ ਆਪ ਜੀ ਦੀ ਸ਼ਾਦੀ ਹੋ ਗਈ।



> **ਦੇਸ਼ ਦੀ ਵੰਡ ਤੋਂ ਬਾਅਦ ਗਿਆਨੀ ਜੀ ਦਾ ਪਰਿਵਾਰ ਜ਼ਿਲ੍ਹਾ ਅਲਵਰ (ਰਾਜਸਥਾਨ) ਵਿਖੇ ਆ ਵਸਿਆ। ਸੰਨ 1952 ਵਿਚ ਆਪਦੇ ਪਿਤਾ ਸਰਦਾਰ ਕਰਤਾਰ ਸਿੰਘ ਅਲਵਰ ਵਿਖੇ ਅਕਾਲ ਚਲਾਣਾ ਕਰ ਗਏ।**

ਭਾਰਤ ਦੇ ਵੱਡੇ-ਵੱਡੇ ਸ਼ਹਿਰਾਂ ਪਟਨਾ ਸਾਹਿਬ, ਬੰਬਈ, ਕਲਕੱਤਾ, ਕਾਨਪੁਰ, ਇੰਦੌਰ, ਅਲੀਗੜ੍ਹ, ਕਾਨ੍ਹਪੁਰ ਆਦਿ ਸ਼ਹਿਰਾਂ ਵਿਚ ਗੁਰਪੁਰਬਾਂ ਅਤੇ ਆਮ ਸਮਾਗਮਾਂ 'ਤੇ ਪੁੱਜ ਕੇ ਗੁਰਮਤਿ ਦੇ ਵਿਚਾਰ ਸੰਗਤਾਂ ਨਾਲ ਸਾਂਝੇ ਕਰਦੇ ਰਹਿੰਦੇ ਸਨ। ਅਫ਼ਗਾਨਿਸਤਾਨ, ਇਰਾਨ, ਕੁਵੈਤ, ਸਿੰਗਾਪੁਰ, ਮਲੇਸ਼ੀਆ ਆਦਿ ਦੇਸ਼ਾਂ ਵਿਚ ਵੀ ਸੰਗਤਾਂ ਦੇ ਸੱਦੇ ਨੂੰ ਮੁੱਖ ਰੱਖਦਿਆਂ ਗੁਰਮਤਿ ਪ੍ਰਚਾਰ ਦੁਆਰਾ ਸੰਗਤਾਂ ਨੂੰ ਗੁਰੂ ਲੜ ਲਾਉਣ ਜਾਇਆ ਕਰਦੇ ਸਨ।

ਵਿਆਖਿਆ ਕਰਨ ਸਮੇਂ ਗਿਆਨੀ ਮਸਕੀਨ ਸਿੰਘ ਜੀ ਦੀ ਇਕਾਗਰਤਾ ਸਰੋਤਿਆਂ ਦੇ ਮਨ ਦੇ ਧਿਆਨ ਨੂੰ ਆਪਣੇ ਵੱਲ ਖਿੱਚੀ ਰੱਖਦੀ। ਗਿਆਨੀ ਜੀ ਦੀ ਆਵਾਜ਼ ਵਿਚ ਤਾਕਤ, ਸੁਰੀਲਾਪਨ ਅਤੇ ਨਿਮਰਤਾ ਬਹੁਤ ਸੀ। ਮਸਕੀਨ ਜੀ ਕਥਾ ਕਰਦੇ ਹੋਏ ਵਿਚਾਰਾਂ ਨੂੰ ਮਨ ਵਿਚ ਬਿਠਾਉਣ ਖ਼ਾਤਰ ਕਈ-ਕਈ ਉਦਾਹਰਣਾਂ ਦੇ ਕੇ ਸਮਝਾ ਜਾਂਦੇ। ਫਿਰ ਸੰਗਤਾਂ ਦੇ ਮਨ ਨੂੰ ਪਹਿਲਾਂ ਵਾਲੀ ਥਾਂ 'ਤੇ ਹੀ ਲੈ ਆਉਂਦੇ, ਜੋ ਉਨ੍ਹਾਂ ਵਿਚ ਬਹੁਤ ਵੱਡਾ ਗੁਣ ਸੀ। ਆਪ ਗੁਰਮਤਿ ਪ੍ਰਚਾਰ ਦਾ ਕਿਸੇ ਤੋਂ ਇਵਜ਼ਾਨਾਂ ਨਹੀਂ ਮੰਗਦੇ ਸਨ। ਸੰਗਤਾਂ ਆਪਣੇ ਆਪ ਹੀ ਲੋੜ ਤੋਂ ਵੱਧ ਉਨ੍ਹਾਂ ਦੀ ਸਹਾਇਤਾ ਕਰ ਦਿਆ ਕਰਦੀਆਂ ਸਨ। ਗਿਆਨੀ ਮਸਕੀਨ ਜੀ ਚੰਗੇ ਪ੍ਰਚਾਰਕ ਹੋਣ ਦੇ ਨਾਲ-ਨਾਲ ਚੰਗੇ ਲਿਖਾਰੀ ਵੀ ਸਨ। ਉਨ੍ਹਾਂ ਨੇ ਜਪੁ ਨਿਸਾਣ, ਗੁਰੂ ਚਿੰਤਨ, ਗੁਰੂ ਜੋਤੀ, ਬ੍ਰਹਮ ਗਿਆਨ, ਤੀਜਾ ਨੇਤਰ, ਪੰਜ ਤੱਤ, ਧਰਮ ਤੇ ਮਨੁੱਖ, ਮਸਕੀਨ ਜੀ ਦੇ ਲੈਕਚਰ ਸਮੇਤ ਇੱਕ ਦਰਜਨ ਤੋਂ ਵੱਧ ਪੁਸਤਕਾਂ ਸਿੱਖ ਜਗਤ ਨੂੰ ਭੇਟ ਕੀਤੀਆਂ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਗਿਆਨੀ ਮਸਕੀਨ ਜੀ ਨੂੰ 'ਭਾਈ ਗੁਰਦਾਸ ਪੁਰਸਕਾਰ' ਨਾਲ ਸਨਮਾਨਤ ਕੀਤਾ ਗਿਆ ਅਤੇ ਪੰਥ ਰਤਨ ਦੀ ਉਪਾਧੀ ਦਿੱਤੀ ਗਈ। 20 ਮਾਰਚ 2005 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਗਿਆਨੀ ਮਸਕੀਨ ਜੀ ਦੀ ਮੌਤ ਉਪਰੰਤ 'ਗੁਰਮਤਿ ਵਿੱਦਿਆ ਮਾਰਤੰਡ' ਦੀ ਉਪਾਧੀ ਨਾਲ ਨਿਵਾਜਿਆ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਸਹਿਬਾਨ ਵਲੋਂ ਸਨਮਾਨ ਪੱਤਰ, ਤਸ਼ਤਰੀ, ਸਿਰੋਪਾਓ ਅਤੇ ਸ੍ਰੀ ਸਾਹਿਬ ਨਾਲ ਗਿਆਨੀ ਜੀ ਦੀ ਧਰਮ ਪਤਨੀ ਬੀਬੀ ਸੁੰਦਰੀ ਕੌਰ ਜੀ ਨੂੰ ਸਨਿਮਾਨਤ ਕੀਤਾ ਗਿਆ। ਗਿਆਨੀ ਜੀ 17 ਫ਼ਰਵਰੀ 2005 ਸ਼ਾਮ ਨੂੰ ਲਾਵਾਂ ਦੀ ਕਥਾ ਕਰਕੇ ਕਹਿੰਦੇ ਮੇਰਾ ਸਮਾਂ ਸਮਾਪਤ, ਮੇਰੀ ਕਥਾ ਸ਼ਕਤੀ ਸਮਾਪਤ, ਮੇਰੀ ਸੋਚਣ ਸ਼ਕਤੀ ਦੀ ਸਮਾਪਤੀ ਪਰ ਇਨ੍ਹਾਂ ਚਾਰ ਲਾਵਾਂ ਦੇ ਵਿਚਾਰਾਂ ਦੀ ਸਮਾਪਤੀ ਨਹੀਂ ਹੈ, ਗੁਰੂ ਦਾ ਸ਼ਬਦ ਸਮਾਪਤ ਨਹੀਂ ਹੁੰਦਾ, ਇਨ੍ਹਾਂ ਬੋਲਾਂ ਨਾਲ ਮਸਕੀਨ ਜੀ ਕਥਾ ਸਮਾਪਤ ਕਰ ਗਏ। ਇਸ ਤੋਂ ਅਗਲੇ ਦਿਨ 18 ਫ਼ਰਵਰੀ 2005 ਨੂੰ ਸਵੇਰ ਦੇ 8 ਵਜੇ ਇਟਾਵਾ (ਉੱਤਰ ਪ੍ਰਦੇਸ਼) ਵਿਖੇ 71 ਸਾਲ ਦੀ ਆਯੂ ਭੋਗ ਕੇ ਸੱਚਖੰਡ ਜਾ ਬਿਰਾਜੇ।

---

ਸਫਾ 1 ਦਾ ਬਾਕੀ

## ਬਿਕਰਮ ਮਜੀਠੀਆ ਨਾਭਾ ਜੇਲ੍ਹ ਤੋਂ ਹੋਏ ਰਿਹਾਅ...

ਦੱਸਣਯੋਗ ਹੈ ਕਿ ਪੰਜਾਬ ਵਿਜੀਲੈਂਸ ਬਿਊਰੋ ਨੇ 25 ਜੂਨ ਨੂੰ ਮਜੀਠੀਆ ਨੂੰ ਆਮਦਨ ਤੋਂ ਵੱਧ ਜਾਇਦਾਦ ਮਾਮਲੇ 'ਚ ਗ੍ਰਿਫ਼ਤਾਰ ਕੀਤਾ ਸੀ ਤੇ ਇਹ ਮਾਮਲਾ ਕਥਿਤ ਤੌਰ 'ਤੇ 540 ਕਰੋੜ ਰੁਪਏ ਦੀ ਜਾਇਦਾਦ ਨਾਲ ਸਬੰਧਤ ਹੈ। ਸੁਪਰੀਮ ਕੋਰਟ ਦੇ ਬੈਂਚ ਨੇ 2 ਫਰਵਰੀ ਨੂੰ ਪੰਜਾਬ ਸਰਕਾਰ ਦੇ ਵਕੀਲ ਨੂੰ ਪੁੱਛਿਆ ਕਿ ਤੁਸੀਂ ਬਿਕਰਮ ਨੂੰ ਜੇਲ੍ਹ ਅੰਦਰ ਕਿਉਂ ਰੱਖਣਾ ਚਾਹੁੰਦੇ ਹੋ।

ਅਦਾਲਤ ਨੇ ਇਹ ਵੀ ਨੋਟਿਸ ਲਿਆ ਕਿ ਮਜੀਠੀਆ ਪਿਛਲੇ ਸੱਤ ਮਹੀਨਿਆਂ ਤੋਂ ਜੇਲ੍ਹ ਵਿਚ ਹੈ। ਸੁਪਰੀਮ ਕੋਰਟ ਵਲੋਂ ਹਾਈ ਕੋਰਟ ਦੇ ਹੁਕਮਾਂ ਨੂੰ ਚੁਣੌਤੀ ਦੇਣ ਵਾਲੀ ਮਜੀਠੀਆ ਦੀ ਪਟੀਸ਼ਨ 'ਤੇ ਪੰਜਾਬ ਵਿਜੀਲੈਂਸ ਬਿਊਰੋ ਨੂੰ ਪਹਿਲਾਂ ਨੋਟਿਸ ਜਾਰੀ ਕੀਤਾ ਸੀ। ਇਥੇ ਇਹ ਵੀ ਦੱਸਣਾ ਬਣਦਾ ਹੈ ਕਿ ਪਿਛਲੀ ਸੁਣਵਾਈ ਦੌਰਾਨ ਮਜੀਠੀਆ ਨੇ ਆਪਣੀ ਜਾਨ ਨੂੰ ਖ਼ਤਰਾ ਦੱਸਦੇ ਹੋਏ ਅੰਤਰਿਮ ਜ਼ਮਾਨਤ ਦੀ ਮੰਗ ਕੀਤੀ ਸੀ। ਅਦਾਲਤ ਨੇ ਕਿਹਾ ਕਿ ਮਾਮਲੇ ਦੇ ਹਾਲਾਤ ਨੂੰ ਦੇਖਦੇ ਹੋਏ ਜ਼ਮਾਨਤ ਦਿੱਤੀ ਜਾ ਰਹੀ ਹੈ। ਅਦਾਲਤ ਨੇ ਖਾਸ ਤੌਰ 'ਤੇ ਇਸ ਗੱਲ ਨੂੰ ਧਿਆਨ ਵਿਚ ਰੱਖਿਆ ਕਿ ਮਜੀਠੀਆ ਨੂੰ ਐੱਨ.ਡੀ.ਪੀ.ਐੱਸ. ਮਾਮਲੇ ਵਿਚ ਸਾਲ 2022 ਵਿਚ ਜ਼ਮਾਨਤ ਮਿਲ ਚੁੱਕੀ ਹੈ, ਜਿਸ ਨੂੰ ਰੱਦ ਕਰਵਾਉਣ ਲਈ ਸੂਬਾ ਸਰਕਾਰ ਦੀ ਪਟੀਸ਼ਨ ਸੁਪਰੀਮ ਕੋਰਟ ਨੇ 2025 'ਚ ਖਾਰਜ ਕਰ ਦਿੱਤੀ ਸੀ।

### ਸੱਚ ਦੀ ਹੋਈ ਜਿੱਤ : ਹਰਸਿਮਰਤ ਕੌਰ ਬਾਦਲ

ਚੰਡੀਗੜ੍ਹ: ਸ਼੍ਰੋਮਣੀ ਅਕਾਲੀ ਦਲ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਬਿਕਰਮ ਸਿੰਘ ਮਜੀਠੀਆ ਦੀ ਜ਼ਮਾਨਤ ਮਗਰੋਂ ਐਕਸ 'ਤੇ ਗੁਰਬਾਣੀ ਦੀਆਂ ਤੁਕ 'ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥' ਲਿਖ ਕੇ ਗੁਰੂ ਸਾਹਿਬ ਦਾ ਸ਼ੁਕਰਾਨਾ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਤੰਜ ਕੱਸਦਿਆਂ ਕਿਹਾ ਕਿ 'ਸੱਚ ਦੀ ਹੋਈ ਜਿੱਤ, ਭਗਵੰਤ ਮਾਨ ਦੇ ਝੂਠ ਹੋਏ ਬੇਨਕਾਬ'। ਇਸ ਦੇ ਨਾਲ ਹੀ ਉਨ੍ਹਾਂ ਨੇ ਇਕ ਵਕੀਲ ਦੀ ਵੀਡੀਓ ਵੀ ਸਾਂਝੀ ਕੀਤੀ ਹੈ। ਸਾਂਝੀ ਕੀਤੀ ਵੀਡੀਓ 'ਚ ਵਕੀਲ ਨੇ ਬਿਕਰਮ ਸਿੰਘ ਮਜੀਠੀਆ ਵਿਰੁੱਧ ਦਰਜ ਮਾਮਲਿਆਂ ਨੂੰ ਲੈ ਕੇ ਸਰਕਾਰ ਦੀ ਕਾਰਵਾਈ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਇਸ ਵੀਡੀਓ ਰਾਹੀਂ ਵਕੀਲ ਵੱਲੋਂ ਦਾਅਵਾ ਕੀਤਾ ਹੈ ਕਿ ਮਜੀਠੀਆ ਵਿਰੁੱਧ ਚੱਲ ਰਹੇ ਕੇਸਾਂ ਵਿਚ ਸੱਚਾਈ ਦੀ ਘਾਟ ਹੈ ਅਤੇ ਇਸੇ ਕਾਰਨ ਅਦਾਲਤ ਵੱਲੋਂ ਜ਼ਮਾਨਤ ਦਿੱਤੀ ਗਈ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕਈ ਵਾਰ ਰੇਡਾਂ ਕੀਤੀਆਂ ਗਈਆਂ, ਪਰ ਉਨ੍ਹਾਂ ਦੇ ਘਰੋਂ ਪੰਜ ਰੁਪਏ ਤੱਕ ਬਰਾਮਦ ਨਹੀਂ ਹੋਏ। ਇਹ ਵੀ ਸਪੱਸ਼ਟ ਕੀਤਾ ਗਿਆ ਕਿ ਜਿਸ ਡਰੱਗ ਕੇਸ ਦੀ ਗੱਲ ਕੀਤੀ ਜਾ ਰਹੀ ਸੀ, ਉਸ ਵਿਚ ਕੋਈ ਡਰੱਗ ਨਹੀਂ ਮਿਲੀ ਤੇ ਫਿਰ ਹਜ਼ਾਰ ਏਕੜ ਕਿੱਥੇ ਗਏ, ਅੱਜ ਪੰਜਾਬ ਸਰਕਾਰ ਜਵਾਬ ਦੇਵੇ।

ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ 540 ਕਰੋੜ ਰੁਪਏ ਦੇ ਦਾਅਵੇ ਕੀਤੇ ਗਏ ਸਨ, ਜਦਕਿ ਅਦਾਲਤ ਵਿਚ ਸਿਰਫ 40 ਕਰੋੜ ਰੁਪਏ ਦਾ ਚਲਾਨ ਪੇਸ਼ ਕੀਤਾ ਗਿਆ। ਹੈਰਾਨੀਜਨਕ ਗੱਲ ਇਹ ਹੈ ਕਿ ਉਸ 'ਚੋਂ ਵੀ 36 ਕਰੋੜ ਰੁਪਏ ਦੀਆਂ ਪ੍ਰੋਪਰਟੀਆਂ ਬਿਕਰਮ ਸਿੰਘ ਮਜੀਠੀਆ ਜਾਂ ਉਨ੍ਹਾਂ ਦੇ ਪਰਿਵਾਰ ਦੀਆਂ ਨਹੀਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੇ ਸਾਢੇ 6 ਕਰੋੜ ਰੁਪਏ ਦੀ ਲੋਨ, ਆਮਦਨ ਅਤੇ ਐਗਰੀਕਲਚਰ ਇਨਕਮ (ਖੇਤੀਬਾੜੀ ਆਮਦਨ) ਨੂੰ ਵੀ ਘਟਾ ਕੇ ਪੇਸ਼ ਕੀਤਾ ਸੀ, ਪਰ ਅੱਜ ਸਰਕਾਰ ਕੋਲ ਅਦਾਲਤ 'ਚ ਇਨ੍ਹਾਂ ਗੱਲਾਂ ਦਾ ਕੋਈ ਜਵਾਬ ਨਹੀਂ ਸੀ, ਤਾਂ ਇਸੇ ਆਧਾਰ 'ਤੇ ਜ਼ਮਾਨਤ ਮਿਲ ਗਈ।

### ਨਿਆਂਪ੍ਰਣਾਲੀ 'ਤੇ ਭਰੋਸਾ ਹੋਰ ਮਜ਼ਬੂਤ ਹੋਵੇਗਾ : ਐਡਵੋਕੇਟ ਧਾਮੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਮਾਨਯੋਗ ਸੁਪਰੀਮ ਕੋਰਟ ਵੱਲੋਂ ਜ਼ਮਾਨਤ ਦਿੱਤੇ ਜਾਣ ਦੇ ਫੈਸਲੇ ਦਾ ਸਵਾਗਤ ਕੀਤਾ।

ਐਡਵੋਕੇਟ ਧਾਮੀ ਨੇ ਕਿਹਾ ਕਿ ਨਿਆਂਪਾਲਿਕਾ 'ਤੇ ਸਮਾਜ ਦਾ ਹਮੇਸ਼ਾ ਯਕੀਨ ਰਿਹਾ ਹੈ ਅਤੇ ਹਰ ਵਿਅਕਤੀ ਅਦਾਲਤਾਂ ਤੋਂ ਇਨਸਾਫ਼ ਦੀ ਆਸ ਰੱਖਦਾ ਹੈ। ਉਨ੍ਹਾਂ ਕਿਹਾ ਕਿ ਮਾਨਯੋਗ ਸੁਪਰੀਮ ਕੋਰਟ ਦਾ ਬਿਕਰਮ ਸਿੰਘ ਮਜੀਠੀਆ ਸਬੰਧੀ ਇਹ ਇਕ ਚੰਗਾ ਫੈਸਲਾ ਹੈ, ਜਿਸ ਨਾਲ ਨਿਰਪੱਖ ਨਿਆਂਪ੍ਰਣਾਲੀ 'ਤੇ ਭਰੋਸਾ ਹੋਰ ਮਜ਼ਬੂਤ ਹੋਵੇਗਾ।

### ਮੋਹਾਲੀ ਅਦਾਲਤ ਵੱਲੋਂ ਵੀ ਮਜੀਠੀਆ ਨੂੰ ਮਿਲੀ ਰਾਹਤ

ਮੋਹਾਲੀ, (ਪੰਜਾਬ ਮੇਲ)- ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਮਾਨਯੋਗ ਸੁਪਰੀਮ ਕੋਰਟ ਤੋਂ ਜ਼ਮਾਨਤ ਮਿਲਣ ਤੋਂ ਬਾਅਦ ਹੁਣ ਮੁਹਾਲੀ ਅਦਾਲਤ ਤੋਂ ਵੀ ਵੱਡੀ ਰਾਹਤ ਮਿਲੀ ਹੈ। ਅਦਾਲਤ ਨੇ ਪੰਜਾਬ ਸਰਕਾਰ ਵੱਲੋਂ ਮਜੀਠੀਆ 'ਤੇ ਸਖ਼ਤ ਪਾਬੰਦੀਆਂ ਲਗਾਉਣ ਦੀ ਮੰਗ ਨੂੰ ਪੂਰੀ ਤਰ੍ਹਾਂ ਠੁਕਰਾ ਦਿੱਤਾ ਹੈ।

ਮਜੀਠੀਆ ਦੇ ਵਕੀਲ ਐੱਚ.ਐੱਸ. ਧਨੋਆ ਅਨੁਸਾਰ, ਪੰਜਾਬ ਸਰਕਾਰ ਨੇ ਮੰਗਲਵਾਰ ਨੂੰ ਅਦਾਲਤ ਵਿਚ ਅਰਜ਼ੀ ਦੇ ਕੇ ਮੰਗ ਕੀਤੀ ਸੀ ਕਿ ਮਜੀਠੀਆ ਨੂੰ ਪੰਜਾਬ ਰਾਜ ਤੋਂ ਬਾਹਰ ਰੱਖਿਆ ਜਾਵੇ ਅਤੇ ਉਨ੍ਹਾਂ ਦੀ ਸੂਬੇ ਵਿਚ ਐਂਟਰੀ 'ਤੇ ਰੋਕ ਹੋਵੇ, ਉਹ ਸੋਸ਼ਲ ਮੀਡੀਆ ਜਾਂ ਇਲੈਕਟ੍ਰਾਨਿਕ ਮੀਡੀਆ 'ਤੇ ਕੋਈ ਬਿਆਨਬਾਜ਼ੀ ਨਾ ਕਰਨ ਅਤੇ ਜਾਂਚ ਵਿਚ ਕਿਸੇ ਵੀ ਤਰ੍ਹਾਂ ਦਾ ਦਖ਼ਲ ਨਾ ਦੇਣ।

ਅਦਾਲਤ ਨੇ ਇਨ੍ਹਾਂ ਸਾਰੀਆਂ ਮੰਗਾਂ ਨੂੰ ਖਾਰਜ ਕਰਦਿਆਂ ਕਿਹਾ ਕਿ ਬਿਕਰਮ ਮਜੀਠੀਆ ਪੰਜਾਬ ਦੇ ਪੱਕੇ ਨਿਵਾਸੀ ਹਨ, ਇਸ ਲਈ ਉਨ੍ਹਾਂ ਨੂੰ ਸੂਬੇ ਤੋਂ ਬਾਹਰ ਰੱਖਣ ਦੀ ਮੰਗ ਉਚਿਤ ਨਹੀਂ ਹੈ। ਅਦਾਲਤ ਨੇ ਮੰਨਿਆ ਕਿ ਮਜੀਠੀਆ ਵੱਲੋਂ ਪਾਸਪੋਰਟ ਸਰੰਡਰ ਕਰਨਾ ਅਤੇ 2 ਲੱਖ ਰੁਪਏ ਦਾ ਬਾਂਡ ਜਮ੍ਹਾਂ ਕਰਵਾਉਣਾ ਜ਼ਮਾਨਤ ਦੀਆਂ ਕਾਫ਼ੀ ਸ਼ਰਤਾਂ ਹਨ।

ਹਾਲਾਂਕਿ ਸਰਕਾਰ ਦੀਆਂ ਨਵੀਆਂ ਮੰਗਾਂ ਰੱਦ ਕਰ ਦਿੱਤੀਆਂ ਗਈਆਂ ਹਨ, ਪਰ ਅਦਾਲਤ ਦੇ ਪੁਰਾਣੇ ਹੁਕਮ ਅਜੇ ਵੀ ਲਾਗੂ ਰਹਿਣਗੇ, ਜਿਨ੍ਹਾਂ ਵਿਚ :

**17 ਜਨਵਰੀ ਦਾ ਹੁਕਮ:** ਕਿਸੇ ਵੀ ਪੱਖ ਵੱਲੋਂ ਮੀਡੀਆ ਵਿਚ ਅਜਿਹੀ ਕੋਈ ਟਿੱਪਣੀ ਜਾਂ ਸੁਣਵਾਈ ਦਾ ਵੇਰਵਾ ਸਾਂਝਾ ਨਹੀਂ ਕੀਤਾ ਜਾਵੇਗਾ, ਜਿਸ ਨਾਲ ਮਾਮਲੇ 'ਤੇ ਕੋਈ ਅਸਰ ਪਵੇ।

**ਜਾਂਚ ਵਿਚ ਸਹਿਯੋਗ:** ਮਜੀਠੀਆ ਦੇ ਵਕੀਲ ਨੇ ਕਿਹਾ ਹੈ ਕਿ ਉਹ ਜਾਂਚ ਵਿਚ ਪੂਰਾ ਸਹਿਯੋਗ ਦੇਣ ਲਈ ਤਿਆਰ ਹਨ।

**ਵਕੀਲ ਦਾ ਬਿਆਨ:** "ਇਹ ਫ਼ੈਸਲਾ ਮੌਲਿਕ ਅਧਿਕਾਰਾਂ ਦੀ ਰਾਖੀ ਕਰਦਾ ਹੈ ਅਤੇ ਸਰਕਾਰ ਵੱਲੋਂ ਨਾਜਾਇਜ਼ ਪਾਬੰਦੀਆਂ ਲਗਾਉਣ ਦੀ ਕੋਸ਼ਿਸ਼ ਨੂੰ ਨਾਕਾਮ ਕਰਦਾ ਹੈ।"

ਪ੍ਰਮਿੰਦਰ ਸਿੰਘ 'ਪ੍ਰਵਾਨਾ'
510-415-9377
ਪੰਜਾਬ ਮੇਲ USA



# ਭਗਤ ਰਵਿਦਾਸ ਜੀ



ਅੱਠਵੀਂ ਸਦੀ ਮੱਧਕਾਲ ਸਮੇਂ ਸਮਾਜ ਵਿਜ ਜਾਤ-ਪਾਤ, ਈਰਖਾ, ਨਾਬਰਾਬਰੀ ਅਤੇ ਝੂਠੇ ਕਰਮਕਾਂਡਾਂ ਤੋਂ ਲੋਕ ਦੁਖੀ ਸਨ। ਧਾਰਮਿਕ ਕੱਟੜਤਾ ਦਾ ਬੋਲਬਾਲਾ ਸੀ। ਤਦ ਭਗਤੀ ਲਹਿਰ ਦਾ ਆਰੰਭ ਦੱਖਣੀ ਭਾਰਤ ਬਨਾਰਸ ਵਿਚ ਹੋਇਆ। ਇਹ ਇਕ ਧਾਰਮਿਕ ਜਾਗ੍ਰਿਤੀ ਦੀ ਇਨਕਲਾਬੀ ਲਹਿਰ ਸੀ। ਜਿਸ ਨੇ ਨਾਬਰਾਬਰੀ ਅਤੇ ਨਫਰਤ ਨੂੰ ਖਤਮ ਕਰਕੇ ਸਾਂਝੀਵਾਲਤਾ ਨਾਲ ਜੋੜਿਆ। ਇਹ ਲਹਿਰ ਬ੍ਰਾਹਮਣਵਾਦ ਦੇ ਖਿਲਾਫ ਸੀ। ਇਸ ਲਹਿਰ ਦੇ ਸਮਾਜ-ਸੁਧਾਰਕਾਂ ਨੇ ਆਪਣੀ ਬਾਣੀ ਰਾਹੀਂ ਅਮਨ ਅਤੇ ਮਨੁੱਖਤਾ ਦੀਆਂ ਕਦਰਾਂ-ਕੀਮਤਾਂ ਦਾ ਉਪਦੇਸ਼ ਦਿੱਤਾ। ਸੂਫੀਆਂ ਦੀ ਤਰਜ਼ 'ਤੇ ਆਪਣੀਆਂ ਰਚਨਾ ਨੂੰ ਰਾਗਾਂ ਵਿਚ ਗਾਇਆ। ਦੂਰ-ਦੂਰ ਤੱਕ ਜਾ ਕੇ ਪ੍ਰਚਾਰ ਕੀਤਾ, ਜਿਸ ਨਾਲ ਇਨ੍ਹਾਂ ਦੀ ਪ੍ਰਸਿੱਧੀ ਵੱਧਦੀ ਗਈ। ਗੁਰਮਤਿ ਅਤੇ ਸ਼ੈਲੀ ਵਿਚਾਰਧਾਰਾ ਦੀ ਸਾਂਝ ਕਰਕੇ ਇਨ੍ਹਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਦਰਯੋਗ ਸਥਾਨ ਪ੍ਰਾਪਤ ਹੋਇਆ। ਕਾਵਿ-ਉਪਦੇਸ਼ ਨਿਰਗੁਣ ਤੇ ਸਰਗੁਣ ਵਿਧਾ ਵਿਚ ਵੰਡਿਆ ਹੋਇਆ ਸੀ। ਨਿਰਗੁਣ ਵਿਧਾ ਵਿਚ ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਪ੍ਰਮੁੱਖ ਆਗੂ ਹੋਏ ਹਨ। ਜੋ ਇਕ ਨਿਰੰਕਾਰ ਨੂੰ ਸਿਮਰਦੇ ਸਨ। ਭਗਤ ਰਵਿਦਾਸ ਜੀ ਨੇ ਅਛੂਤਾਂ 'ਤੇ ਹੋ ਰਹੇ ਜ਼ੁਲਮਾਂ ਵਿਰੁੱਧ ਆਵਾਜ਼ ਉਠਾਈ। ਨੀਵੀਂ ਜਾਤੀ ਵਿਚ ਪੈਦਾ ਹੋ ਕੇ ਵੀ ਪ੍ਰਮੁੱਖ ਸਮਾਜ ਸੁਧਾਰਕ ਕਵੀ ਹੋ ਨਿਬੜੇ ਸਨ।

ਆਪ ਜੀ ਦਾ ਜਨਮ 30 ਜਨਵਰੀ, 1399 ਵਿਚ ਗੰਗਾ ਕਿਨਾਰੇ ਬਨਾਰਸ ਦੇ ਕੋਲ ਪਿੰਡ ਮਾਡੂਰ ਵਿਚ ਹੋਇਆ। ਆਪ ਜੀ ਦੇ ਪਿਤਾ ਰਘੂ ਚਮਾਰ ਸਨ। ਮਾਤਾ ਜੀ ਦਾ ਨਾਮ ਧੁਰਬਿਨੀਆਂ ਸੀ, ਜੋ ਧਾਰਮਿਕ ਵਿਚਾਰਾਂ ਵਾਲੀ ਮਾਂ ਸੀ। ਆਪ ਜੀ ਦਾ ਕੁੰਭਾ ਮ੍ਰਿਤਕ ਪਸ਼ੂ ਢੋਣ ਦਾ ਕੰਮ ਕਰਦੇ ਸਨ।

"ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ ਅਜਹੁ ਬੰਨਾਰਸੀ ਆਸ ਪਾਸਾ॥" (ਅੰਗ : 1293)

ਉਸ ਸਮੇਂ ਨੀਵੀਂ ਜਾਤੀ ਦੇ ਲੋਕ ਭਗਤੀ ਨਹੀਂ ਕਰ ਸਕਦੇ ਸਨ। ਭਗਤ ਜੀ ਬਚਪਨ ਤੋਂ ਹੀ ਬੁੱਧੀਮਾਨ ਸਨ ਅਤੇ ਭਗਤੀ ਕਰਨ ਲੱਗ ਪਏ ਸਨ। ਉਨ੍ਹਾਂ ਭਗਤ ਰਾਮਾਨੰਦ ਨੂੰ ਗੁਰੂ ਧਾਰਿਆ ਸੀ। ਰਾਮਾਨੰਦ ਜੀ ਦਾ ਕਾਂਸ਼ੀ ਵਿਚ ਬੜਾ ਸਤਿਕਾਰ ਸੀ। ਜੋ ਗਰੀਬਾਂ ਦੇ ਲੋਕ ਗੁਰੂ ਮੰਨੇ ਜਾਂਦੇ ਸਨ। ਜੋ ਨਾਮ ਸਿਮਰਨ ਵੱਲ ਜੀਵਾਂ ਨੂੰ ਲਾਉਂਦੇ ਸਨ। ਭਗਤ ਰਵਿਦਾਸ ਜੀ ਜਦੋਂ ਵਿਵੇਕ ਅਵਸਥਾ ਵਿਚ ਪਹੁੰਚੇ, ਤਾਂ ਪਿਤਾ ਜੀ ਨੇ ਘਰੇਲੂ ਕਾਰੋਬਾਰ ਵਿਚ ਲਾਉਣਾ ਚਾਹਿਆ।

ਆਪ ਜੀ ਦਾ ਮਨ ਨਾ ਲੱਗਾ ਤੇ ਉਪਰਾਮ ਰਹਿਣ ਲੱਗੇ। ਸੰਤਾਂ, ਸਾਧੂਆਂ ਦੀ ਸੰਗਤ ਵਿਚ ਰਹਿਣ ਲੱਗੇ। ਲੋੜਵੰਦਾਂ ਦੀ ਸੇਵਾ ਕਰਦੇ। ਉਹ ਦੁਨਿਆਵੀ ਵਿਵਹਾਰ ਵਿਚ ਦਿਲਚਸਪੀ ਨਾ ਰੱਖਦੇ।

ਜ਼ਿੰਮੇਵਾਰੀ ਦੇਣ ਲਈ, ਉਨ੍ਹਾਂ ਦਾ ਵਿਆਹ ਕਰ ਦਿੱਤਾ ਗਿਆ। ਪਰ ਗ੍ਰਹਿਸਥੀ ਵੀ ਪ੍ਰਭੂ-ਭਗਤੀ ਨੂੰ ਪ੍ਰਭਾਵਿਤ ਨਾ ਕਰ ਸਕੀ। ਆਪ ਜੀ ਨੂੰ ਘਰੋਂ ਵੱਖ ਕਰ ਦਿੱਤਾ ਗਿਆ। ਆਪ ਨੇੜੇ ਹੀ ਪਿੰਡ ਵਿਚ ਹੀ ਝੌਂਪੜੀ ਬਣਾ ਕੇ ਰਹਿਣ ਲੱਗੇ। ਲੋੜਵੰਦਾਂ ਦੀ ਮਦਦ ਕਰਦੇ ਰਹਿੰਦੇ। ਉਨ੍ਹਾਂ ਨੇ ਕਿਹਾ ਕਿ ਨਗਰ ਨਿਵਾਸੀਓ, ਮੈਂ ਚਮਾਰ ਹਾਂ। ਉਨ੍ਹਾਂ ਉਪਦੇਸ਼ ਦਿੱਤਾ ਕਿ ਮਨੁੱਖ ਭਜਨ ਬੰਦਗੀ ਕਰਕੇ ਉੱਚਾ ਹੋ ਸਕਦਾ ਹੈ, ਨਾ ਕਿ ਦੁਨਿਆਵੀ ਧੰਦਿਆਂ ਕਰਕੇ। ਭਗਤੀ ਰਾਹ 'ਤੇ ਚੱਲਦਿਆਂ ਉਹ ਬੜੇ ਹਰਮਨਪਿਆਰੇ ਹੋ ਗਏ। ਉਨ੍ਹਾਂ ਇਕ ਛੋਟਾ ਜਿਹਾ ਮੰਦਰ ਉਸਾਰ ਲਿਆ। ਭਗਤੀ ਵਿਚ ਸ਼ਰਧਾ ਅਤੇ ਪਿਆਰ ਵੇਖ ਕੇ ਸਾਰੀਆਂ ਜਾਤਾਂ ਦੇ ਲੋਕ ਉਨ੍ਹਾਂ ਨਾਲ ਸ਼ਾਮਲ ਹੋਣ ਲੱਗੇ। ਕੱਟੜਪੰਥੀ ਬ੍ਰਾਹਮਣ ਪੁਜਾਰੀਆਂ ਨੇ ਮੁਸਲਿਮ ਦਰਬਾਰ ਦੇ ਨਵਾਬ ਕੋਲ ਸ਼ਿਕਾਇਤ ਕੀਤੀ ਕਿ ਇਕ ਨੀਵੀਂ ਜਾਤ ਦਾ ਹੋ ਕੇ ਉਪਦੇਸ਼ ਕਰਦਾ ਹੈ, ਉਨ੍ਹਾਂ ਨੂੰ ਮੁਕਤੀ ਦਾ ਰਾਹ ਦੱਸਦਾ ਹੈ। ਨਵਾਬ ਨੇ ਰੱਬੀ ਸੇਵਾ ਵੇਖ ਕੇ ਭਗਤ ਜੀ ਨੂੰ ਨਿਰਦੋਸ਼ ਦੱਸਿਆ। ਭਗਤ ਜੀ ਦੀ ਨਿਰਸਵਾਰਥ ਸ਼ਰਧਾ ਅਤੇ ਮਨੁੱਖਤਾ ਪ੍ਰਤੀ ਬਿਨਾਂ ਭੇਦਭਾਵ ਦੇ ਪਿਆਰ ਦੀ ਮਹਿਮਾ ਦੂਰ-ਦੂਰ ਤੱਕ ਫੈਲ ਗਈ। ਚਿਤੌੜ ਦੀ ਮਹਾਰਾਣੀ ਝਾਲੀਬਾਈ ਬ੍ਰਾਹਮਣਾਂ, ਪੁਜਾਰੀਆਂ ਨੂੰ ਛੱਡ ਕੇ ਸਿੱਧਾ ਭਗਤ ਜੀ ਦੇ ਮੰਦਰ ਚਲੀ ਗਈ ਅਤੇ ਸ਼ਰਧਾਲੂ ਬਣ ਗਈ। ਉਸ ਸਮੇਂ ਦੌਰਾਨ ਮੀਰਾ ਬਾਈ ਵੀ ਉਨ੍ਹਾਂ ਦੀ ਸ਼ਰਧਾਲੂ ਬਣ ਗਈ। ਆਪ 120 ਸਾਲ ਦੀ ਉਮਰ ਵਿਚ ਬਨਾਰਸ ਵਿਖੇ ਅਕਾਲ ਚਲਾਣਾ ਕਰ ਗਏ।

ਭਗਤ ਜੀ ਦਾ ਜੀਵਨ ਸਾਦਗੀ ਅਤੇ ਸੇਵਾ ਵਿਚ ਬਤੀਤ ਹੋਇਆ। ਆਪ ਜੀ ਦੀ ਸ਼ਕਤੀਸ਼ਾਲੀ ਵਿਚਾਰਧਾਰਾ ਨੇ ਦਲਿਤ ਸ੍ਰੇਣੀਆਂ ਨੂੰ ਬੜਾ ਹੁਲਾਰਾ ਦਿੱਤਾ। ਆਪ ਬੜੀ ਦ੍ਰਿੜ੍ਹਤਾ ਨਾਲ ਬ੍ਰਾਹਮਣਵਾਦ ਦੇ ਖਿਲਾਫ ਲੜੇ ਸਨ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਆਪ ਜੀ ਦੇ 40 ਸ਼ਬਦ ਹਨ। ਆਪ ਜੀ ਦੀ ਬਾਣੀ ਵਿਚੋਂ ਅਧਿਆਤਮਕ, ਸਮਾਜਿਕ, ਰਾਜਨੀਤਿਕ ਅਤੇ ਵਿਵਹਾਰਕ ਵਿਚਾਰਧਾਰਾ ਮਿਲਦੀ ਹੈ। ਆਪ ਜੀ ਦੀ ਰਚਨਾ ਪ੍ਰਮਾਤਮਾ, ਬ੍ਰਹਿਮੰਡ, ਕੁਦਰਤ ਅਤੇ ਨਾਮ ਪਿਆਰ ਨਾਲ ਭਰਪੂਰ ਹੈ। ਉਪਰੰਤ ਵਿਅੰਗਾਤਮਕ ਪ੍ਰਮਾਤਮਾ ਨਾਲ ਨੇੜਤਾ ਦਰਸਾਉਂਦੀ ਹੈ। ਆਪ ਜੀ ਦੀ ਬਾਣੀ 'ਤੇ ਝਾਤ ਪਾਉਂਦਿਆਂ ਕਿ:

ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ॥ ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ॥ (ਅੰਗ : 1106)

ਪ੍ਰਭੂ ਦੀ ਕ੍ਰਿਪਾ ਨਾਲ ਨਾਮਦੇਵ, ਕਬੀਰ, ਤਿਲੋਚਨ, ਸਧਨਾ ਅਤੇ ਸੈਨ ਵਰਗੇ ਭਗਤ ਸੰਸਾਰ ਸਮੁੰਦਰ ਤੋਂ ਪਾਰ ਲੰਘ ਗਏ। ਭਗਤ ਰਵਿਦਾਸ ਜੀ ਆਖਦੇ ਹਨ - ਹੇ ਸੰਤ ਜਨੋ! ਸੁਣੋ ਪ੍ਰਭੂ ਸਭ ਕੁੱਝ ਕਰਨ ਦੇ ਸਮਰੱਥ ਹੈ। ਭਗਤ ਰਵਿਦਾਸ ਜੀ ਨੇ ਜੋ ਅਨੁਭਵ ਕੀਤਾ, ਉਹੀ ਅਪਣਾਇਆ। ਉਨ੍ਹਾਂ ਨੇ ਉਹੀ ਉਚਾਰਿਆ, ਜੋ ਵਿਵਹਾਰਕ ਸੀ। ਜੋ ਮਨੁੱਖਤਾ ਦੇ ਭਲੇ ਲਈ ਸੀ। ਉਹ ਕੇਵਲ ਇਕ ਪ੍ਰਮਾਤਮਾ ਦੇ ਉਪਾਸਕ ਸਨ, ਜੋ ਪਤਿਤ ਪਾਵਨ ਦਿਆਲੂ, ਉਪਕਾਰੀ ਅਤੇ ਮੁਕਤੀ ਦਾ ਦਾਤਾ ਹੈ। ਸੋਈ ਮੁਕੰਦ ਮੁਕਤਿ ਕਾ ਦਾਤਾ॥ (ਅੰਗ : 875)

ਮੁਕਤੀ ਦਾਤੇ ਪ੍ਰਭੂ ਨੂੰ ਸਦਾ ਸਿਮਰੋ, ਉਸ ਦੇ ਸਿਮਰਨ ਤੋਂ ਬਿਨਾਂ ਇਹ ਸਰੀਰ ਵਿਅਰਥ ਹੀ ਚਲਾ ਜਾਂਦਾ ਹੈ। ਆਪ ਜੀ ਨੇ ਜੀਵ ਅਤੇ ਪ੍ਰਮਾਤਮਾ ਵਿਚ ਕੋਈ ਭੇਦ ਨਹੀਂ ਮੰਨਿਆ।

ਸਿਰੀ ਰਾਗ॥ ਤੋਹੀ ਮੋਹੀ, ਮੋਹੀ ਤੋਹੀ ਅੰਤਰੁ ਕੈਸਾ॥ ਕਨਕ ਕਟਿਕ ਜਲ ਤਰੰਗ ਜੈਸਾ॥ (ਅੰਗ : 93)

ਹੇ ਪ੍ਰਮਾਤਮਾ, ਤੇਰੀ ਮੇਰੇ ਨਾਲੋਂ, ਅਸਲ ਵਿਚ ਕਿਹੋ ਜਿਹੀ ਹੈ? ਉਹੋ ਜਿਹੀ ਹੀ ਹੈ, ਜਿਹੀ ਸੋਨੇ ਤੇ ਸੋਨੇ ਦੇ ਕੜਿਆਂ ਦੀ ਜਾਂ ਪਾਣੀ ਤੇ ਪਾਣੀ ਦੀਆਂ ਲਹਿਰਾਂ ਦੀ ਹੈ। ਉਪਦੇਸ਼ ਹੈ ਕਿ ਮਨੁੱਖਾ ਦੇਹੀ ਕੀਮਤੀ ਹੈ, ਇਸ ਨੂੰ ਵਿਅਰਥ ਨਹੀਂ ਗਵਾਉਣਾ ਚਾਹੀਦਾ।

ਦੁਲਭ ਜਨਮੁ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੈ॥ (ਅੰਗ : 658)

ਇਹ ਮਨੁੱਖਾ ਜਨਮ ਬੜੀ ਮੁਸ਼ਕਿਲ ਨਾਲ ਮਿਲਦਾ ਹੈ। ਪਿਛਲੇ ਕੀਤੇ ਭਲੇ ਕੰਮਾਂ ਦੇ ਫਲ ਵਜੋਂ ਅਸਾਂ ਨੂੰ ਮਿਲ ਗਿਆ, ਪਰ ਸਾਡੇ ਅੰਞਾਣਪੁਣੇ ਵਿਚ ਵਿਅਰਥ ਹੀ ਜਾ ਰਿਹਾ ਹੈ। ਭਗਤ ਜੀ ਦਾ ਉਪਦੇਸ਼ ਹੈ:-

"ਜੋ ਦੀਸੈ ਸੋ ਹੋਇ ਬਿਨਾਸਾ॥ ਬਰਨ ਸਹਿਤ ਜੋ ਜਾਪੈ ਨਾਮੁ॥ ਸੋ ਜੋਗੀ ਕੇਵਲ ਨਿਹਕਾਮੁ॥ (ਅੰਗ : 1167)

ਇਹ ਜੋ ਕੁੱਝ ਦਿੱਸਦਾ ਹੈ, ਇਹ ਸਭ ਨਾਸ ਹੋ ਜਾਣ ਵਾਲਾ ਹੈ। ਜੋ ਮਨੁੱਖ ਪ੍ਰਭੂ ਦੇ ਗੁਣ ਗਾਂਦਾ ਹੈ, ਤੇ ਪ੍ਰਭੂ ਦਾ ਨਾਮੁ ਜਪਦਾ ਹੈ, ਸਿਰਫ ਉਹੀ ਅਸਲ ਜੋਗੀ ਹੈ ਤੇ ਉਹ ਜਨਮਾਂ ਤੋਂ ਰਹਿਤ ਹੋ ਜਾਂਦਾ ਹੈ। ਜੀਵਨ ਮਨੋਰਥ ਦੀ ਪ੍ਰਾਪਤੀ ਦਾ ਮਾਰਗ ਹੈ ਨਾਮ ਸਿਮਰਨ। ਗੁਰੂ ਗਿਆਨ, ਸਤਸੰਗ, ਸਦਗੁਣ ਅਤੇ ਅਵਗੁਣਾਂ ਦਾ ਤਿਆਗ ਕਰਨਾ ਹੈ। ਭਗਤ ਜੀ ਦੀ ਬਾਣੀ ਸਮਾਜਿਕ ਮੁਕਤੀ ਦਾ ਉਪਦੇਸ਼ ਹੈ, ਜਿਸ ਵਿਚ ਸਮਾਜਿਕ ਕ੍ਰਾਂਤੀ ਲਈ ਬ੍ਰਾਹਮਣ ਵਿਚਾਰਧਾਰਾ ਵਿਚ ਜਾਤ-ਪਾਤ 'ਤੇ ਹਮਲਾ ਹੈ। ਆਪ ਜੀ ਨੂੰ ਆਪਣੇ ਅਛੂਤ ਹੋਣ ਦਾ ਕੋਈ ਅਫਸੋਸ ਨਹੀਂ, ਤੇ ਨਾ ਹੀ ਉਨ੍ਹਾਂ ਨੇ ਆਪਣੀ ਜਾਤ ਨੂੰ ਛੁਪਾਇਆ ਹੈ।

"ਰਾਜਾ ਰਾਮ ਕੀ ਸੇਵ ਨ ਕੀਨੀ ਕਹਿ ਰਵਿਦਾਸ ਚਮਾਰਾ॥" (ਪੰਨਾ : 486)

ਭਗਤ ਰਵਿਦਾਸ ਜੀ ਆਖਦੇ ਹਨ - ਲੋਕਾਂ ਦੀਆਂ ਨਜ਼ਰਾਂ ਵਿਚ ਮੇਰੀ ਜਾਤ ਨੀਵੀਂ, ਮੇਰੀ ਕੁਲ ਨੀਵੀਂ, ਮੇਰਾ ਜਨਮ ਨੀਵਾਂ ਪਰ ਹੇ ਮਾਧੋ, ਮੇਰੀ ਜਾਤਿ, ਕੁਲ ਤੇ ਜਨਮ ਸੱਚਮੁੱਚ ਨੀਵੇਂ ਰਹਿ ਜਾਣਗੇ, ਜੇ ਮੈਂ ਹੇ ਮਾਲਕ ਪ੍ਰਭੂ ਤੇਰੀ ਭਗਤੀ ਨਾ ਕੀਤੀ। ਪ੍ਰਮਾਤਮਾ ਲਈ ਸਭ ਬਰਾਬਰ ਹਨ।

"ਊਚ ਨੀਚ ਤੁਮ ਤੇ ਤਰੇ ਆਲਜੁ ਸੰਸਾਰੁ॥" (ਪੰਨਾ : 858)

ਚਾਹੇ ਉੱਚੀ ਜਾਤ ਵਾਲੇ ਹੋਣ, ਚਾਹੇ ਨੀਵੀਂ ਜਾਤ ਦੇ, ਜੋ ਵੀ ਤੇਰੀ ਸ਼ਰਨ ਆਉਂਦੇ ਹਨ, ਉਨ੍ਹਾਂ ਦੀ ਆਤਮਾ ਉੱਤੇ ਵਿਕਾਰਾਂ ਦਾ ਭਾਰ ਨਹੀਂ ਰਹਿ ਜਾਂਦਾ। ਇਸ ਵਾਸਤੇ ਉਹ ਤੇਰੀ ਮਿਹਰ ਨਾਲ ਇਸ ਬਿਖੇੜਿਆਂ ਭਰੇ ਸੰਸਾਰ ਸਮੁੰਦਰ ਵਿਚੋਂ ਸੌਖੇ ਹੀ ਲੰਘ ਜਾਂਦੇ ਹਨ।

ਸਮਾਜਿਕ ਚੇਤਨਾ ਵਿਚ ਲੋਕਾਂ ਦੀ ਹੀਣ ਭਾਵਨਾ ਖਤਮ ਹੋਣ ਲੱਗੀ ਤੇ ਸਮਾਜਿਕ ਮੁਕਤੀ ਮਿਲੀ। ਭਗਤ ਰਵਿਦਾਸ ਜੀ ਨੇ ਰਾਜਨੀਤਿਕ ਵਿਚਾਰ ਦਿੱਤੇ ਹਨ।

"ਐਸੀ ਲਾਲ ਤੁਝ ਬਿਨੁ ਕਉਨੁ ਕਰੈ॥ ਗਰੀਬ ਨਿਵਾਜੁ ਗੁਸਈਆਂ ਮੇਰਾ ਮਾਥੈ ਛਤ੍ਰੁ ਧਰੈ॥ ੧॥ ਰਹਾਉ॥

ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੂੰਹੀ ਢਰੈ॥ ਨੀਚਹੁ ਊਚ ਕਰੈ ਮੇਰਾ ਗੋਬਿੰਦ ਕਾਹੂ ਤੇ ਨਾ ਡਰੈ॥ (ਪੰਨਾ : 1106)

ਹੇ ਪ੍ਰਭੂ! ਤੇਰੇ ਤੋਂ ਬਿਨਾ ਅਜਿਹੀ ਕਰਨੀ ਹੋਰ ਕੌਣ ਕਰ ਸਕਦਾ ਹੈ। ਹੇ ਭਾਈ! ਮੇਰਾ ਪ੍ਰਭੂ ਗਰੀਬਾਂ ਨੂੰ ਮਾਣ ਦੇਣ ਵਾਲਾ ਹੈ। ਗਰੀਬ ਦੇ ਸਿਰ ਉੱਤੇ ਛਤਰ ਝੁਲਾ ਦਿੰਦਾ ਹੈ। ਭਾਵ ਗਰੀਬ ਨੂੰ ਰਾਜਾ ਬਣਾ ਦਿੰਦਾ ਹੈ। ਜਿਸ ਮਨੁੱਖ ਨੂੰ ਇਤਨਾ ਨੀਵਾਂ ਸਮਝਿਆ ਜਾਂਦਾ ਹੋਵੇ ਕਿ ਉਸ ਦੀ ਭਿੱਟ ਸਾਰੇ ਸੰਸਾਰ ਨੂੰ ਲੱਗ ਜਾਵੇ, ਭਾਵ ਜਿਸ ਮਨੁੱਖ ਦੇ ਛੋਹਣ ਨਾਲ ਹੋਰ ਸਾਰੇ ਲੋਕ ਆਪਣੇ ਆਪ ਨੂੰ ਭਿੱਟਿਆ ਗਿਆ ਸਮਝਣ ਲੱਗ ਪੈਣ, ਉਸ ਮਨੁੱਖ ਉੱਤੇ ਹੇ ਪ੍ਰਭੂ ਤੂੰ ਹੀ ਕ੍ਰਿਪਾ ਕਰਦਾ ਹੈਂ। ਹੇ ਭਾਈ! ਮੇਰਾ ਗੋਬਿੰਦ ਨੀਚ ਬੰਦਿਆਂ ਨੂੰ ਉੱਚਾ ਬਣਾ ਦਿੰਦਾ ਹੈ। ਉਹ ਕਿਸੇ ਤੋਂ ਨਹੀਂ ਡਰਦਾ।

ਭਗਤ ਜੀ ਨੇ ਆਦਰਸ਼ ਰਾਜ ਦੀ ਮਿਸਾਲ ਦਿੱਤੀ ਹੈ ਕਿ:-

ਬੇਗਮਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀ ਤਿਹਿ ਠਾਉ॥ ਨਾਂ ਤਸਵੀਸ ਖਿਰਾਜੁ ਨ ਮਾਲੁ॥ ਖਉਫੁ ਨ ਖਤਾ ਨ ਤਰਸੁ ਜਵਾਲੁ॥ ੧॥ ਅਬ ਮੋਹਿ ਖੂਬ ਵਤਨ ਗਹ ਪਾਈ ॥ ਊਹਾਂ ਖੈਰਿ ਸਦਾ ਮੇਰੇ ਭਾਈ॥ ੧॥ ਰਹਾਉ॥ ਕਾਇਮੁ ਦਾਇਮੁ ਸਦਾ ਪਾਤਿਸਾਹੀ॥ ਦੋਮ ਨ ਸੇਮ, ਏਕ ਸੋ ਆਹੀ॥ ਆਬਾਦਾਨੁ ਸਦਾ ਮਸਹੂਰ॥ ਊਹਾਂ ਗਨੀ ਬਸਹਿ ਮਾਮੂਰ॥ ੨॥ ਤਿਉ ਤਿਉ ਸੈਲ ਕਰਹਿ ਜਿਉ ਭਾਵੈ॥ ਮਹਰਮ ਮਹਲ ਨ ਕੋ ਅਟਕਾਵੈ॥ ਕਹਿ ਰਵਿਦਾਸ ਖਲਾਸ ਚਮਾਰਾ॥ ਜੋ ਹਮ ਸਹਰੀ ਸੁ ਮੀਤੁ ਹਮਾਰਾ॥ ੩॥ ੨॥ (ਪੰਨਾ : 345)

ਹੇ ਮੇਰੇ ਵੀਰ! ਹੁਣ ਮੈਂ ਵੱਸਣ ਲਈ ਸੋਹਣੀ ਥਾਂ ਲੱਭ ਲਈ ਹੈ। ਉਥੇ ਸਦਾ ਸੁੱਖ ਹੀ ਸੁੱਖ ਹੈ। ਜਿਸ ਆਤਮਿਕ ਅਵਸਥਾ ਰੂਪ ਸ਼ਹਿਰ ਵਿਚ ਮੈਂ ਵੱਸਦਾ ਹਾਂ। ਉਸ ਸ਼ਹਿਰ ਦਾ ਨਾਮ ਹੈ ਬੇ-ਗਮ ਪੁਰਾ ਭਾਵ ਉਸ ਅਵਸਥਾ ਵਿਚ ਕੋਈ ਗਮ ਨਹੀਂ ਪਹੁੰਚ ਸਕਦਾ। ਉਸ ਥਾਂ ਨਾ ਕੋਈ ਦੁੱਖ ਹੈ, ਨਾ ਚਿੰਤਾ ਅਤੇ ਨਾ ਕੋਈ ਘਬਰਾਹਟ। ਉਥੇ ਦੁਨੀਆਂ ਵਾਲੀ ਜਾਇਦਾਦ ਨਾ ਮਸੂਲ ਹੈ। ਉਸ ਅਵਸਥਾ ਵਿਚ ਕਿਸੇ ਪਾਪ ਕਰਮ ਕਰਨ ਦਾ ਖਤਰਾ ਨਹੀਂ। ਕੋਈ ਡਰ ਨਹੀਂ। ਕੋਈ ਗਿਰਾਵਟ ਨਹੀਂ। ਉਹ ਆਤਮਿਕ ਅਵਸਥਾ ਇਕ ਐਸੀ ਪਾਤਿਸ਼ਾਹੀ ਹੈ, ਜੋ ਸਦਾ ਹੀ ਟਿਕੀ ਰਹਿਣ ਵਾਲੀ ਹੈ। ਉਥੇ ਕਿਸੇ ਦਾ ਦੂਜਾ, ਤੀਜਾ ਦਰਜਾ ਨਹੀਂ। ਸਭ ਇਕੋ ਜਿਹੇ ਹਨ। ਉਹ ਸ਼ਹਿਰ ਸਦਾ ਉੱਘਾ ਹੈ ਤੇ ਵੱਸਦਾ ਹੈ। ਉਥੇ ਧੰਨੀ ਅਤੇ ਰੱਜੇ ਹੋਏ ਜੀਅ ਵੱਸਦੇ ਹਨ। ਭਾਵ ਉਸ ਆਤਮਿਕ ਦਰਜੇ 'ਤੇ ਜੋ ਅੱਪੜਦੇ ਹਨ, ਉਨ੍ਹਾਂ ਅੰਦਰ ਕੋਈ ਵਿਤਕਰਾ ਨਹੀਂ ਰਹਿੰਦਾ। ਉਨ੍ਹਾਂ ਨੂੰ ਦੁਨੀਆਂ ਦੀ ਕੋਈ ਭੁੱਖ ਨਹੀਂ ਰਹਿੰਦੀ। ਉਸ ਆਤਮਿਕ ਸ਼ਹਿਰ ਵਿਚ ਅੱਪੜੇ ਹੋਏ ਜੀਅ ਉਸ ਅਵਸਥਾ ਵਿਚ ਅਨੰਦ ਨਾਲ ਵਿਚਰਦੇ ਹਨ। ਉਹ ਉਸ ਰੱਬੀ ਮਹਿਲ ਦੇ ਭੇਤੀ ਹੁੰਦੇ ਹਨ। ਇਸ ਵਾਸਤੇ ਉਨ੍ਹਾਂ ਦੇ ਰਾਹ ਵਿਚ ਰੋਕ ਨਹੀਂ ਪਾ ਸਕਦਾ। ਚਮਿਆਰ ਰਵਿਦਾਸ ਜਿਸ ਨੇ ਦੁੱਖ ਅੰਦੋਹ ਤਸਵੀਸ ਆਦਿਕ ਤੋਂ ਖਲਾਸੀ ਪਾ ਲਈ ਹੈ, ਆਖਦਾ ਹੈ : ਅਸਾਡਾ ਮਿੱਤਰ ਉਹ ਹੈ, ਜੋ ਅਸਾਡਾ ਸਤਸੰਗੀ ਹੈ। ਭਾਵ ਪ੍ਰਭੂ-ਮਿਲਾਪ ਲਈ ਆਤਮਿਕ ਅਵਸਥਾ ਵਿਚ ਸਦਾ ਅਨੰਦ ਹੀ ਅਨੰਦ ਬਣਿਆ ਰਹਿੰਦਾ ਹੈ।

ਭਗਤ ਰਵਿਦਾਸ ਜੀ ਦੀ ਪਵਿੱਤਰ ਅਤੇ ਕਲਿਆਣਕਾਰੀ ਬਾਣੀ, ਜਿੱਥੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ, ਉਥੇ ਉਨ੍ਹਾਂ ਦੀ ਬਾਣੀ ਦੀ ਉਪਮਾ ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਭੱਟਾਂ ਤੋਂ ਉਪਰੰਤ ਭਾਈ ਗੁਰਦਾਸ ਜੀ ਨੇ ਵੀ ਕੀਤੀ ਹੈ।

ਅੰਤਿਕਾ: ਰਵਿਦਾਸ ਧਿਆਏ ਪ੍ਰਭ ਅਨੂਪ॥ ਗੁਰੂ ਨਾਨਕ ਦੇਵ ਗੋਵਿੰਦ ਰੂਪ॥ (ਅੰਗ : 1192)

ਰਵਿਦਾਸ ਨੇ ਸੋਹਣੇ ਪ੍ਰਭੂ ਦਾ ਸਿਮਰਨ ਕੀਤਾ। ਸਭ ਭਗਤਾਂ ਉੱਤੇ ਗੁਰੂ ਨੇ ਹੀ ਕ੍ਰਿਪਾ ਕੀਤੀ। ਹੇ ਨਾਨਕ ਗੁਰੂ ਪ੍ਰਮਾਤਮਾ ਦਾ ਰੂਪ ਹੈ, ਤੂੰ ਵੀ ਸਰਨ ਪਿਆ ਰਹੁ।

ਭਗਤ ਜੀ ਦਾ ਜੀਵਨ ਸਾਦਗੀ ਅਤੇ ਸੇਵਾ ਵਿਚ ਬਤੀਤ ਹੋਇਆ। ਆਪ ਜੀ ਦੀ ਸ਼ਕਤੀਸ਼ਾਲੀ ਵਿਚਾਰਧਾਰਾ ਨੇ ਦਲਿਤ ਸ੍ਰੇਣੀਆਂ ਨੂੰ ਬੜਾ ਹੁਲਾਰਾ ਦਿੱਤਾ। ਆਪ ਬੜੀ ਦ੍ਰਿੜ੍ਹਤਾ ਨਾਲ ਬ੍ਰਾਹਮਣਵਾਦ ਦੇ ਖਿਲਾਫ ਲੜੇ ਸਨ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਆਪ ਜੀ ਦੇ 40 ਸ਼ਬਦ ਹਨ। ਆਪ ਜੀ ਦੀ ਬਾਣੀ ਵਿਚੋਂ ਅਧਿਆਤਮਕ, ਸਮਾਜਿਕ, ਰਾਜਨੀਤਿਕ ਅਤੇ ਵਿਵਹਾਰਕ ਵਿਚਾਰਧਾਰਾ ਮਿਲਦੀ ਹੈ। ਆਪ ਜੀ ਦੀ ਰਚਨਾ ਪ੍ਰਮਾਤਮਾ, ਬ੍ਰਹਿਮੰਡ, ਕੁਦਰਤ ਅਤੇ ਨਾਮ ਪਿਆਰ ਨਾਲ ਭਰਪੂਰ ਹੈ।

# ਜ਼ਿੰਦਗੀ ਅੰਦਰ 'ਲੋਕ ਕੀ ਕਹਿਣਗੇ' ਦਾ ਰੱਟਾ ਕਿਉਂ..



ਸਿੰਦਰ ਸਿੰਘ ਮੀਰਪੁਰੀ
ਫਰਿਜ਼ਨੋ
559-285-0841
ਪੰਜਾਬ ਮੇਲ USA



ਸਾਡੇ ਸਮਾਜ ਅੰਦਰ ਸਾਨੂੰ ਸਾਰਿਆਂ ਨੂੰ ਇੱਕ ਗੱਲ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਹੀ ਹੈ ਕਿ ਲੋਕ ਕੀ ਕਹਿਣਗੇ। ਜਿਹੜੀ ਇਹ ਗੱਲ ਹੈ ਕਿ ਲੋਕ ਕੀ ਕਹਿਣਗੇ, ਇਸ ਨੇ ਬੱਚੇ ਤੋਂ ਲੈ ਕੇ ਬਜ਼ੁਰਗ ਤੱਕ ਆਪਣਾ ਅਸਰ ਬੁਰੀ ਤਰ੍ਹਾਂ ਛੱਡਿਆ ਹੈ। ਸਾਰੇ ਮਾਮਲਿਆਂ ਵਿਚ ਅਸੀਂ ਸਾਰੇ ਅਕਸਰ ਇੱਕ ਗੱਲ ਦਾ ਗਿਆਨ ਘੋਟਦੇ ਹਾਂ ਕਿ ਉਸ ਗੱਲ ਦੇ ਵਿਚ ਇਸ ਗੱਲ ਦੇ ਵਿਚ ਫਲਾਣਾ ਕੀ ਕਹੇਗਾ ਤੇ ਧਿਮਕਾਨਾਂ ਕੀ ਕਹੇਗਾ। ਇਸ ਗੱਲ ਦਾ ਭਾਵੇਂ ਕਿਸੇ ਨੂੰ ਵੀ ਕੁਝ ਪਤਾ ਨਹੀਂ ਹੁੰਦਾ ਕਿ ਕਿਸੇ ਨੇ ਕੀ ਕਹਿਣਾ ਹੈ ਪਰ ਸਾਰਿਆਂ ਦੀ ਸੂਈ ਬਾਰ-ਬਾਰ ਇੱਕੋ ਗੱਲ 'ਤੇ ਆ ਕੇ ਅਟਕ ਜਾਂਦੀ ਹੈ ਕਿ ਲੋਕ ਕੀ ਕਹਿਣਗੇ। ਜਿਹੜਾ ਇਹ ਲੋਕ ਕੀ ਕਹਿਣਗੇ, ਸ਼ਬਦ ਸਾਡੇ ਜਿਹਨ 'ਤੇ ਆ ਕੇ ਬੁਰੀ ਤਰ੍ਹਾਂ ਵੱਡੇ ਪੱਧਰ 'ਤੇ ਸਾਨੂੰ ਸਾਰਿਆਂ ਨੂੰ ਪ੍ਰਭਾਵਿਤ ਕਰ ਰਿਹਾ ਹੈ। ਇਸ ਨੇ ਜਿੱਥੇ ਨੁਕਸਾਨ ਤਾਂ ਕੀਤਾ ਹੀ ਹੈ, ਉਥੇ ਵੀ ਮਾਨਸਿਕ ਤੌਰ 'ਤੇ ਇਨਸਾਨ ਨੂੰ ਕਮਜ਼ੋਰ ਕੀਤਾ। ਭਾਵੇਂ ਵਰਤਾਰਾ ਕੋਈ ਅੱਜ ਦਾ ਨਹੀਂ ਔਰ ਪਿਛਲੇ ਲੰਬੇ ਸਮੇਂ ਤੋਂ ਚਲਿਆ ਆ ਰਿਹਾ ਹੈ। ਹਾਂ, ਨੌਜਵਾਨ ਵਰਗ ਥੋੜਾ ਬਹੁਤ ਇਸ ਤੋਂ ਕੁਝ ਦੂਰ ਜ਼ਰੂਰ ਹੋਇਆ ਹੈ ਪਰ ਇਸ ਦੇ ਪ੍ਰਭਾਵ ਥੱਲੇ ਅਜੇ ਵੀ ਬਹੁਤ ਸਾਰਾ ਸਮਾਜ ਹੈ।

ਜੇਕਰ ਅਸੀਂ ਗੁਰਬਾਣੀ ਦੇ ਫਲਸਫੇ ਅਨੁਸਾਰ ਜ਼ਿੰਦਗੀ ਜਿਉਂ ਕੇ ਵੇਖੀਏ, ਤਾਂ ਨਜ਼ਾਰਾ ਬੱਝ ਜਾਂਦਾ ਹੈ। ਗੁਰੂ ਸਾਹਿਬ ਨੇ ਗੁਰਬਾਣੀ ਦੇ ਅੰਦਰ ਕਿੰਨਾ ਸੱਚ ਲਿਖਿਆ ਹੈ, ਇਹ ਸਾਨੂੰ ਸਾਰਿਆਂ ਨੂੰ ਪਤਾ ਹੋਣ ਦੇ ਬਾਵਜੂਦ ਅਸੀਂ ਗੁਰਬਾਣੀ ਦਾ ਅਸਰ ਘੱਟ ਮੰਨਦੇ ਹਾਂ ਪਰ ਦੁਨਿਆਵੀ ਤੌਰ 'ਤੇ ਅਸੀਂ ਚੀਜ਼ਾਂ ਦਾ ਅਸਰ ਬਹੁਤ ਮੰਨਦੇ ਹਾਂ। ਅਸੀਂ ਕਿਸੇ ਦੀ ਜ਼ਿੰਦਗੀ ਤੋਂ ਕੀ ਲੈਣਾ ਹੈ। ਆਪਾਂ ਉੱਪਰ ਗੱਲ ਕਰ ਰਹੇ ਸੀ ਕਿ ਲੋਕ ਕੀ ਕਹਿਣਗੇ, ਅੱਜ ਇਸ ਗੱਲ ਦਾ ਇੱਕ ਬੁਰੀ ਤਰ੍ਹਾਂ ਹਊਆ ਬਣ ਚੁੱਕਿਆ ਹੈ ਕਿ ਲੋਕ ਕੀ ਕਹਿਣਗੇ। ਅਸੀਂ ਲੋਕਾਂ ਦੀ ਜ਼ਿੰਦਗੀ ਵਿਚ ਝਾਕ ਕੇ ਕੀ ਲੈਣਾ ਹੈ, ਅਸੀਂ ਲੋਕਾਂ ਤੋਂ ਕਿਉਂ ਡਰਦੇ ਹਾਂ, ਅਸੀਂ ਆਪਦੀ ਜ਼ਿੰਦਗੀ ਵਧੀਆ ਕਿਉਂ ਨਹੀਂ ਜਿਉ ਸਕਦੇ। ਅਸੀਂ ਸਾਰੀ ਦਿਹਾੜੀ ਦੂਜਿਆਂ ਦੇ ਕੰਮਾਂ ਵਿਚ ਦਾਖਲ ਦੇ ਕੇ 'ਲੋਕ ਕੀ ਕਹਿਣਗੇ' ਦਾ ਰੱਟਾ ਲਾ ਕੇ ਬੁਰੀ ਤਰ੍ਹਾਂ ਆਪਣੇ ਆਪ ਨੂੰ ਜਿੱਥੇ ਪ੍ਰਭਾਵਿਤ ਕਰ ਰਹੇ ਹਾਂ, ਉਥੇ ਹੀ ਹੋਰਾਂ ਦੀ ਜ਼ਿੰਦਗੀ ਵਿਚ ਦਾਖਲ ਅੰਦਾਜ਼ੀ ਕਰਕੇ ਜ਼ਿੰਦਗੀ ਨਰਕ ਵਰਗੀ ਬਣਾਉਣ ਨੂੰ ਤਰਜ਼ੀਹ ਦੇ ਰਹੇ ਹਾਂ।

*ਅਸੀਂ ਕਿਸੇ ਦੀ ਜ਼ਿੰਦਗੀ ਤੋਂ ਕੀ ਲੈਣਾ ਹੈ। ਆਪਾਂ ਉੱਪਰ ਗੱਲ ਕਰ ਰਹੇ ਸੀ ਕਿ ਲੋਕ ਕੀ ਕਹਿਣਗੇ, ਅੱਜ ਇਸ ਗੱਲ ਦਾ ਇੱਕ ਬੁਰੀ ਤਰ੍ਹਾਂ ਹਊਆ ਬਣ ਚੁੱਕਿਆ ਹੈ ਕਿ ਲੋਕ ਕੀ ਕਹਿਣਗੇ। ਅਸੀਂ ਲੋਕਾਂ ਦੀ ਜ਼ਿੰਦਗੀ ਵਿਚ ਝਾਕ ਕੇ ਕੀ ਲੈਣਾ ਹੈ, ਅਸੀਂ ਲੋਕਾਂ ਤੋਂ ਕਿਉਂ ਡਰਦੇ ਹਾਂ, ਅਸੀਂ ਆਪਦੀ ਜ਼ਿੰਦਗੀ ਵਧੀਆ ਕਿਉਂ ਨਹੀਂ ਜਿਉ ਸਕਦੇ। ਅਸੀਂ ਸਾਰੀ ਦਿਹਾੜੀ ਦੂਜਿਆਂ ਦੇ ਕੰਮਾਂ ਵਿਚ ਦਾਖਲ ਦੇ ਕੇ 'ਲੋਕ ਕੀ ਕਹਿਣਗੇ' ਦਾ ਰੱਟਾ ਲਾ ਕੇ ਬੁਰੀ ਤਰ੍ਹਾਂ ਆਪਣੇ ਆਪ ਨੂੰ ਜਿੱਥੇ ਪ੍ਰਭਾਵਿਤ ਕਰ ਰਹੇ ਹਾਂ, ਉਥੇ ਹੀ ਹੋਰਾਂ ਦੀ ਜ਼ਿੰਦਗੀ ਵਿਚ ਦਾਖਲ ਅੰਦਾਜ਼ੀ ਕਰਕੇ ਜ਼ਿੰਦਗੀ ਨਰਕ ਵਰਗੀ ਬਣਾਉਣ ਨੂੰ ਤਰਜ਼ੀਹ ਦੇ ਰਹੇ ਹਾਂ।*

ਗੁਰਬਾਣੀ ਦੇ ਫਲਸਫੇ ਅਨੁਸਾਰ ਇਨਸਾਨ ਦਾ ਇਸ ਜਹਾਨ ਦੇ ਅੰਦਰ ਕੋਈ ਵੀ ਸਕਾ ਨਹੀਂ ਹੈ। ਉਸ ਦੇ ਜਿੰਨੇ ਵੀ ਦੁਨਿਆਵੀ ਰਿਸ਼ਤੇ ਹਨ, ਉਹ ਸਾਰੇ ਇੱਕ ਤਰ੍ਹਾਂ ਨਾਲ ਕੇਵਲ ਵਿਖਾਵੇ ਦੇ ਸਾਧਨ ਹਨ, ਉਸ ਤੋਂ ਵੱਧ ਕੁਝ ਨਹੀਂ ਹੈ। ਜੇਕਰ ਅਸੀਂ ਗੁਰੂ ਸਾਹਿਬ ਦੇ ਫਲਸਫੇ ਅਨੁਸਾਰ ਜ਼ਿੰਦਗੀ ਜਿਊਣ ਦੀ ਕੋਸ਼ਿਸ਼ ਕਰਾਂਗੇ, ਤਾਂ ਅਸੀਂ ਪਾਰ ਲੰਘ ਜਾਵਾਂਗੇ, ਨਹੀਂ ਤਾਂ ਅਸੀਂ ਵਿਚਾਲੇ ਹੀ ਅੜਕਾਂਗੇ। ਇਹ ਸਦੀਵੀ ਸੱਚ ਹੈ। ਪਰ ਅਸੀਂ ਤਾਂ ਹੋਰ ਹੀ ਰਾਹ ਤੁਰ ਪਏ ਹਾਂ। ਅਸੀਂ ਤਾਂ ਸਾਰੀ ਦਿਹਾੜੀ ਇੱਕੋ ਗੱਲ ਦਾ ਰੱਟਾ ਲਗਾ ਕੇ ਬੈਠੇ ਹਾਂ ਕਿ ਫਲਾਣਾ ਆਪਣੀ ਜ਼ਿੰਦਗੀ ਅੰਦਰ ਕੀ ਕਰ ਰਿਹਾ ਹੈ, ਸਾਨੂੰ ਇਸ ਤੱਕ ਕੋਈ ਵੀ ਮਤਬਲ ਮੇਰੇ ਖਿਆਲ ਦੇ ਮੁਤਾਬਿਕ ਨਹੀਂ ਰੱਖਣਾ ਚਾਹੀਦਾ, ਕੋਈ ਕੁਝ ਵੀ ਕਰੇ। ਉਸ ਦੀ ਆਪਦੀ ਜ਼ਿੰਦਗੀ ਹੈ ਤੇ ਸਾਡੀ ਆਪਦੀ ਜ਼ਿੰਦਗੀ ਅਸੀਂ ਰਿਸ਼ਤੇ ਨਾਤਿਆਂ ਨੂੰ ਇਸ ਕਦਰ ਵੇਖਦੇ ਹਾਂ, ਜਿਵੇਂ ਅਸੀਂ ਕਿਸੇ ਦੇ ਮੁੱਲ ਲਏ ਹੋਈਏ ਜਾਂ ਕੋਈ ਦੂਸਰਾ ਸਾਡਾ ਮੁੱਲ ਲਿਆ ਹੋਵੇ, ਇਹ ਗੱਲ ਕਦੇ ਵੀ ਧਿਆਨ ਵਿਚ ਰੱਖ ਕੇ ਜ਼ਿੰਦਗੀ ਜਿਉਣ ਨੂੰ ਪਹਿਲ ਦੇਣੀ ਚਾਹੀਦੀ ਹੈ। ਲੋਕ ਜੋ ਮਰਜ਼ੀ ਕਰਨ ਸਾਨੂੰ ਕੋਈ ਪ੍ਰਵਾਹ ਨਹੀਂ ਹੋਣੀ ਚਾਹੀਦੀ।

ਜੇਕਰ ਅਸੀਂ ਗੁਰੂ ਸਾਹਿਬ ਦੇ ਫਲਸਫੇ ਨੂੰ ਮੰਨ ਕੇ ਚੱਲੀਏ, ਤਾਂ ਜ਼ਿੰਦਗੀ ਅੰਦਰ ਸਾਡਾ ਕੋਈ ਵੀ ਰਿਸ਼ਤਾ ਸਥਾਈ ਨਹੀਂ ਹੈ, ਇਹ ਕੇਵਲ ਦਿਖਾਵੇ ਮਾਤਰ ਸਾਧਨ ਹਨ। ਅਸਲ ਰਿਸ਼ਤਾ ਤਾਂ ਗੁਰੂ ਸਾਹਿਬ ਅਤੇ ਪ੍ਰਮਾਤਮਾ ਦੇ ਨਾਲ ਹੈ, ਜਿਸ ਨੂੰ ਅਸੀਂ ਮੰਨਣ ਤੋਂ ਇਨਕਾਰੀ ਹੋ ਚੁੱਕੇ ਹਾਂ। ਸਾਡੀ ਜ਼ਿੰਦਗੀ ਅੰਦਰ ਸਾਡਾ ਜੀਵਨ ਸਾਥੀ ਤੋਂ ਲੈ ਕੇ ਬੱਚਿਆਂ ਤੱਕ ਸਭ ਰਿਸ਼ਤੇ ਕੇਵਲ ਦਿਖਾਵੇ ਦੇ ਸਾਧਨ ਹਨ। ਹਾਂ, ਇਨ੍ਹਾਂ ਗੱਲਾਂ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹ ਸਾਧਨ ਤੇ ਰਿਸ਼ਤੇ ਵੀ ਜ਼ਰੂਰੀ ਹਨ, ਇਨ੍ਹਾਂ ਤੋਂ ਬਿਨਾਂ ਵੀ ਕੋਈ ਇਨਸਾਨ ਅਧੂਰਾ ਹੈ ਪਰ ਜੇਕਰ ਅਸੀਂ ਗੁਰੂ ਸਾਹਿਬ ਦੇ ਫਲਸਫੇ ਨੂੰ ਭੁੱਲ ਕੇ ਕੇਵਲ 'ਲੋਕ ਕੀ ਕਹਿਣਗੇ' ਦਾ ਰੱਟਾ ਲਾ ਕੇ ਆਪਣੀ ਜ਼ਿੰਦਗੀ ਨੂੰ ਨਰਕ ਬਣਾ ਲਈਏ, ਤਾਂ ਮੇਰੇ ਖਿਆਲ ਦੇ ਮੁਤਾਬਿਕ ਉਹ ਵੀ ਠੀਕ ਨਹੀਂ ਹੋਵੇਗਾ। ਸਾਡੇ ਸਮਾਜ ਅੰਦਰ ਸਾਰਿਆਂ ਨੂੰ ਆਪਣੀ ਜ਼ਿੰਦਗੀ ਜਿਉਣ ਦਾ ਹੱਕ ਹੈ ਤੇ ਸਾਨੂੰ ਵੀ ਦੂਜੇ ਨੂੰ ਜ਼ਿੰਦਗੀ ਜਿਉਣ ਦਾ ਹੱਕ ਦੇਣ ਦੀ ਲੋੜ ਹੈ।

ਅਸੀਂ ਚੰਗਾ ਹੋਵੇ, ਜੇਕਰ ਉਹ ਆਪਣੀ ਜ਼ਿੰਦਗੀ ਅੰਦਰ ਸਿਰਫ ਆਪਣੇ ਤੱਕ ਸੀਮਤ ਹੋ ਕੇ ਰਹੀਏ ਜਾਂ ਕਿਸੇ ਲੋੜਵੰਦ ਦੀ ਮਦਦ ਕਰ ਦੇਈਏ। ਹਸਪਤਾਲਾਂ ਦੇ ਅੰਦਰ ਜਾ ਕੇ ਗਰੀਬ ਦੀ ਜ਼ਿੰਦਗੀ ਦਾ ਦਰਦ ਜਾਣੀਏ ਜਾਂ ਕਿਸੇ ਸਕੂਲੀ ਬੱਚੇ ਦੀ ਫੀਸ ਭਰ ਦੇਈਏ ਪਰ ਨਹੀਂ ਅਸੀਂ ਤਾਂ ਉੱਚੀ-ਉੱਚੀ ਸਾਧਨਾਂ ਵਾਲੇ ਲੋਕਾਂ ਨਾਲ ਯਾਰੀ ਪਾ ਕੇ ਆਪਣੀ ਖੁਸ਼ਾਮਦ ਤੱਕ ਸੀਮਤ ਹੋ ਚੁੱਕੇ ਹਾਂ। ਇਹ ਦੁਨਿਆਵੀ ਰਿਸ਼ਤੇ ਮਿੱਟੀ ਦੀ ਤਰ੍ਹਾਂ ਹਨ, ਇੱਥੇ ਕਿਸੇ ਨੂੰ ਕੋਈ ਕਦਰ ਨਹੀਂ। ਆਪਣੇ ਮਾਂ-ਪਿਓ ਦੀ ਸੇਵਾ ਕਰੋ, ਗੁਰੂ ਸਾਹਿਬ ਦਾ ਨਾਮ ਜਪੋ, ਕਿਰਤ ਕਰੋ, ਵੰਡ ਕੇ ਖਾਓ, ਇਹੀ ਜ਼ਿੰਦਗੀ ਦਾ ਅਸਲ ਦਸਤੂਰ ਹੈ। ਅਰਦਾਸ ਕਰੋ ਸਰਬੱਤ ਦੇ ਭਲੇ ਦੀ ਅਤੇ ਲੋੜਵੰਦ ਦੀ ਮਦਦ ਕਰੋ। ਪਰ ਅਸੀਂ ਤਾਂ ਕੇਵਲ ਦੂਜਿਆਂ ਦੀ ਜ਼ਿੰਦਗੀ ਵਿਚ ਝਾਕ ਕੇ ਕੋਈ ਕੀ ਕਰ ਰਿਹਾ ਹੈ ਤੇ 'ਲੋਕ ਕੀ ਕਹਿਣਗੇ' ਦਾ ਬਾਜਾ ਬਜਾ ਰਹੇ ਹਾਂ, ਜੋ ਬਿਲਕੁਲ ਗਲਤ ਹੈ।

ਇਹ ਠੀਕ ਹੈ ਕਿ ਸਾਨੂੰ ਰਿਸ਼ਤੇ ਨਾਤਿਆਂ ਦੀ ਕਦਰ ਕਰੇ ਤੋਂ ਬਿਨਾਂ ਸਰਦਾ ਨਹੀਂ ਪਰ ਰਿਸ਼ਤੇ ਨਾਤੇ ਵੀ ਉਹ ਹੁੰਦੇ ਹਨ, ਜੋ ਜ਼ਿੰਦਗੀ ਵਿਚ ਤੁਹਾਡੇ ਨਾਲ ਆਪਣੀ ਜ਼ਿੰਦਗੀ ਦਾ ਅਸਲ ਫਰਜ਼ ਮੰਨ ਕੇ ਤੁਹਾਡੇ ਨਾਲ ਮਿੱਤਰਤਾ, ਯਾਰੀ ਦੋਸਤੀ ਜਾਂ ਆਪਣਾ ਜੀਵਨ ਸਾਥੀ ਦਾ ਫਰਜ਼ ਨਿਭਾਉਣ ਪਰ ਜੇਕਰ ਇਹ ਰਿਸ਼ਤੇਦਾਰ ਹੀ ਸਾਡੀ ਕਦਰ ਨਾ ਕਰਨ, ਤਾਂ ਅਸੀਂ ਇਨ੍ਹਾਂ ਰਿਸ਼ਤੇ ਨਾਤਿਆਂ ਤੋਂ ਲੈਣਾ ਵੀ ਕੀ ਹੈ। ਚੰਗਾ ਹੋਵੇ ਜੇਕਰ ਅਸੀਂ ਉਨ੍ਹਾਂ ਲੋਕਾਂ ਦਾ ਸਾਥ ਨਿਭਾਈਏ, ਜਿਹੜੇ ਤੁਹਾਡੇ ਨਾਲ ਰਹਿ ਕੇ ਤੁਹਾਡੀ ਮਾੜੀ ਨਾ ਕਰਨ ਅਤੇ ਤੁਹਾਡੀ ਜ਼ਿੰਦਗੀ ਦਾ ਹਿੱਸਾ ਬਣ ਕੇ ਇਸ ਸੰਸਾਰ ਅੰਦਰ ਨਿਭਾਉਣ ਦੀ ਕਲਾ ਦਾ ਮੂਲ ਬਣਨ। ਚੰਗਾ ਹੋਵੇ, ਜੇਕਰ ਅਸੀਂ ਰਿਸ਼ਤੇ ਨਾਤੇ ਉਹ ਅਪਣਾਈਏ, ਜਿਹੜੇ ਸਾਡੀ ਕਦਰ ਕਰਦੇ ਹੋਣ ਤੇ ਜਿਨ੍ਹਾਂ ਦੀ ਕਦਰ ਅਸੀਂ ਕਰਦੇ ਹੋਈਏ। ਧਰਮ ਵੀ ਇਹੀ ਗੱਲ ਕਹਿੰਦਾ ਹੈ ਕਿ ਗੁਰੂ ਸਾਹਿਬ ਦੀ ਸਿੱਖਿਆ ਦਾ ਮੂਲ ਉਦੇਸ਼ ਵੀ ਇਹੀ ਹੈ।

ਅਸੀਂ ਉਸ ਇਨਸਾਨ ਦੇ ਨਾਲ ਹੀ ਆਪਣੀ ਜ਼ਿੰਦਗੀ ਬਤੀਤ ਕਰੀਏ, ਜਿਹੜਾ ਸਾਡੇ ਪ੍ਰਤੀ ਵਫਾਦਾਰ ਹੋਵੇ ਪਰ ਅੱਜ ਤਾਂ ਅਸੀਂ ਸਿਰਫ ਤੇ ਸਿਰਫ ਇੱਕੋ ਗੱਲ ਦੇ ਮਗਰ ਪੈ ਕੇ ਰੱਟਾ ਲਾਇਆ ਹੋਇਆ ਹੈ ਕਿ 'ਲੋਕ ਕੀ ਕਹਿਣਗੇ'। ਅਸੀਂ ਕੀ ਲੈਣਾ ਹੈ, ਲੋਕਾਂ ਤੋਂ ਲੋਕਾਂ ਨੇ ਸਾਨੂੰ ਕੀ ਦੇ ਦਿੱਤਾ, ਲੋਕ ਕਿਸੇ ਨੂੰ ਕੀ ਦਿੰਦੇ ਹਨ, ਸਿਰਫ ਚੁਗਲੀਆਂ, ਚੋਰੀ, ਝੂਠ ਜਾਂ ਫਰੇਬ। ਇੱਥੇ ਕੋਈ ਕਿਸੇ ਦੇ ਕਿੰਨਾਂ ਕੁ ਨਾਲ ਖੜ੍ਹਦਾ ਹੈ, ਸਾਨੂੰ ਸਾਰਿਆਂ ਨੂੰ ਪਤਾ ਹੈ ਪਰ ਪਤਾ ਨਹੀਂ, ਅਸੀਂ ਕਿਉਂ ਇੱਕੋ ਗੱਲ ਦੇ ਮਗਰ ਪੈ ਕੇ ਕਿ 'ਲੋਕ ਕੀ ਕਹਿਣਗੇ' ਦਾ ਰੱਟਾ ਲਾ ਕੇ ਜ਼ਿੰਦਗੀ ਬਤੀਤ ਕਰ ਰਹੇ ਹਾਂ। ਚੰਗਾ ਹੋਵੇ, ਜੇਕਰ ਗੁਰੂ ਸਾਹਿਬ ਦੇ ਫਲਸਫੇ ਅਨੁਸਾਰ ਜ਼ਿੰਦਗੀ ਜਿਉਂ ਕੇ ਆਪਣਿਆਂ ਦੇ ਨਾਲ ਖੜ੍ਹੀਏ, ਆਪਣਿਆਂ ਦੇ ਨਾਲ ਮੁਹੱਬਤ ਪਾਈਏ ਅਤੇ ਆਪਣਿਆਂ ਦੇ ਨਾਲ ਜ਼ਿੰਦਗੀ ਜਿਊਣ ਦਾ ਸਵਾਦ ਵੇਖੀਏ, ਇਹੀ ਜ਼ਿੰਦਗੀ ਦਾ ਅਸਲ ਸੱਚ ਹੈ।

-ਡਾ ਅਮਰੀਕ ਸਿੰਘ ਕੰਡਾ
1764, ਗੁਰੂ ਰਾਮ ਦਾਸ ਨਗਰ
ਨੇੜੇ ਨੈਸ਼ਲੇ ਮੋਗਾ
98557-35666
ਪੰਜਾਬ ਮੇਲ USA



## ਸੱਚਾ ਸੁੱਚਾ


### ਕੰਡੇ ਦਾ ਕੰਡਾ

ਸਾਰੇ ਭਾਰਤ ਨੂੰ ਇਹ ਪਤਾ ਲੱਗ ਗਿਆ, ਬੀਤੀਆ ਹੋਇਆ ਇੱਕ ਵੀ ਪਲ ਵਾਪਿਸ ਨਹੀਂ ਆਵੇਗਾ। ਨਾ ਨਫਰਤ, ਨਾ ਈਰਖਾ, ਕਿਤੇ ਕੰਮ ਨਹੀਂ ਆਵੇਗੀ। ਝੂਠ, ਝੂਠ ਹੀ ਰਹੇਗਾ। ਸੱਚ ਬੋਲੋ, ਸੱਚ ਸੱਚ ਹੀ ਹੁੰਦਾ ਹੈ। ਬੱਸ ਫੇਰ ਕੀ, ਸਾਰੇ ਪਾਸੇ ਪਿਆਰ ਹੀ ਪਿਆਰ। ਹਰ ਕੋਈ ਸੱਚ ਬੋਲ ਰਿਹਾ। ਹਰ ਕੋਈ ਮਿਹਨਤ ਕਰ ਰਿਹਾ। ਸਾਰੇ ਸਿਆਸੀ ਇੱਕਠੇ ਹੋ ਗਏ। ਸਾਰੇ ਰਿਸ਼ਵਤਖੋਰੀ ਖਤਮ ਹੋ ਗਈ। ਹਰ ਪਾਸੇ ਲਾਲਚ ਖਤਮ ਹੋ ਗਿਆ। ਭਾਰਤ ਇਮਾਨਦਾਰੀ ਦੀ ਮਿਸਾਲ ਬਣ ਗਿਆ। ਮੇਰਾ ਭਾਰਤ ਮਹਾਨ, ਮੇਰਾ ਭਾਰਤ ਮਹਾਨ। ਤਦੇ ਮੇਰੀ ਘਰਵਾਲੀ ਨੇ ਕਿਹਾ, ਉਠੋ ਜੀ ਸੱਤ ਵੱਜ ਗਏ, ਤੁਸੀਂ ਆਫਿਸ ਨਹੀਂ ਜਾਣਾ। ਤਦੇ ਹੀ ਮੈਨੂੰ ਝਟਕਾ ਲੱਗਾ, ਇਹ ਤਾਂ ਸੁਪਨਾ ਸੀ, ਬਹੁਤ ਸੋਹਣਾ ਸੱਚਾ-ਸੁੱਚਾ ਸੁਪਨਾ।



# ਮਨੁੱਖੀ ਦੁਖਾਂਤ ਮਨੁੱਖ ਦੇ ਆਪਣੇ ਹੀ ਹੱਥੋਂ

-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
ਪੰਜਾਬ ਮੇਲ USA





ਮਨੁੱਖੀ ਦੁਖਾਂਤ ਮਨੁੱਖ ਦੇ ਹੱਥੋਂ ਨਹੀਂ ਹੋਣਾ ਚਾਹੀਦਾ, ਭਾਵ ਮਨੁੱਖ ਮਨੁੱਖ ਦਾ ਬੁਰਾ ਨਾ ਗਰੇ। ਦੂਜਿਆਂ ਨਾਲ ਅਜਿਹਾ ਵਤੀਰਾ ਕਰੋ, ਜਿਵੇਂ ਤੁਸੀਂ ਚਾਹੁੰਦੇ ਹੋ ਕਿ ਉਹ ਤੁਹਾਡੇ ਨਾਲ ਕਰਨ। ਮਨੁੱਖ ਕੋਲ ਕੁਦਰਤੀ ਆਫਤਾਂ ਭਾਵ ਵਰਖਾ, ਹਨੇਰੀ, ਝੱਖੜ, ਗਰਮੀ, ਸਰਦੀ ਅਤੇ ਬਿਮਾਰੀਆਂ ਦਾ ਕੋਈ ਹੱਲ ਨਹੀਂ। ਪਰ ਮਨੁੱਖ ਮਨੁੱਖ ਦਾ ਬੁਰਾ ਨਾ ਕਰੇ। ਦਜਿਆਂ ਲਈ ਵੀ ਜਿਊਣਾ ਸਿੱਖੇ। ਅਜਿਹਾ ਤਾਂ ਹੀ ਹੋ ਸਕਦਾ ਹੈ ਕਿ ਜੇ ਮਨੁੱਖ ਪੂਰਨ ਮਨੁੱਖ ਹੋਵੇ, ਭਾਵ ਮਨੁੱਖ ਵਿਚ ਮਨੁੱਖਤਾ ਤਾਂ ਹੋਵੇ। ਪਰ ਸਦੀਆਂ ਬੀਤ ਗਈਆਂ, ਅਜਿਹਾ ਨਹੀਂ ਹੋਇਆ। ਮਨੁੱਖ ਨੂੰ ਹੋਂਦ ਵਿਚ ਆਇਆਂ ਸਦੀ ਬੀਤ ਗਈਆਂ ਅਤੇ ਅਨੇਕਾਂ ਧਰਮ ਹੋਂਦ ਵਿਚ ਆਏ, ਜਿਵੇਂ ਈਸਾਈ, ਬੁੱਧ ਧਰਮ, ਇਸਲਾਮ ਅਤੇ ਸਿੱਖ ਧਰਮ, ਜਿਹੜਾ ਹਿੰਦੂ ਧਰਮ ਦੀਆਂ ਊਣਤਾਈਆਂ ਦੇਖ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਹੋਣਾ ਨੇ ਸਥਾਪਿਤ ਕੀਤਾ ਸੀ, ਪਰ ਮਨੁੱਖ ਅਜੇ ਤੱਕ ਪੂਰਨ ਮਨੁੱਖ ਨਹੀਂ ਬਣਿਆ, ਜਿਸ ਕਰਕੇ ਅੱਜ ਦੁਨੀਆਂ ਵਿਚ ਕੀ ਕੁੱਝ ਹੋ ਰਿਹਾ ਹੈ? ਮਨੁੱਖ ਦੇ ਹੱਥੋਂ ਮਨੁੱਖ ਦਾ ਹੀ ਘਾਣ ਹੈ। ਰਿਹਾ ਹੈ। ਮਨੁੱਖ ਇੱਕ ਸਿਰ, ਇੱਕ ਮੂੰਹ, ਇੱਕ ਨੱਕ, ਦੋ ਹੱਥ, ਦੋ ਪੈਰ, ਦੋ ਅੱਖਾਂ, ਦੋ ਬਾਹਵਾਂ ਅਤੇ ਦੋ ਲੱਤਾਂ ਵਾਲੀ ਸ਼ਕਲ ਮਨੁੱਖ ਨਹੀਂ ਹੁੰਦੀ। ਮਨੁੱਖ ਉਹ ਹੁੰਦਾ ਹੈ, ਜਿਹੜਾ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੇ ਈਰਖਾ ਤੋਂ ਰਹਿਤ ਹੋਵੇ ਅਤੇ ਜਿਸ ਵਿਚ ਹਮਦਰਦੀ, ਦਇਆ, ਪਿਆਰ, ਸਤਿਕਾਰ, ਸਹਿਣਸ਼ੀਲਤਾ, ਨਿਮਰਤਾ, ਅਣਖ, ਜ਼ਮੀਰ, ਨੈਤਿਕਤਾ, ਅਹਿਸਾਸ ਅਤੇ ਜਜ਼ਬਾ ਹੋਵੇ।

ਆਦਮੀ ਮੇਂ ਲਾਖੋਂ ਜੌਹਰ ਹੋ,
ਅਗਰ ਆਦਮੀਅਤ ਨਹੀਂ ਤੋਂ ਕੁੱਛ ਭੀ ਨਹੀਂ।
ਔਰ ਭੀ ਗ਼ਮ ਹੈ ਜ਼ਮਾਨੇ ਮੇਂ, ਮੁਹੱਬਤ ਕੇ ਸਿਵਾ।
ਰਾਹਤੇਂ ਔਰ ਭੀ ਹੈ, ਵਸਲ ਕੀ ਰਾਹਤ ਕੇ ਸਿਵਾ।

ਮਨੁੱਖੀ ਦੁਖਾਂਤ ਮਨੁੱਖ ਦੇ ਹੱਥੀਂ ਨਹੀ ਹੋਣਾ ਚਾਹੀਦਾ। ਭਾਵ ਮਨੁੱਖ ਮਨੁੱਖ ਦਾ ਬੁਰਾ ਨਾ ਕਰੇ। ਦੂਜਿਆਂ ਨਾਲ ਅਜਿਹਾ ਵਤੀਰਾ ਕਰੋ ਜਿਵੇਂ ਤੁਸੀਂ ਚਾਹੁੰਦੇ ਹੋ ਕਿ ਉਹ ਤੁਹਾਡੇ ਨਾਲ ਕਰਨ।

ਮਨੁੱਖ ਦੇ ਕੋਲ ਕੁਦਰਤੀ ਆਫਤਾਂ ਭਾਵ ਵਰਖਾ, ਹਨ੍ਹੇਰੀ, ਝੱਖੜ, ਗਰਮੀ, ਸਰਦੀ ਅਤੇ ਬਿਮਾਰੀਆਂ ਆਦਿ ਦਾ ਕੋਈ ਹੱਲ ਨਹੀਂ। ਪਰ ਮਨੁੱਖ ਮਨੁੱਖ ਦਾ ਬੁਰਾ ਤਾਂ ਨਾ ਕਰੇ। ਦੂਜਿਆਂ ਲਈ ਵੀ ਜਿਊਣਾ ਸਿੱਖੋ।

"ਜੀਵਨ ਉਸ ਦਾ ਜੀਵਨ ਹੈ, ਜੋ ਔਰ ਕੋ ਜੀਵਨ ਦੇਤਾ ਹੈ।"

ਅਜਿਹਾ ਤਾਂ ਹੀ ਹੋ ਸਕਦਾ ਹੈ ਕਿ ਜੇ ਮਨੁੱਖ ਪੂਰਨ ਮਨੁੱਖ ਹੋਵੇ। ਭਾਵ ਮਨੁੱਖ ਵਿੱਚ ਮਨੁੱਖਤਾ ਹੋਵੇ। ਪਰ ਸਦੀਆਂ ਬੀਤ ਗਈਆਂ ਅਜਿਹਾ ਨਹੀਂ ਹੋਇਆ। ਮਨੁੱਖ ਨੂੰ ਹੋਂਦ ਵਿਚ ਆਇਆਂ ਸਦੀਆਂ ਬੀਤ ਗਈਆਂ ਅਤੇ ਅਨੇਕਾਂ ਧਰਮ ਹੋਂਦ ਵਿਚ ਆਏ, ਜਿਵੇਂ ਈਸਾਈ, ਬੁੱਧ ਧਰਮ, ਇਸਲਾਮ ਅਤੇ ਆਧੁਨਿਕ ਸਿੱਖ ਧਰਮ ਜਿਹੜਾ ਹਿੰਦੂ ਧਰਮ ਦੀਆਂ ਊਣਤਾਈਆਂ ਦੇਖ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਹੋਣਾ ਨੇ ਸਥਾਪਿਤ ਕੀਤਾ ਸੀ। ਪਰ ਮਨੁੱਖ ਹੁਣ ਤੱਕ ਪੂਰਾ ਨਹੀਂ ਬਣਿਆ। ਜਿਸ ਕਰਕੇ ਅੱਜ ਦੁਨੀਆਂ ਵਿਚ ਕੀ ਕੁੱਝ ਹੋ ਰਿਹਾ ਹੈ, ਮਨੁੱਖ ਦੇ ਹੱਥੋਂ ਮਨੁੱਖ ਦਾ ਘਾਣ ਹੋ ਰਿਹਾ ਹੈ।

ਸਦੀਆਂ ਬੀਤ ਗਈਆਂ ਨੇ ਜਦੋਂ ਗੁਰੂ ਸਾਹਿਬਾਨ ਜੀ ਨੇ ਮਨੁੱਖ ਨੂੰ ਸ਼ੁੱਭ ਅਮਲ ਕਰਨ ਦੀ ਸਿੱਖਿਆ ਦਿੱਤੀ ਸੀ। ਸਿਆਣੇ ਕਹਿਦੇ ਹਨ "ਸ਼ੁੱਭ ਅਮਲਾਂ 'ਤੇ ਹੋਣੇ ਨੇ ਨਿਬੇੜੇ ਤੇ ਜਾਤ ਕਿਸੇ ਪੁੱਛਣੀ ਨਹੀਂ।" ਜਦੋਂ ਸ੍ਰੀ ਗੁਰੂ ਜੀ ਮੱਕੇ ਮਦੀਨੇ ਗਏ ਸਨ, ਤਾਂ ਕਾਜ਼ੀਆਂ ਨੇ ਗੁਰੂ ਜੀ ਨੂੰ ਪੁੱਛਿਆ ਸੀ ਕਿ ਹਿੰਦੂ ਵੱਡਾ ਕੇ ਮੁਸਲਮਾਨ ਤਾਂ ਗੁਰੂ ਜੀ ਦਾ ਉੱਤਰ ਸੀ: "ਸੁਭ ਅਮਲਾ ਬਾਝਹੁ ਦੋਨੋ ਰੋਈ॥" ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ, "ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥"

ਮਨੁੱਖੀ ਦੁਖਾਂਤ ਮਨੁੱਖ ਦੇ ਹੱਥੋਂ ਸਮਾਪਤ ਨਹੀਂ ਹੋ ਸਕਦਾ, ਜਦੋਂ ਤੱਕ ਮਨੁੱਖ ਪੂਰਨ ਮਨੁੱਖ ਨਹੀਂ ਬਣ ਜਾਂਦਾ। ਪੂਰਨ ਮਨੁੱਖ ਬਣਨਾ ਸੌਖਾ ਨਹੀਂ, ਜਿਵੇਂ ਫਰਿਸ਼ਤੋ ਸੇ ਬਿਹਤਰ ਹੈ ਇਨਸਾਨ ਬਣਨਾ, ਮਗਰ ਇਸ ਮੇਂ ਲਗਤੀ ਹੈ ਮਿਹਨਤ ਜ਼ਿਆਦਾ। ਸਿੱਖ ਧਰਮ ਵਿਚ ਆਚਾਰੁ ਨੂੰ ਬਹੁਤ ਉੱਤਮ ਸਮਝਿਆ ਹੈ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ, "ਸਚਹੁ ਉਰੈ ਸਭ ਕੋ ਉਪਰਿ ਸਚੁ ਆਚਾਰੁ॥"

ਅੰਗਰੇਜ਼ੀ ਕਵੀ ਕੈਂਸਰ ਇਸ ਨੂੰ ਇਸ ਪ੍ਰਕਾਰ ਆਖਦੇ ਹਨ:

If wealth is lost, nothing is lost.

If health is lost, something is lost.

If character is lost, everything is lost.

ਆਪਣੇ ਵਿਚ ਮਨੁੱਖਤਾ ਪੈਦਾ ਕਰੋ। ਭਾਵ ਮਨੁੱਖ ਦੇ ਕੰਮ ਚੰਗੇ ਹੋਣੇ ਚਾਹੀਦੇ ਹਨ। ਇੱਕ ਚੰਗਾ ਅਧਿਆਪਕ, ਚੰਗਾ ਡਾਕਟਰ, ਚੰਗਾ ਲੇਖਕ, ਚੰਗਾ ਗੀਤਕਾਰ, ਚੰਗਾ ਗਾਇਕ ਹੋਣਾ ਹੋਰ ਗੱਲ ਹੈ। ਇੱਕ ਚੰਗਾ ਮਨੁੱਖ ਹੋਣਾ ਹੋਰ ਗੱਲ ਹੈ। Be honest, humble, helpful, kind, diligent, Responsible, sympathetic, humanitarian, Respectful.

ਮਨੁੱਖ ਦੀ ਪਛਾਣ ਮਨੁੱਖ ਦੇ ਕੰਮ ਅਤੇ ਮਨੁੱਖ ਦੀ ਸੰਗਤ ਹੁੰਦੀ ਹੈ। ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ, "ਕਰਤੂਤਿ ਪਸੂ ਕੀ ਮਾਨਸ ਜਾਤਿ॥" ਸਤ ਸੰਗਤਿ ਮਿਲੈ ਸੋ ਤਰਿਆ। ਜੈਸੀ ਸੰਗਤ ਵੈਸੀ ਰੰਗਤ। ਜੇ ਤੁਸੀਂ ਅੰਮ੍ਰਿਤ ਨਹੀਂ ਛੱਕ ਸਕਦੇ ਅਤੇ ਸ਼ਰਾਬ ਵੀ ਨਹੀਂ ਛੱਡ ਸਕਦੇ, ਪਰ ਬੰਦਾ ਘੱਟੋ-ਘੱਟ ਬੰਦੇ ਦਾ ਬੁਰਾ ਤਾਂ ਨਾ ਕਰੇ। ਗਲਤ ਕੰਮ ਨਾ ਕਰੇ, ਭਾਵ ਬਦੀ ਤੇ ਨੇਕੀ, ਚੰਗਾ ਤੇ ਮਾੜਾ, ਸੱਚ ਤੇ ਝੂਠ, ਠੀਕ ਤੇ ਗਲਤ ਦੀ ਪਛਾਣ ਮਨੁੱਖ ਨੂੰ ਜ਼ਰੂਰ ਹੋਣੀ ਚਾਹੀਦੀ ਹੈ। ਜਿਵੇਂ ਗੁਰਬਾਣੀ ਵਿਚ ਵੀ ਮਨੁੱਖ ਦੀਆਂ ਦੋ ਵੱਡੀਆਂ ਕਿਸਮਾਂ ਦੱਸੀਆਂ ਹਨ, ਜਿਵੇਂ ਗੁਰਮੁਖਿ ਤੇ ਮਨਮੁਖਿ। ਜਿਹੜਾ ਵੀ ਹੁਣ ਤੱਕ ਮਾੜਾ ਹੋਇਆ ਹੈ, ਉਹ ਮਾੜੇ ਬੰਦਿਆਂ ਕਰਕੇ ਹੀ ਹੋਇਆ ਹੈ ਅਤੇ ਜਿਹੜਾ ਚੰਗਾ ਹੋਇਆ ਹੈ, ਉਹ ਚੰਗੇ ਬੰਦਿਆਂ ਕਰਕੇ ਹੀ ਹੋਇਆ ਹੈ। ਜਿਸ ਦਿਨ ਮਨੁੱਖ ਪੂਰਨ ਮਨੁੱਖ ਬਣ ਗਿਆ, ਉਸ ਦਿਨ ਇਹ ਦੁਨੀਆਂ ਸਵਰਗ ਬਣ ਜਾਵੇਗੀ। ਇਨਸਾਫ ਚਾਹੁਣ ਵਾਲੇ ਲੋਕੋ, ਇਨਸਾਫ ਦੀ ਕੁਰਸੀ 'ਤੇ ਕਾਤਲ ਕਿਉਂ ਬਿਠਾਇਆ ਹੈ। ਕਿਸੇ ਨਾਲ ਧੋਖਾ ਨਾ ਕਰੋ। ਕਿਸੇ ਦਾ ਹੱਕ ਨਾ ਖਾਓ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ, "ਹੱਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ॥"

Be a nice person. A nice person is he who possesses a good moral character and good conscience.

# ਨਸ਼ਾ, ਸਰਕਾਰਾਂ ਅਤੇ ਮਾਪੇ

ਜਸਵੰਤ ਸਿੰਘ ਜੋਗਾ
ਫੋਨ-6239643306
ਪੰਜਾਬ ਮੇਲ USA





ਭਾਰਤ ਦੇ ਸਾਰੇ ਰਾਜਾਂ ਵਿਚ ਨਸ਼ਾ ਵਿਕਦਾ ਤੇ ਵੇਚਿਆ ਜਾਂਦਾ ਹੈ। ਉਹ ਚਾਹੇ ਸਰਕਾਰਾਂ ਤੇ ਵੱਡੇ ਲੋਕਾਂ ਦੇ ਸ਼ਹਿ 'ਤੇ ਹੋਵੇ। ਪਰ ਸਭ ਤੋਂ ਜ਼ਿਆਦਾ ਰੌਲਾ ਨਸ਼ਿਆਂ ਦੇ ਨਾਮ 'ਤੇ ਪੰਜਾਬ ਵਿਚ ਪਾਇਆ ਜਾਂਦਾ ਤੇ ਪਾਇਆ ਜਾ ਰਿਹੈ। ਕਦੇ ਕੈਪਟਨ ਨੇ ਸੌਂਹ ਖਾਧੀ ਸੀ ਕਿ ਮੈਂ ਪੰਜਾਬ 'ਚੋਂ ਨਸ਼ਾ ਖਤਮ ਕਰੂੰ। ਉਨ੍ਹਾਂ ਤੋਂ ਵੀ ਸਰਕਾਰ ਰਹਿੰਦਿਆਂ ਕੁਝ ਨੀਂ ਹੋਇਆ, ਫੇਰ ਵਾਰੀ ਆਈ ਹੁਣ ਆਲੀ ਸਰਕਾਰ ਦੀ, ਜਿਹੜੀ ਬਦਲਾਅ ਦਾ ਨਾਆਰਾ ਲਾ ਕੇ ਸਰਕਾਰ 'ਚ ਆਈ। ਇਸ ਤੋਂ ਵੀ ਕੁਝ ਜ਼ਿਆਦਾ ਕੁਝ ਨੀਂ ਹੋ ਰਿਹਾ। ਸਰਕਾਰਾਂ ਚਾਹੁਣ ਤਾਂ ਸਭ ਕੁਝ ਕਰ ਸਕਦੀਆਂ ਪਰ ਜਿਹੜੇ ਸ਼ਰਾਬ ਨੂੰ ਨਸ਼ਾ ਹੀ ਨਾ ਮੰਨਦੇ ਹੋਣ, ਉਨ੍ਹਾਂ ਤੋਂ ਤੁਸੀਂ ਕਿਹੜੀ ਆਸ ਰੱਖਦੇ ਹੋ। ਸਰਕਾਰ ਦੀ ਮਹੀਨਿਆਂ ਬੱਧੀ ਇੱਕਲੀ ਸਰਕਾਰ ਤੋਂ ਆਮਦਨ ਕਰੋੜਾਂ ਵਿਚ ਹੁੰਦੀ ਹੈ। ਕੀ ਉਹ ਇਸਨੂੰ ਬੰਦ ਕਰਨਗੇ? ਅੱਜ ਸਰਕਾਰਾਂ ਲੋਕਾਂ ਦੇ ਪੁੱਤ ਮਰਨ ਤੋਂ ਬਾਦ ਕਹਿੰਦੀਆਂ ਨੇ, ਕਲਾਕਾਰ ਹਥਿਆਰਾਂ ਆਲੇ ਗੀਤ ਨਾ ਗਾਉਣ, ਕੀ ਕਦੇ ਇਹੀ ਸਰਕਾਰਾਂ ਕਹਿਣਗੀਆਂ ਕਿ ਨਸ਼ਿਆਂ 'ਤੇ ਗੀਤ ਗਾਉਣੇ ਬੰਦ ਕਰੋ।

ਸੋਚਣ ਵਾਲੀ ਗੱਲ ਹੈ ਕਿ ਪੁਲਿਸ ਦੁਆਰਾ ਫੜਿਆ ਨਸ਼ਾ ਆਖਰ ਕਿੱਥੇ ਆ? ਵੱਡਿਆਂ ਸ਼ਹਿਰਾਂ ਤੋਂ ਛੋਟਿਆਂ ਪਿੰਡਾਂ ਦੇ ਕੁਝ ਥਾਵਾਂ 'ਤੇ ਸ਼ਰੇਆਮ ਨਸ਼ਾ ਆਖਿਰ ਵਿਕਦੀ ਕਿਸਦੀ ਸ਼ਹਿ 'ਤੇ ਆ?

ਪੁਲਿਸ ਦੀ ਸ਼ਹਿ 'ਤੇ ਵਿਕਦਾ, ਤਾਂ ਇਹ ਬੰਦ ਕਿਉਂ ਨੀਂ ਕੀਤਾ ਜਾ ਰਿਹਾ? ਕਿੰਨੇ ਹੀ ਲੋਕਾਂ ਦੇ ਸਵਾਲ ਹੋਣਗੇ ਪਰ ਜਵਾਬ ਕਿਸੇ ਨਾ ਦੇਣਾ, ਨਾ ਕਿਸੇ ਨੇ ਦਿੱਤਾ। ਅੱਜ ਨਹੀਂ ਤਾਂ ਕੱਲ੍ਹ ਸਾਨੂੰ ਆਸ ਛੱਡ ਦੇਣੀ ਚਾਹੀਦੀ ਹੈ ਕਿ ਸਰਕਾਰਾਂ ਕਦੇ ਨਸ਼ੇ ਬੰਦ ਕਰਨਗੀਆਂ।

ਨਸ਼ਿਆਂ ਤੋਂ ਆਪਣੇ ਬੱਚਿਆਂ ਨੂੰ ਬਚਾਉਣਾ ਹੈ, ਤਾਂ ਉਹ ਕਰੋ ਜੋ ਮੇਰੇ ਬਾਪੂ ਨੇ ਕਰਿਆਂ ਸੀ। ਮੇਰਾ ਬਾਪੂ ਕੁਝ ਸਮਾਂ ਸ਼ਰਾਬ ਦਾ ਨਾਜਾਇਜ਼ ਆਦੀ ਰਿਹਾ, ਬਾਦ ਵਿਚ ਇੱਕਦਮ ਸੋਫੀ ਬਣਿਆ। ਮੈਂ ਉਦੋਂ ਪੰਜਵੀਂ ਜਮਾਤ 'ਚ ਪੜ੍ਹਦਾ ਸੀ, ਜਦੋਂ ਮੇਰਾ ਇੱਕ ਦੋਸਤ ਛੋਟੀ ਉਮਰੇ ਨਸ਼ਿਆਂ 'ਚ ਪੈਣਾ ਸ਼ੁਰੂ ਹੋ ਗਿਆ ਸੀ। ਮੇਰਾ ਬਾਪੂ ਮੇਰੇ ਉਦੋਂ ਹੀ ਕੁਟਾਪਾ ਚਾੜ ਦਿੰਦਾ, ਜਦੋਂ ਵੀ ਮੈਨੂੰ ਉਸ ਨਾਲ ਵੇਖਦਾ। ਮੈਂ ਆਪਣੇ ਬਾਪੂ ਜੀ ਨੂੰ ਬੜਾ ਕਹਿੰਦਾ ਕਿ ਬਾਪੂ ਫਿਕਰ ਨਾ ਕਰ ਤੇਰਾ ਪੁੱਤ ਨਸ਼ਿਆਂ 'ਚ ਨੀਂ ਪੈਂਦਾ ਪਰ ਬਾਪੂ ਨੇ ਸਭ ਹੰਢਾਇਆ ਹੋਇਆ ਸੀ, ਫੇਰ ਵੀ ਮੇਰੇ 'ਤੇ ਪੈਣੀ ਨਜ਼ਰ ਰੱਖਦਾ ਸੀ। ਮੇਰੇ ਬਾਪੂ ਜੀ ਦਾ ਮੇਰੇ 'ਤੇ ਇੰਨਾ ਡਰ ਸੀ ਕਿ ਮੈਂ ਉਸਦੇ ਕੰਮ ਤੋਂ ਘਰੇ ਆਉਣ ਤੋਂ ਪਹਿਲਾਂ-ਪਹਿਲਾਂ ਘਰ ਹੁੰਦਾ ਸੀ। ਇੱਕ ਦਿਨ ਅਜਿਹਾ ਆਇਆ, ਇੰਨੇ ਡਰ ਦੇ ਬਾਵਜੂਦ ਵੀ ਮੈਂ ਇੱਕ ਦਿਨ ਉਸ ਦੋਸਤ ਲਈ ਸਿਗਰਟਾਂ ਲੈ ਕੇ ਉਸ ਕੋਲ ਗਿਆ। ਕਿਸੇ ਨੇ ਮੇਰੇ ਤਾਇਆ ਜੀ ਕੋਲ ਸੂਹ ਦਿੱਤੀ ਵੀ, ਤੇਰਾ ਭਤੀਜਾ ਸਿਗਰਟਾਂ ਪੀ ਰਿਹਾ ਸੀ। ਤਾਇਆ ਚਾਹੇ ਰੋਜ਼ਾਨਾ ਬੀੜੀਆਂ ਪੀਣ ਦਾ ਆਦੀ ਸੀ ਪਰ ਮੈਨੂੰ ਉਸਨੇ ਉਹ ਕੁਟਾਪਾ ਚਾੜਿਆ, ਜੋ ਮੈਂ ਅੱਜ ਤੱਕ ਨੀਂ ਭੁੱਲਿਆ। ਉਹ ਦਿਨ ਦੂਰ ਮੈਂ ਅੱਜ ਤੱਕ ਤਾਏ ਦੀ ਉਸ ਕੁੱਟ ਦੇ ਸਦਕਾ ਅੱਜ ਤੱਕ ਕਿਸੇ ਨਸ਼ੇ ਨੂੰ ਹੱਥ ਨੀਂ ਲਾਇਆ। ਮੇਰਾ ਦੋਸਤ ਅੱਜ ਨਸ਼ਿਆਂ ਦਾ ਆਦੀ ਹੋ ਗਿਆ, ਪਹਿਲਾਂ ਸਿਗਰਟਾਂ ਨਾਲ ਸੁਲਫਾ, ਫੇਰ ਸ਼ਰਾਬ, ਕਰੈਕਸ, ਫੇਰ ਚਿੱਟਾ ਹੋਰ ਪਤਾ ਨੀਂ ਕੀ-ਕੀ! ਮੈਂ ਇਹ ਸਭ ਦਾ ਜ਼ਿਕਰ ਇਸ ਲਈ ਕੀਤਾ ਕਿ "ਸਰਕਾਰਾਂ ਨਸ਼ੇ ਸਾਡੇ ਧੀਆਂ ਪੁੱਤਾਂ ਦੇ ਮੂੰਹ ਵਿਚ ਨੀਂ ਪਾਉਂਦੀਆਂ"। ਮੰਨਿਆ ਕਿ ਸਰਕਾਰਾਂ ਨਸ਼ੇ ਵਿਕਾਉਂਦੀਆਂ ਨੇ, ਨਾ ਖਰੀਦੋ, ਖਰੀਦਣ ਦੀ ਲੋੜ ਤੁਹਾਨੂੰ ਹੈ ਤੇ ਖਰੀਦ ਰਹੇ ਹੋ।

ਫਰਜ਼ ਕਰੋ ਤੁਸੀਂ ਠੇਕੇ ਅੱਗੇ ਖੜ੍ਹੇ ਹੋ, ਤੁਸੀ ਠੇਕੇ 'ਤੇ ਤਾਂਹੀਂ ਸ਼ਰਾਬ ਖਰੀਦੋਗੇ, ਜੇ ਤੁਹਾਨੂੰ ਸ਼ਰਾਬ ਦੀ ਲੋੜ ਹੈ, ਮੈਨੂੰ ਕੋਈ ਫਰੀ ਵਿਚ ਸ਼ਰਾਬ ਦੇਵੇ, ਮੈਂ ਕਿਉਂ ਲਊਂ ਕਿਉਂਕਿ ਮੈਨੂੰ ਲੋੜ ਹੀ ਨਹੀਂ। ਮੇਰੇ ਸਾਹਮਣੇ ਨਸ਼ਿਆਂ ਦਾ ਢੇਰ ਲੱਗਿਆ ਹੋਵੇ, ਮੈਂ ਨਸ਼ਾਂ ਫੇਰ ਹੀ ਚੁੱਕੂ, ਜੇ ਮੈਨੂੰ ਲੋੜ ਹੋਓ।

ਮਾਪਿਆਂ ਨੂੰ ਚਾਹੀਦਾ ਕਿ ਆਪਣੇ ਬੱਚਿਆਂ ਨੂੰ ਬਚਪਨ ਵਿਚ ਹੀ ਚੰਗੀ ਸਿੱਖਿਆ ਦਿਓ। ਉਨ੍ਹਾਂ ਵਿਚ ਘੱਟੋ-ਘੱਟ ਤੁਹਾਡਾ ਸਤਿਕਾਰ ਹੋਵੇ, ਗੱਲ ਡਰਾ ਕੇ ਰੱਖਣ ਦੀ ਨਹੀਂ, ਗੱਲ ਤੁਹਾਡੀ ਭਾਵਨਾ ਨੂੰ ਸਮਝਣ ਦੀ ਹੈ ਕਿ ਬੱਚੇ ਕੋਈ ਨਸ਼ਾ ਕਰਨ ਤੋਂ ਪਹਿਲਾਂ ਸੌ ਵਾਰੀ ਸੋਚਣ ਕਿ ਮੇਰੇ ਬਾਪੂ ਜੀ ਨੇ ਮੈਨੂੰ ਇਸ ਕੰਮ ਤੋਂ ਰੁਕਣ ਲਈ ਕਿਹਾ, ਤਾਂ ਮੈਨੂੰ ਰੁਕਣਾ ਚਾਹੀਦਾ। ਜਦੋਂ ਅਜਿਹਾ ਨਹੀਂ ਹੁੰਦਾ, ਤਾਂ ਇਹੀ ਵਿਗੜੀ ਹੋਈ ਸੋਚ ਚੰਗੀਆਂ ਭਲੀਆਂ ਮੈਡੀਕਲ ਦਵਾਈਆਂ ਨੂੰ ਵੀ ਨਸ਼ਾ ਬਣਾ ਦਿੰਦੀ ਹੈ। ਕੀ ਇਹ ਕੁਝ ਕਰਨ ਲਈ ਸਰਕਾਰਾਂ ਕਹਿੰਦੀਆਂ ਨੇ। ਨਹੀਂ ਇਸ ਵਿਚ ਕਸੂਰ ਸਾਡਾ ਆਪਣਾ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਚੰਗੀ ਸੋਚ ਨਹੀਂ ਦੇ ਰਹੇ, ਉਸਦੇ ਚੰਗੇ ਮਾੜੇ ਦੀ ਫਿਕਰ ਨੀਂ ਕਰਦੇ। ਇੱਥੇ ਹੁਣ ਇੱਕ ਗੱਲ ਸੁਭਾਵਿਕ ਹੈ ਕਿ ਜੇ ਤਾਂ ਪਿਉ ਨਸ਼ਿਆਂ ਤੋਂ ਰਹਿਤ ਹੋਊ, ਤਾਂਹੀ ਬੱਚੇ ਨਸ਼ਿਆਂ ਤੋਂ ਰਹਿਤ ਹੋਣਗੇ। ਸੋ ਪਹਿਲਾਂ ਖੁਦ ਬਦਲੋ, ਫਿਰ ਦੂਸਰਿਆਂ ਨੂੰ ਬਦਲੋ। ਸਰਕਾਰ 'ਤੇ ਆਸ ਨਾ ਰੱਖੋ ਕਿ ਨਸ਼ਾ ਬੰਦ ਕਰਨਗੀਆਂ। "ਤੁਸੀਂ ਵਿਕਦੇ ਨਸ਼ਿਆਂ ਤੋਂ ਆਪਣੇ ਪੁੱਤਾਂ ਧੀਆਂ ਨੂੰ ਜਾਗ੍ਰਿਤ ਕਰਕੇ ਉਨ੍ਹਾਂ ਦੇ ਗ੍ਰਾਹਕ ਬਣਨ 'ਤੇ ਰੋਕ ਲਾਵੋ", ਕਿਉਂਕਿ ਜਿਸ ਦੁਕਾਨ ਦੇ ਗ੍ਰਾਹਕ ਨਾ ਹੋਣ, ਉਹ ਆਪੇ ਬੰਦ ਹੋ ਜਾਂਦੀਆਂ ਨੇ।

ਗੁਰਭਿੰਦਰ ਗੁਰੀ
ਵਟਸਐਪ : +447951 590424
ਪੰਜਾਬ ਮੇਲ USA



# ਆਪਣੀ ਅਦਾਕਾਰੀ ਨਾਲ ਦਰਸ਼ਕਾਂ ਦਾ ਦਿਲ ਜਿੱਤ ਰਹੀ ਹੈ ਤਾਨੀਆ

ਤਾਨੀਆ, ਜਿਨ੍ਹਾਂ ਦਾ ਅਸਲੀ ਨਾਮ ਤਾਨੀਆ ਅਰੋੜਾ ਹੈ, 6 ਮਈ 1993 ਨੂੰ ਜਮਸ਼ੇਦਪੁਰ, ਝਾਰਖੰਡ ਵਿਚ ਜਨਮੀ ਸੀ। ਉਹ ਅੰਮ੍ਰਿਤਸਰ ਵਿਚ ਪਲੀ-ਬੜੀ ਹੈ ਅਤੇ ਉਸਦੀ ਇੱਕ ਛੋਟੀ ਭੈਣ ਤਮੰਨਾ ਹੈ। ਉਸਦੇ ਪਿਤਾ ਡਾ. ਅਨਿਲਜੀਤ ਕਾਂਭੋਜ ਅਤੇ ਮਾਤਾ ਅੰਜੂ ਅਰੋੜਾ ਹਨ। ਉਸਨੇ ਆਪਣੀ ਸਕੂਲੀ ਸਿੱਖਿਆ ਅੰਮ੍ਰਿਤਸਰ ਵਿਚ ਕੀਤੀ ਅਤੇ ਬੀ.ਬੀ.ਕੇ. ਡੀ.ਏ.ਵੀ. ਕਾਲਜ ਫਾਰ ਵੁਮਨ ਤੋਂ ਪੋਸਟ ਗ੍ਰੈਜੂਏਸ਼ਨ ਕੀਤੀ। ਉਸਨੇ ਇੰਟੀਰੀਅਰ ਡਿਜ਼ਾਈਨਿੰਗ ਅਤੇ ਪ੍ਰੋਜੈਕਟ ਮੈਨੇਜਮੈਂਟ ਵਿਚ ਮਾਸਟਰ ਡਿਗਰੀ ਹਾਸਲ ਕੀਤੀ। ਉਸਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਥੀਏਟਰ ਵਿਚ ਚਾਰ ਸਾਲ ਦਾ ਕੋਰਸ ਕੀਤਾ ਅਤੇ ਹਰ ਸਾਲ "ਬੈਸਟ ਅਕਟਰ ਆਫ ਦਿ ਇਅਰ" ਦਾ ਇਨਾਮ ਜਿੱਤਿਆ।

## ਫਿਲਮੀ ਕਰੀਅਰ

ਤਾਨੀਆ ਨੇ ਆਪਣੀ ਅਦਾਕਾਰੀ ਦੀ ਸ਼ੁਰੂਆਤ 2018 ਵਿਚ ਫਿਲਮ 'ਕਿਸਮਤ' ਨਾਲ ਕੀਤੀ, ਜਿਸ ਵਿਚ ਉਸਨੇ ਐਮੀ ਵਿਰਕ ਦੀ ਮੰਗੇਤਰ ਦਾ ਕਿਰਦਾਰ ਨਿਭਾਇਆ। ਇਸ ਫਿਲਮ ਨਾਲ ਉਹ ਦਰਸ਼ਕਾਂ ਵਿਚ ਪ੍ਰਸਿੱਧ ਹੋਈ ਅਤੇ ਉਸਨੂੰ ਬ੍ਰਿਟ ਏਸ਼ੀਆ ਟੀ.ਵੀ. ਐਵਾਰਡ ਵਿਚ "ਬੈਸਟ ਸਪੋਰਟਿੰਗ ਅਕਟਰ" ਦਾ ਇਨਾਮ ਮਿਲਿਆ।

ਉਸਦੇ ਬਾਅਦ, ਉਸਨੇ ਕਈ ਹੋਰ ਫਿਲਮਾਂ ਵਿਚ ਕੰਮ ਕੀਤਾ, ਜਿਨ੍ਹਾਂ ਵਿਚ ਸ਼ਾਮਲ ਹਨ:

**ਸੁਫਨਾ** (2020): ਇਸ ਫਿਲਮ ਵਿਚ ਉਸਨੇ ਸੂਫੀ ਸੰਗੀਤ ਅਤੇ ਰੋਮਾਂਸ ਨਾਲ ਭਰਪੂਰ ਕਿਰਦਾਰ ਨਿਭਾਇਆ।

**ਗੁੱਡੀਆਂ ਪਟੋਲੇ** (2019): ਇਸ ਫਿਲਮ ਵਿਚ ਉਸਨੇ ਇੱਕ ਮਜ਼ੇਦਾਰ ਅਤੇ ਰੋਮਾਂਟਿਕ ਕਿਰਦਾਰ ਨਿਭਾਇਆ।

**ਲੇਖ** (2022): ਇਸ ਫਿਲਮ ਵਿਚ ਉਸਨੇ ਇੱਕ ਡ੍ਰਾਮੈਟਿਕ ਅਤੇ ਸੰਵੇਦਨਸ਼ੀਲ ਕਿਰਦਾਰ ਨਿਭਾਇਆ।

**ਬਾਜਰੇ ਦਾ ਸਿਟਾ** (2022): ਇਸ ਫਿਲਮ ਵਿਚ ਉਸਨੇ ਇੱਕ ਪਹਿਚਾਣਯੋਗ ਅਤੇ ਮਜ਼ਬੂਤ ਕਿਰਦਾਰ ਨਿਭਾਇਆ।

**ਓਏ ਮੱਖਣਾ** (2022): ਇਸ ਫਿਲਮ ਵਿਚ ਉਸਨੇ ਇੱਕ ਹਾਸੇ ਅਤੇ ਰੋਮਾਂਟਿਕ ਕਿਰਦਾਰ ਨਿਭਾਇਆ।

**ਗੋਡੇ ਗੋਡੇ ਚਾਅ** (2023): ਇਸ ਫਿਲਮ ਵਿਚ ਉਸਨੇ ਇੱਕ ਮਜ਼ੇਦਾਰ ਅਤੇ ਰੋਮਾਂਟਿਕ ਕਿਰਦਾਰ ਨਿਭਾਇਆ।


**ਮਿੱਤਰਾਂ ਦਾ ਨਾਂ ਚਲਦਾ** (2023): ਇਸ ਫਿਲਮ ਵਿਚ ਉਸਨੇ ਇੱਕ ਡ੍ਰਾਮੈਟਿਕ ਅਤੇ ਸੰਵੇਦਨਸ਼ੀਲ ਕਿਰਦਾਰ ਨਿਭਾਇਆ।

**ਫਫੇ ਕੁੱਟਣੀਆਂ** (2025): ਇਸ ਫਿਲਮ ਵਿਚ ਉਸਨੇ ਇੱਕ ਹਾਸੇ ਅਤੇ ਰੋਮਾਂਟਿਕ ਕਿਰਦਾਰ ਨਿਭਾਇਆ।

**ਇਲਟੀ** (2025): ਇਸ ਫਿਲਮ ਵਿਚ ਉਸਨੇ ਇੱਕ ਡ੍ਰਾਮੈਟਿਕ ਅਤੇ ਸੰਵੇਦਨਸ਼ੀਲ ਕਿਰਦਾਰ ਨਿਭਾਇਆ।







**ਸੰਗੀਤ ਵੀਡੀਓਜ਼ ਅਤੇ ਟੈਲੀਵਿਜ਼ਨ ਸ਼ੋਅਜ਼**

ਤਾਨੀਆ ਨੇ ਪੰਜਾਬੀ ਟੈਲੀਵਿਜ਼ਨ ਸ਼ੋਅਜ਼ ਅਤੇ ਸੰਗੀਤ ਵੀਡੀਓਜ਼ ਵਿਚ ਵੀ ਆਪਣੀ ਅਦਾਕਾਰੀ ਦਿਖਾਈ। ਉਸਦੇ ਨਾਚ ਅਤੇ ਡਾਂਸ ਦੇ ਅੰਦਾਜ਼ ਦਰਸ਼ਕਾਂ ਨੂੰ ਖਾਸਾ ਭਾਉਂਦੇ ਹਨ। ਉਸਨੇ ਕਈ ਸੰਗੀਤ ਵੀਡੀਓਜ਼ ਵਿਚ ਕੰਮ ਕੀਤਾ, ਜਿਨ੍ਹਾਂ ਵਿਚ ਸ਼ਾਮਲ ਹਨ:

**"ਸੁਫਨਾ"**: ਇਸ ਗਾਣੇ ਵਿਚ ਉਸਨੇ ਸੂਫੀ ਸੰਗੀਤ ਅਤੇ ਰੋਮਾਂਸ ਨਾਲ ਭਰਪੂਰ ਨਾਚ ਪੇਸ਼ ਕੀਤਾ।

**"ਗੁੱਡੀਆਂ ਪਟੋਲੇ"** : ਇਸ ਗਾਣੇ ਵਿਚ ਉਸਨੇ ਇੱਕ ਮਜ਼ੇਦਾਰ ਅਤੇ ਰੋਮਾਂਟਿਕ ਨਾਚ ਪੇਸ਼ ਕੀਤਾ।

**"ਲੇਖ"**: ਇਸ ਗਾਣੇ ਵਿਚ ਉਸਨੇ ਇੱਕ ਡ੍ਰਾਮੈਟਿਕ ਅਤੇ ਸੰਵੇਦਨਸ਼ੀਲ ਨਾਚ ਪੇਸ਼ ਕੀਤਾ।

## ਇਨਾਮ ਅਤੇ ਮਾਨਤਾ

ਤਾਨੀਆ ਨੇ ਆਪਣੀ ਅਦਾਕਾਰੀ ਨਾਲ ਕਈ ਇਨਾਮ ਅਤੇ ਮਾਨਤਾ ਹਾਸਲ ਕੀਤੀ ਹੈ। ਉਸਨੂੰ ਬ੍ਰਿਟ ਏਸ਼ੀਆ ਟੀ.ਵੀ. ਐਵਾਰਡ ਵਿਚ "ਬੈਸਟ ਸਪੋਰਟਿੰਗ ਅਕਟਰ" ਦਾ ਇਨਾਮ ਮਿਲਿਆ। ਉਸਦੇ ਕੰਮ ਨੂੰ ਦਰਸ਼ਕਾਂ ਅਤੇ ਸਮੀਖਿਆਕਾਰਾਂ ਨੇ ਉੱਚੀ ਮਾਨਤਾ ਦਿੱਤੀ ਹੈ।

## ਨਿੱਜੀ ਜੀਵਨ ਅਤੇ ਸ਼ੌਕ

ਤਾਨੀਆ ਇੱਕ ਪ੍ਰਸ਼ਸਤ ਨ੍ਰਿਤਕਾ ਵੀ ਹੈ ਅਤੇ ਕਲਾਸੀਕੀ ਨ੍ਰਿਤ ਵਿਚ ਰਾਸ਼ਟਰੀ ਪੱਧਰ 'ਤੇ ਭਾਗ ਲੈ ਚੁੱਕੀ ਹੈ। ਉਸਨੂੰ ਪੜ੍ਹਾਈ ਅਤੇ ਡਾਂਸ ਦਾ ਵੀ ਸ਼ੌਕ ਹੈ। ਉਹ ਸੋਸ਼ਲ ਮੀਡੀਆ 'ਤੇ ਕਾਫ਼ੀ ਸਰਗਰਮ ਰਹਿੰਦੀ ਹੈ ਅਤੇ ਆਪਣੇ ਫੈਨਜ਼ ਨਾਲ ਜੁੜੀ ਰਹਿੰਦੀ ਹੈ।

## ਭਵਿੱਖ ਦੀ ਯੋਜਨਾ

ਤਾਨੀਆ ਅਜੇ ਵੀ ਪੰਜਾਬੀ ਫਿਲਮ ਉਦਯੋਗ ਵਿਚ ਆਪਣੀ ਅਦਾਕਾਰੀ ਨਾਲ ਦਰਸ਼ਕਾਂ ਦਾ ਦਿਲ ਜਿੱਤ ਰਹੀ ਹੈ ਅਤੇ ਭਵਿੱਖ ਵਿਚ ਹੋਰ ਵੱਡੇ ਪ੍ਰੋਜੈਕਟਾਂ ਵਿਚ ਕੰਮ ਕਰਨ ਦੀ ਯੋਜਨਾ ਬਣਾਉਂਦੀ ਰਹਿੰਦੀ ਹੈ।





-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



# ਮਨਜੀਤ ਕੌਰ ਅੰਬਾਲਵੀ ਦਾ 'ਮਿੱਟੀ ਬੋਲ ਪਈ ਤੇ ਹੋਰ ਬਾਲ ਨਾਟਕ' ਬਾਲ ਮਨਾ ਦੀ ਤਰਜ਼ਮਾਨੀ

ਮਨਜੀਤ ਕੌਰ ਅੰਬਾਲਵੀ ਬੱਚਿਆਂ ਦੀ ਮਾਨਸਿਕਤਾ ਦੀ ਤਰਜ਼ਮਾਨੀ ਕਰਨ ਵਾਲੀ ਲੇਖਕਾ ਹੈ। ਅਧਿਆਪਕਾ ਹੋਣ ਦੇ ਨਾਤੇ ਉਹ ਬਾਲ ਮਨਾਂ ਦੀ ਮਾਨਸਿਕਤਾ ਨੂੰ ਬਹੁਤ ਹੀ ਤੀਖਣ ਬੁੱਧੀ ਨਾਲ ਸਮਝਦੀ ਹੈ। ਇਸ ਲਈ ਉਸ ਦੀਆਂ ਸਾਰੀਆਂ 'ਗੁਆਚੇ ਰੰਗ', 'ਬਹਾਰਾਂ ਨੂੰ ਆਵਾਜ਼', 'ਚਾਨਣ ਦੇ ਫੁੱਲ', 'ਮਾਂ ਦੀਆਂ ਮਿੱਠੀਆਂ ਲੋਰੀਆਂ', 'ਰੀਮੋਟ ਵਾਲਾ ਜਹਾਜ਼', 'ਕੁੱਲ ਦੀ ਬੋਲੀ', 'ਅਜਿਹਾ ਹੋਵੇ ਗੁਆਂਢੀ', 'ਆਟੇ ਦੀ ਚਿੜੀ', 'ਮੈਨੂੰ ਚੰਦ ਚਾਹੀਦੈ', 'ਨੂਰ ਅਗੰਮੀ', 'ਆ ਜਾ ਚਿੜੀਏ' ਅਤੇ 'ਮਿੱਟੀ ਬੋਲ ਪਈ' 12 ਪੁਸਤਕਾਂ ਬਾਲ ਮਨਾਂ ਦੀ ਮਨੋਸਥਿਤੀ ਅਨੁਸਾਰ ਲਿਖੀਆਂ ਹੋਈਆਂ ਹਨ। ਇੱਕ ਬਾਲਗ ਲੇਖਕ ਨੂੰ ਬੱਚਿਆਂ ਦੇ ਪੱਧਰ 'ਤੇ ਪਹੁੰਚਕੇ ਲਿਖਣਾ ਮੁਸ਼ਕਲ ਹੁੰਦਾ ਹੈ, ਪ੍ਰੰਤੂ ਮਨਜੀਤ ਕੌਰ ਅੰਬਾਲਵੀ ਦੀ ਕਮਾਲ ਇਸੇ ਵਿਚ ਹੈ ਕਿ ਉਹ ਬਾਲ ਸਥਿਤੀ ਵਿਚ ਪਹੁੰਚਕੇ ਬੱਚਿਆਂ ਦੀਆਂ ਭਾਵਨਾਵਾਂ ਦੀ ਪ੍ਰਤੀਨਿਧਤਾ ਕਰਨ ਵਾਲੀਆਂ ਰਚਨਾਵਾਂ ਕਰਦੀ ਹੈ। ਉਹ ਬਹੁ-ਵਿਧਾਵੀ, ਬਹੁ-ਦਿਸ਼ਾਵੀ ਤੇ ਬਹੁ-ਪਰਤੀ ਬਾਲ ਸਾਹਿਤਕਾਰ ਹੈ, ਜਿਸਨੇ ਕਵਿਤਾ ਤੇ ਕਹਾਣੀ ਤੋਂ ਬਾਅਦ ਨਾਟਕ ਵਿਧਾ 'ਤੇ ਹੱਥ ਅਜਮਾਇਆ ਹੈ। ਉਸ ਦੀਆਂ ਦੋ ਪੁਸਤਕਾਂ 'ਚਾਨਣ ਦੇ ਫੁੱਲ' ਅਤੇ 'ਮਾਂ ਦੀਆਂ ਮਿੱਠੀਆਂ ਲੋਰੀਆਂ' ਨੂੰ ਹਰਿਆਣਾ ਪੰਜਾਬੀ ਸਾਹਿਤ ਅਕਾਡਮੀ ਨੇ ਪੁਰਸਕਾਰ ਦੇ ਕੇ ਸਨਮਾਨਤ ਕੀਤਾ ਸੀ। ਚਰਚਾ ਅਧੀਨ 'ਮਿੱਟੀ ਬੋਲ ਪਈ ਤੇ ਹੋਰ ਬਾਲ ਨਾਟਕ' ਉਸਦੀ ਬਾਰ੍ਹਵੀਂ ਪੁਸਤਕ ਹੈ। ਇਸ ਪੁਸਤਕ ਵਿਚ ਉਸਨੇ ਪੰਜ ਬਾਲ ਨਾਟਕ, 'ਸਫ਼ਾਈ ਵਿੱਚ ਖ਼ੁਦਾਈ', 'ਚਿੜੀਆਂ ਕਿੱਥੇ ਗਈਆਂ', 'ਚਾਨਣ ਮੁਨਾਰਾ', ਮੌਸਮ ਬਦਲ ਗਏ' ਅਤੇ 'ਮਿੱਟੀ ਬੋਲ ਪਈ' ਸ਼ਾਮਲ ਕੀਤੇ ਹਨ, ਜਿਨ੍ਹਾਂ ਦੇ ਨਾਲ ਚਿੱਤਰ ਦੇ ਕੇ ਬੱਚਿਆਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਚਿੱਤਰ ਵੇਖ ਕੇ ਬਾਲਕ ਪੁਸਤਕ ਪੜ੍ਹਨ ਲਈ ਉਤਸ਼ਾਹਤ ਹੋ ਜਾਂਦੇ ਹਨ। ਇਹ ਨਾਟਕ ਬੱਚਿਆਂ ਨੂੰ ਸਮਾਜਿਕ ਬੁਰਾਈਆਂ ਦੇ ਵਿਰੁੱਧ ਲਾਮਬੰਦ ਹੋਣ ਲਈ ਪ੍ਰੇਰਿਤ ਕਰਦੇ ਹਨ। ਇਹ ਬਾਲ ਨਾਟਕਾਂ ਨੂੰ ਤਰਤੀਬ ਇਸ ਤਰ੍ਹਾਂ ਦਿੱਤੀ ਗਈ ਹੈ ਕਿ ਸਾਰੇ ਨਾਟਕਾਂ ਦੀ ਇੱਕ ਦੂਜੇ ਨਾਲ ਲੜੀ ਜੁੜਦੀ ਹੈ। ਇਉਂ ਲੱਗਦਾ ਹੈ ਕਿ ਨਾਟਕ ਖ਼ਤਮ ਨਹੀਂ ਹੋਇਆ, ਅਜੇ ਚਾਲਦਾ ਹੈ। ਅਜਿਹੇ ਬਾਲ ਨਾਟਕ ਵਰਤਮਾਨ ਸਮੇਂ ਵਿਚ ਬਹੁਤ ਹੀ ਮਹੱਤਵਪੂਰਨ ਤੇ ਢੁਕਵੇਂ ਹਨ, ਕਿਉਂਕਿ ਸਾਡੇ ਸਮਾਜਿਕ ਤਾਣੇ-ਬਾਣੇ ਵਿਚ ਨਿਘਾਰ ਆਉਣ ਕਰਕੇ ਇਨਸਾਨ ਆਪਣੀਆਂ ਜ਼ਿੰਮੇਵਾਰੀਆਂ ਨੂੰ ਅਣਡਿੱਠ ਕਰ ਰਿਹਾ ਹੈ, ਜਿਸ ਕਰਕੇ ਅਨੇਕ ਸਮਾਜਿਕ ਅਲਾਮਤਾਂ ਪੈਦਾ ਹੋ ਰਹੀਆਂ ਹਨ। ਅਜਿਹੇ ਹਾਲਾਤ ਵਿਚ ਸਾਡੀ ਆਉਣ ਵਾਲੀ ਪੀੜ੍ਹੀ ਦਾ ਭਵਿੱਖ ਖ਼ਤਰੇ ਵਿਚ ਪਿਆ ਹੋਇਆ ਹੈ। ਲੋਕ ਸਫ਼ਾਈ, ਪੰਛੀਆਂ ਦੀ ਅਹਿਮੀਅਤ ਤੇ ਕੁਦਰਤ ਦੀਆਂ ਨਿਹਮਤਾਂ ਦੀ ਅਣਵੇਖੀ ਕਰ ਰਹੇ ਹਨ, ਖ਼ੁਰਾਕ ਦੀ ਮਹੱਤਤਾ, ਧਰਤੀ ਮਾਤਾ ਨਾਲ ਜ਼ਿਆਦਤੀ ਅਤੇ ਹੋਰ ਮਨੁੱਖੀ ਜੀਵਨ ਲਈ ਜ਼ਰੂਰੀ ਲੋੜਾਂ ਤੋਂ ਪਾਸਾ ਵੱਟ ਰਹੇ ਹਨ। ਜਿਸ ਕਰਕੇ ਸਮਾਜਿਕ ਵਾਤਾਵਰਨ ਪ੍ਰਦੂਸ਼ਤ ਹੋ ਰਿਹਾ ਹੈ। ਇਨ੍ਹਾਂ ਗੱਲਾਂ ਬਾਰੇ ਬੱਚਿਆਂ ਵਿਚ ਜਾਗ੍ਰਤੀ ਪੈਦਾ ਕਰਨ ਲਈ ਲੇਖਕਾ ਨੇ ਇਹ ਨਾਟਕ ਲਿਖੇ ਹਨ, ਤਾਂ ਜੋ ਨਵੀਂ ਪੀੜ੍ਹੀ ਆਪਣੇ ਭਵਿੱਖ ਨੂੰ ਸੁਰੱਖਿਅਤ ਰੱਖਣ ਵਿਚ ਆਪਣਾ ਯੋਗਦਾਨ ਪਾ ਕੇ ਚੰਗਾ ਤੇ ਬਿਹਤਰੀਨ ਸਮਾਜ ਸਿਰਜ ਸਕੇ। ਨਾਟਕੀ ਵਿਧਾ ਰਾਹੀਂ ਬੱਚਿਆਂ ਵਿਚ ਜਾਗ੍ਰਤੀ ਪੈਦਾ ਕਰਨ ਦਾ ਉਸਾਰੂ ਉਪਰਾਲਾ ਹੈ। ਪਹਿਲਾ ਨਾਟਕ 'ਸਫ਼ਾਈ ਵਿਚ ਖ਼ੁਦਾਈ' ਬੱਚਿਆਂ ਨੂੰ ਸਫ਼ਾਈ ਦੀ ਮਹੱਤਤਾ ਬਾਰੇ ਜਾਗਰੂਕ ਕਰਦਾ ਹੈ। ਘਰਾਂ, ਪਾਰਕਾਂ, ਸਮਾਜਿਕ ਸੰਸਥਾਵਾਂ ਅਤੇ ਆਲੇ-ਦੁਆਲੇ ਦੀ ਸਫ਼ਾਈ ਰੱਖਣ ਨਾਲ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ। ਖਾਣ-ਪੀਣ ਤੋਂ ਬਾਅਦ ਵੇਸਟ ਮਟੀਰੀਅਲ ਲਈ ਕੂੜੇਦਾਨ ਦੀ ਵਰਤੋਂ ਲਈ ਬੱਚਿਆਂ ਨੂੰ ਜਾਣਕਾਰੀ ਦੇਣ ਲਈ ਤਸਵੀਰਾਂ ਸਮੇਤ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਵਿਚ ਦਾਦਾ-ਦਾਦੀ ਦੇ ਪਾਤਰਾਂ ਰਾਹੀਂ ਪਰਿਵਾਰਕ ਮੋਹ ਪੈਦਾ ਕਰਨ ਦੀ ਕੋਸ਼ਿਸ਼ ਵੀ ਕੀਤੀ ਗਈ ਹੈ, ਕਿਉਂਕਿ ਇੰਟਰਨੈੱਟ ਨੇ ਪਰਿਵਾਰਕ ਰਿਸ਼ਤਿਆਂ ਵਿਚ ਦੂਰੀ ਬਣਾ ਦਿੱਤੀ ਹੈ। ਦੂਜਾ ਬਾਲ ਨਾਟਕ 'ਚਿੜੀਆਂ ਕਿੱਥੇ ਗਈਆਂ' ਵਿਚ ਲੇਖਕਾ ਨੇ ਦਰੱਖਤਾਂ ਦੀ ਕਟਾਈ ਕਰਨ ਕਰਕੇ ਹਰਿਆਵਲ ਦੇ ਖ਼ਤਮ ਹੋਣ, ਪੰਛੀਆਂ ਦੇ ਆਲਣਿਆਂ ਲਈ ਦਰੱਖਤਾਂ ਦੀ ਅਣਹੋਂਦ ਹੋਣ, ਫੈਕਟਰੀਆਂ ਦੇ ਗੰਦੇ ਪਾਣੀ ਨਾਲ ਪਾਣੀ ਦੂਸ਼ਿਤ ਹੋਣ, ਕੀਟਨਾਸ਼ਕ ਦਵਾਈਆਂ ਦੀ ਵਰਤੋਂ ਕਰਕੇ ਕੀੜੇ-ਮਕੌੜਿਆਂ ਦੇ ਮਰਨ ਅਤੇ ਮੋਬਾਈਲ ਟਾਵਰਾਂ ਕਰਕੇ ਪੰਛੀਆਂ ਦੇ ਮਰਨ 'ਤੇ ਦੁੱਖ ਪ੍ਰਗਟ ਕਰਦਿਆਂ ਚਿੜੀਆਂ ਅਤੇ ਹੋਰ ਪੰਛੀਆਂ ਨੂੰ ਬਚਾਉਣ ਲਈ ਉਪਰਾਲਿਆਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਤੀਜਾ ਬਾਲ ਨਾਟਕ 'ਚਾਨਣ ਮੁਨਾਰਾ' ਵਿਚ ਬਾਲਗ ਸਿੱਖਿਆ ਦੀ ਮਹੱਤਤਾ ਦਰਸਾਉਂਦਿਆਂ ਟੱਪਰੀਵਾਸ ਲੋਕਾਂ ਦੀ ਜ਼ਿੰਦਗੀ ਦੀ ਜਦੋ-ਜਹਿਦ, ਵਰਕ ਕਲਚਰ ਦਾ ਨਮੂਨਾ, ਕਸਰਤ ਦੇ ਲਾਭ, ਪੁਸਤਕਾਂ ਪੜ੍ਹਨ ਦੀ ਚੇਟਕ, ਮਾਪਿਆਂ ਦੀ ਪਰਿਵਾਰਾਂ ਨੂੰ ਪਾਲਣ-ਪੋਸ਼ਣ ਸਮੇਂ ਕੀਤੀ ਕੁਰਬਾਨੀ ਅਤੇ ਮਨੁੱਖੀ ਮਨਾਂ ਦੀ ਸੰਤੁਸ਼ਟੀ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਬਾਲ ਨਾਟਕ ਵਿਚ ਬਿਆਨ ਕੀਤਾ ਗਿਆ ਹੈ। ਪਰਿਵਾਰ ਦੇ ਹਰ ਮੈਂਬਰ ਨੂੰ ਕੰਮ ਕਰਨ ਦੀ ਪ੍ਰੇਰਨਾ ਦਿੰਦਾ ਹੈ। ਚੌਥਾ ਨਾਟਕ 'ਮੌਸਮ ਬਦਲ ਗਏ' ਵਿਚ ਆਧੁਨਿਕ ਸਮੇਂ ਵਿਚ ਮੋਬਾਈਲਾਂ ਦੀ ਵਰਤੋਂ ਹੋਣ ਕਰਕੇ ਨੁਕਸਾਨ ਹੁੰਦਾ ਹੈ, ਬੱਚੇ ਘਰਾਂ ਵਿਚ ਬੰਦ ਰਹਿੰਦੇ ਹਨ, ਪਰਿਵਾਰ ਟੁੱਟ ਰਹੇ ਹਨ, ਪੰਛੀਆਂ 'ਤੇ ਵੀ ਮਾੜਾ ਅਸਰ ਪੈਂਦਾ ਹੈ, ਰੁੱਖਾਂ ਦੀ ਘਾਟ ਕਰਕੇ ਮੀਂਹ ਘੱਟ ਪੈਂਦੇ ਹਨ, ਫੁੱਲ ਬੂਟੇ ਮੁਰਝਾ ਜਾਂਦੇ ਹਨ, ਰੁੱਖ ਹੋਣਗੇ ਮੀਂਹ ਪੈਣਗੇ, ਮੌਸਮ ਸੁਹਾਵਣਾ ਹੋਵੇਗਾ, ਬੱਚੇ ਪਾਰਕਾਂ ਵਿਚ ਆਉਣਗੇ, ਕਸਰਤ ਹੋਵੇਗੀ ਤੇ ਤੰਦਰੁਸਤ ਰਹਿਣਗੇ। ਪੰਜਵਾਂ ਨਾਟਕ 'ਮਿੱਟੀ ਬੋਲ ਪਈ' ਹੈ, ਜਿਸਦੇ ਨਾਮ 'ਤੇ ਪੁਸਤਕ ਦਾ ਨਾਮ ਹੈ। ਇਸ ਨਾਟਕ ਵਿਚ ਖੇਤੀਬਾੜੀ ਤੇ ਆਰਗੈਨਿਕ ਖਾਦ ਖ਼ੁਰਾਕ ਦੀ ਮਹੱਤਤਾ, ਕੁਦਰਤ ਨਾਲ ਪਿਆਰ, ਮਿਹਨਤ ਦਾ ਫਲ, ਪੜ੍ਹਾਈ ਵਿਚ ਦਿਲਚਸਪੀ ਦੇ ਲਾਭ ਅਤੇ ਜ਼ਮੀਨਾ ਦਾ ਸ਼ਹਿਰੀਕਰਨ ਹੋਣ ਨਾਲ ਖੇਤੀਬਾੜੀ ਨੂੰ ਨੁਕਸਾਨ ਅਤੇ ਵਾਤਵਰਨ ਵਿਚ ਤਬਦੀਲੀ ਬਾਰੇ ਵਿਸਤ੍ਰਿਤ ਜਾਣਕਾਰੀ ਮੁਹੱਈਆ ਕਰਵਾਕੇ ਬੱਚਿਆਂ ਨੂੰ ਜਾਗ੍ਰਿਤ ਕੀਤਾ ਗਿਆ ਹੈ। ਇਸ ਨਾਟਕ ਸੰਗ੍ਰਹਿ ਵਿਚ ਸਰਲ ਬੋਲੀ, ਸੁਚੱਜੀ ਪਾਤਰ ਉਸਾਰੀ ਅਤੇ ਲੋਕ ਬੋਲਚਾਲ ਵਾਲੀ ਬੋਲੀ ਦੀ ਵਰਤੋਂ ਕੀਤੀ ਗਈ ਹੈ, ਜਿਸ ਨਾਲ ਬੱਚਿਆਂ ਨੂੰ ਜਲਦੀ ਸਮਝ ਆ ਜਾਂਦੀ ਹੈ। ਮਨਜੀਤ ਕੌਰ ਅੰਬਾਲਵੀ ਵਧਾਈ ਦੀ ਪਾਤਰ ਹੈ ਤੇ ਭਵਿੱਖ ਵਿਚ ਉਸ ਕੋਲੋਂ ਹੋਰ ਚੰਗੇ ਬਾਲ ਨਾਟਕ ਸੰਗ੍ਰਹਿ ਲਿਖਣ ਦੀ ਉਮੀਦ ਕੀਤੀ ਜਾ ਸਕਦੀ ਹੈ।



'ਮਨਜੀਤ ਕੌਰ ਅੰਬਾਲਵੀ' ਇੱਕ ਚੰਗੀ ਸਾਹਿਤਕਾਰਾ ਹੈ। ਜਿਸ ਨੇ ਆਪਣੀ ਕਲਮ ਨੂੰ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਵਿੱਚ ਸਿਆਣਪਤਾ ਪੂਰਵਕ ਚਲਾਇਆ ਹੈ। ਪੁਸਤਕ 'ਮਿੱਟੀ ਬੋਲ ਪਈ' ਵਿੱਚ ਉਸ ਨੇ ਪੰਜ ਬਾਲ ਨਾਟਕ 'ਸਫ਼ਾਈ ਵਿੱਚ ਖ਼ੁਦਾਈ', 'ਚਿੜੀਆਂ ਕਿੱਥੇ ਗਈਆਂ', 'ਚਾਨਣ ਮੁਨਾਰਾ', 'ਮੌਸਮ ਬਦਲ ਗਏ' ਅਤੇ 'ਮਿੱਟੀ ਬੋਲ ਪਈ' ਸ਼ਾਮਿਲ ਕੀਤੇ ਹਨ। ਅਜੋਕਾ ਸਮਾਜ ਤੇਜ਼ੀ ਨਾਲ਼ ਬਦਲ ਰਿਹਾ ਹੈ, ਵਕਤ ਦੀ ਰਫ਼ਤਾਰ ਨੇ ਨਿੱਕੇ-ਨਿੱਕੇ ਬੱਚਿਆਂ ਹੱਥੋਂ ਉਹਨਾਂ ਦੀਆਂ ਰਵਾਇਤੀ ਖੇਡਾਂ ਖੋਹ ਕੇ ਉਹਨਾਂ ਨੂੰ ਨੈੱਟਵਰਕ ਦੀ ਮੰਡੀ ਵਿੱਚ ਲਿਆ ਸੁੱਟਿਆ ਹੈ। 'ਅੰਬਾਲਵੀ' ਨੂੰ ਨਾਟਕ ਲਿਖਣ ਦੀ ਮੁਹਾਰਤ ਹਾਸਲ ਹੈ। ਉਸ ਨੇ ਆਪਣੇ ਬਾਲ-ਨਾਟਕਾਂ ਵਿੱਚ ਪਾਤਰ-ਉਸਾਰੀ ਵੀ ਬਹੁਤ ਸੁਚੱਜੇ ਢੰਗ ਨਾ਼ਲ ਕੀਤੀ ਹੈ। ਨਾਟਕਾਂ ਵਿੱਚ ਪਾਤਰਾਂ ਵੱਲੋਂ ਰਚਾਏ ਗਏ ਸੰਵਾਦ ਵੀ ਸਮੇਂ ਅਨੁਸਾਰ ਢੁੱਕਵੇਂ ਅਤੇ ਅਰਥ-ਭਰਪੂਰ ਹਨ। ਇਹੋ ਜਿਹੇ ਬਾਲ ਨਾਟਕ ਕਿਸੇ ਵੀ ਭਾਸ਼ਾ, ਬੋਲੀ ਦੇ ਨਾਟਕ, ਰੰਗਮੰਚ ਲਈ ਇੱਕ ਪ੍ਰਫੁੱਲਤਾ ਦਾ ਕੰਮ ਕਰਦੇ ਹਨ। ਉਂਝ ਵੀ ਅੱਜ-ਕੱਲ੍ਹ ਪੰਜਾਬੀ ਨਾਟਕ ਵੰਨਗੀ ਨੂੰ ਬਾਲ ਨਾਟਕਾਂ ਦੀ ਭਾਰੀ ਲੋੜ ਹੈ। ਆਸ ਕਰਦਾ ਹਾਂ ਕਿ ਪਾਠਕ ਇਸ ਪੁਸਤਕ ਨੂੰ ਵਾਰ-ਵਾਰ ਪੜ੍ਹਨਗੇ। ਮੈਂ ਭਵਿੱਖ ਵਿੱਚ 'ਅੰਬਾਲਵੀ' ਤੋਂ ਹੋਰ ਵੀ ਖ਼ੂਬਸੂਰਤ ਅਤੇ ਲੋਕ-ਪੱਖੀ ਬਾਲ ਨਾਟਕਾਂ ਦੀ ਆਸ ਕਰਦਾ ਹਾਂ। ਆਸ ਹੈ ਪੰਜਾਬੀ ਪਾਠਕ ਇਹਨਾਂ ਬਾਲ ਨਾਟਕਾਂ ਤੋਂ ਜ਼ਿੰਦਗੀ ਜਿਉਣ ਲਈ ਸੁਚੱਜੀ ਸੇਧ ਲੈਣਗੇ ਅਤੇ ਪੰਜਾਬੀ ਰੰਗ ਮੰਚ 'ਤੇ ਇਹ ਨਾਟਕ ਪੂਰੀ ਸਫ਼ਲਤਾ ਸਹਿਤ ਖੇਡੇ ਜਾ ਸਕਣਗੇ। ਮੈਂ ਇਹ ਪੁਸਤਕ ਮਾਣਯੋਗ ਪਾਠਕਾਂ ਦੀ ਕਚਹਿਰੀ ਵਿੱਚ ਪੇਸ਼ ਕਰਦਾ ਹੋਇਆ ਅਤਿਅੰਤ ਖ਼ੁਸ਼ੀ ਮਹਿਸੂਸ ਕਰਦਾ ਹਾਂ। ਸ਼ੁਭ ਇੱਛਾਵਾਂ ਨਾ਼ਲ .....

- ਮੋਹੀ ਅਮਰਜੀਤ ਸਿੰਘ

ਮਨਜੀਤ ਕੌਰ ਅੰਬਾਲਵੀ
(ਸਟੇਟ ਅਵਾਰਡੀ)

ਗੋਸ਼ਲ ਪ੍ਰਕਾਸ਼ਨ
Vill: Gosal, P.O. Saharan Majra
Teh. Payal, Distt: Ludhiana-141117 (PB)
Ph: 9417881074

RS/- 150

ISBN 93-85680-06-4

Mitti Bol Payee

**ਚਿੱਤਰ ਵੇਖ ਕੇ ਬਾਲਕ ਪੁਸਤਕ ਪੜ੍ਹਨ ਲਈ ਉਤਸ਼ਾਹਤ ਹੋ ਜਾਂਦੇ ਹਨ। ਇਹ ਨਾਟਕ ਬੱਚਿਆਂ ਨੂੰ ਸਮਾਜਿਕ ਬੁਰਾਈਆਂ ਦੇ ਵਿਰੁੱਧ ਲਾਮਬੰਦ ਹੋਣ ਲਈ ਪ੍ਰੇਰਿਤ ਕਰਦੇ ਹਨ। ਇਹ ਬਾਲ ਨਾਟਕਾਂ ਨੂੰ ਤਰਤੀਬ ਇਸ ਤਰ੍ਹਾਂ ਦਿੱਤੀ ਗਈ ਹੈ ਕਿ ਸਾਰੇ ਨਾਟਕਾਂ ਦੀ ਇੱਕ ਦੂਜੇ ਨਾਲ ਲੜੀ ਜੁੜਦੀ ਹੈ। ਇਉਂ ਲੱਗਦਾ ਹੈ ਕਿ ਨਾਟਕ ਖ਼ਤਮ ਨਹੀਂ ਹੋਇਆ, ਅਜੇ ਚਾਲਦਾ ਹੈ। ਅਜਿਹੇ ਬਾਲ ਨਾਟਕ ਵਰਤਮਾਨ ਸਮੇਂ ਵਿਚ ਬਹੁਤ ਹੀ ਮਹੱਤਵਪੂਰਨ ਤੇ ਢੁਕਵੇਂ ਹਨ, ਕਿਉਂਕਿ ਸਾਡੇ ਸਮਾਜਿਕ ਤਾਣੇ-ਬਾਣੇ ਵਿਚ ਨਿਘਾਰ ਆਉਣ ਕਰਕੇ ਇਨਸਾਨ ਆਪਣੀਆਂ ਜ਼ਿੰਮੇਵਾਰੀਆਂ ਨੂੰ ਅਣਡਿੱਠ ਕਰ ਰਿਹਾ ਹੈ, ਜਿਸ ਕਰਕੇ ਅਨੇਕ ਸਮਾਜਿਕ ਅਲਾਮਤਾਂ ਪੈਦਾ ਹੋ ਰਹੀਆਂ ਹਨ।**

**60 ਪੰਨਿਆਂ, 150 ਰੁਪਏ ਕੀਮਤ ਵਾਲੀ ਇਹ ਪੁਸਤਕ ਗੋਸ਼ਲ ਪ੍ਰਕਾਸ਼ਨ ਪਿੰਡ ਗੋਸ਼ਲ, ਡਾਕ ਸਹਾਰਨ ਮਾਜਰਾ ਜ਼ਿਲ੍ਹਾ ਲੁਧਿਆਣਾ ਨੇ ਪ੍ਰਕਾਸ਼ਤ ਕੀਤੀ ਹੈ। ਸੰਪਰਕ: ਮਨਜੀਤ ਕੌਰ ਅੰਬਾਲਵੀ: 9416271625**

ਡਾ. ਵਿਜੈ ਗਰਗ
ਸੇਵਾਮੁਕਤ ਪ੍ਰਿੰਸੀਪਲ ਕਾਲਮਨਵੀਸ, ਉੱਘੇ
ਸਿੱਖਿਆ ਸ਼ਾਸਤਰੀ ਗਲੀ ਕੌਰ ਚੰਦ
ਐੱਮ.ਐੱਚ.ਆਰ. ਮਲੋਟ ਪੰਜਾਬ
ਪੰਜਾਬ ਮੇਲ USA



# ਹਰ ਮਰਜ਼ ਦੀ ਦਵਾਈ ਨਹੀਂ ਹਨ ਜੜੀ-ਬੂਟੀ

ਇਹ ਗੱਲ ਮੁਸ਼ਕਲ ਪੈਦਾ ਕਰਦੀ ਹੈ, ਜਦੋਂ ਅਸੀਂ ਇਹ ਮੰਨ ਲੈਂਦੇ ਹਾਂ ਕਿ ਜੇਕਰ ਇਸ ਜੜੀ-ਬੂਟੀਆਂ ਨੇ ਇਸ ਮਰਜ਼ ਵਿਚ ਇਸ ਵਿਅਕਤੀ ਨੂੰ ਲਾਭ ਪਹੁੰਚਾਇਆ ਹੈ, ਤਾਂ ਮੈਨੂੰ ਵੀ ਮਿਲੇਗਾ। ਜਿਵੇਂ ਕਿ ਐਲੋਪੈਥੀ ਦੀਆਂ ਦਵਾਈਆਂ ਹਰ ਵਿਅਕਤੀ 'ਤੇ ਪ੍ਰਭਾਵ ਪਾਉਂਦੀਆਂ ਹਨ, ਉਸੇ ਤਰ੍ਹਾਂ ਜੜੀ-ਬੂਟੀਆਂ ਵਾਲੀਆਂ ਦਵਾਈਆਂ ਵੀ ਜ਼ਰੂਰੀ ਨਹੀਂ ਹਨ ਕਿ ਹਰ ਵਿਅਕਤੀ 'ਤੇ ਪ੍ਰਭਾਵ ਪਾਉਣ। ਜੜੀ-ਬੂਟੀਆਂ ਤੋਂ ਸੌ ਫੀਸਦੀ ਫਾਇਦੇ ਦੀ ਉਮੀਦ ਕਰਨਾ ਸਹੀ ਨਹੀਂ ਹੈ।

ਹਰਬਲ, ਯਾਨੀ ਜੜੀ-ਬੂਟੀਆਨ ਕਿਸੇ ਤਰ੍ਹਾਂ ਘੱਟ ਦਵਾਈਆਂ ਦੀ ਸਹੂਲਤ ਨਹੀਂ ਹੈ। ਪਰ ਇਸਨੂੰ ਚਮਤਕਾਰ ਸਮਝਣਾ ਵੀ ਗਲਤ ਹੈ। ਹਰ ਮਰਜ਼ ਦੀ ਦਵਾਈ ਜੜੀ-ਬੂਟੀਆਂ ਵਾਲੀ ਨਹੀਂ ਹੁੰਦੀ। ਪਰ ਅੱਜਕੱਲ੍ਹ ਹਰਬਲ ਸ਼ਬਦ ਭਰੋਸੇ ਦੀ ਗਾਰੰਟੀ ਬਣ ਗਿਆ ਹੈ। ਕਿਸੇ ਵੀ ਉਤਪਾਦ 'ਤੇ ਹਰਬਲ, ਨੈਚੁਰਲ ਜਾਂ ਆਯੂਰਵੇਦੀ ਲਿਖਿਆ ਦੇਖ ਕੇ ਹੀ ਮੰਨ ਲੈਂਦੇ ਹਨ ਕਿ ਸੌ ਫੀਸਦੀ ਸੁਰੱਖਿਅਤ ਹੋਵੇਗੀ, ਬਿਨਾਂ ਸਾਈਡ ਇਫੈਕਟ ਦੇ, ਪਰ ਇਹ ਸਹੀ ਗੱਲ ਨਹੀਂ ਹੈ।

## ਹਰ ਇੱਕ ਦਸ਼ਾ ਵਿਚ ਸੁਰੱਖਿਅਤ ਨਹੀਂ

ਇਹ ਸਮਝਣਾ ਜ਼ਰੂਰੀ ਹੈ ਕਿ ਕੁਦਰਤ ਵਿਚ ਹਰ ਚੀਜ਼ ਸੁਰੱਖਿਅਤ ਨਹੀਂ ਹੁੰਦੀ। ਧੂਰਾ, ਆਕ ਆਦਿ ਕੁਦਰਤੀ ਦਵਾਈਦਾਰ ਪੌਦੇ ਹਨ, ਪਰ ਇਨ੍ਹਾਂ ਦੇ ਮਾੜੇ ਪ੍ਰਭਾਵ ਵੀ ਪੂਰੀ ਦੁਨੀਆਂ ਵਾਲੇ ਜਾਣਦੇ ਹਨ। ਇਸੇ ਤਰ੍ਹਾਂ ਬਹੁਤ ਸਾਰੀਆਂ ਜੜ੍ਹੀਆਂ-ਬੂਟੀਆਂ ਗਲਤ ਮਾਤਰਾ ਵਿਚ, ਗਲਤ ਤਰੀਕੇ ਨਾਲ ਪੈਦਾ ਕਰਨ ਅਤੇ ਗਲਤ ਵਿਅਕਤੀ ਨੂੰ ਦਿੱਤੇ ਜਾਣ 'ਤੇ ਫਾਇਦੇ ਦੀ ਬਜਾਏ ਨੁਕਸਾਨ ਕਰ ਸਕਦੀਆਂ ਹਨ। ਇਸ ਲਈ ਅੱਖਾਂ ਬੰਦ ਕਰਕੇ ਹਰਬਲ ਦੀ ਵਰਤੋਂ ਕਰਨਾ ਜਾਂ ਇਸਨੂੰ ਕਿਸੇ ਕਿਸਮ ਦੇ ਮਾੜੇ ਪ੍ਰਭਾਵਾਂ ਤੋਂ ਮੁਕਤ ਮੰਨਣਾ ਭੁੱਲ ਜਾਂਦਾ ਹੈ। ਬਹੁਤ ਸਾਰੇ ਲੋਕ ਹਰਬਲ ਦੀ ਵਰਤੋਂ ਇਸ ਲਈ ਕਰਨ ਲੱਗਦੇ ਹਨ, ਜੇਕਰ ਇਹ ਫਾਇਦਾ ਨਹੀਂ ਵੀ ਪਹੁੰਚਾਏਗੀ ਤਾਂ ਨੁਕਸਾਨ ਹੀ ਨਹੀਂ ਕਰੇਗੀ। ਕਿਉਂਕਿ ਹਰਬਲ ਵਿਚ ਕਿਸੇ ਕਿਸਮ ਦੇ ਕੋਈ ਮਾੜੇ ਪ੍ਰਭਾਵ ਨਹੀਂ ਹੁੰਦੇ। ਪਰ ਅਜਿਹਾ ਨਹੀਂ ਹੈ। ਜੜੀ-ਬੂਟੀਆਂ ਵਾਲੀਆਂ ਦਵਾਈਆਂ ਨਾ ਸਿਰਫ਼ ਨੁਕਸਾਨ ਪਹੁੰਚਾ ਸਕਦੀਆਂ ਹਨ, ਸਗੋਂ ਉਨ੍ਹਾਂ ਤੋਂ ਮਾੜੇ ਪ੍ਰਭਾਵ ਵੀ ਸੰਭਵ ਹਨ। ਇਸ ਲਈ ਹਰਬਲ ਦੀ ਵਰਤੋਂ ਕਰਦੇ ਹੋਏ ਵੀ ਮਾਹਿਰਾਂ ਦੀ ਸਲਾਹ ਲੈਣਾ ਜ਼ਰੂਰੀ ਹੈ। ਆਪਣੇ ਆਪ ਵਿਚ ਕੋਈ ਧਾਰਨਾ ਨਾ ਬਣਾਓ।

## ਚਮਤਕਾਰ ਨਾ ਮੰਨੋ

ਜਿਵੇਂ ਹੀ ਅਸੀਂ ਜੜੀ-ਬੂਟੀਆਂ ਨੂੰ ਚਮਤਕਾਰ ਜਾਂ ਜਾਦੂਈ ਸਮਝਦੇ ਹਾਂ, ਉਸੇ ਤਰ੍ਹਾਂ ਸਮੱਸਿਆ ਪੈਦਾ ਹੋ ਜਾਂਦੀ ਹੈ। ਬਹੁਤ ਸਾਰੇ ਲੋਕ ਜਦੋਂ ਐਲੋਪੈਥੀ ਵਿਚ ਕੋਈ ਤੁਰੰਤ ਰਾਹਤ ਨਹੀਂ ਮਿਲਦੀ, ਤਾਂ ਇਹ ਸੋਚ ਕੇ ਜੜੀ-ਬੂਟੀਆਂ ਦੇ ਇਲਾਜ 'ਤੇ ਆ ਜਾਂਦੇ ਹਨ ਕਿ ਇਨ੍ਹਾਂ ਤੋਂ ਭਾਵੇਂ ਤੁਰੰਤ ਲਾਭ ਨਾ ਹੋਵੇ, ਪਰ ਨੁਕਸਾਨ ਕੁਝ ਨਹੀਂ ਹੋਵੇਗਾ ਅਤੇ ਅੰਤ ਵਿਚ ਫਾਇਦਾ ਹੀ ਹੋਵੇਗਾ। ਭਾਵ ਕੋਈ ਸਾਈਡ ਇਫੈਕਟ ਨਹੀਂ ਹੋਵੇਗਾ। ਪਰ ਇਹ ਧਾਰਨਾਵਾਂ ਗਲਤ ਹਨ। ਅਸਲ ਵਿਚ ਇਸ ਤਰ੍ਹਾਂ ਦੀ ਧਾਰਨਾ ਬਣਨਾ ਜੜੀ-ਬੂਟੀਆਂ ਦੇ ਮਾਰਕੀਟਿੰਗ ਦਾ ਕਮਾਲ ਹੈ। ਕਈ ਕੰਪਨੀਆਂ ਧੜਲੇ ਨਾਲ ਕਹਿੰਦੀਆਂ ਹਨ ਕਿ ਇਹ ਜੜੀ-ਬੂਟੀਆਂ ਸੌ ਫੀਸਦੀ ਨੈਚੁਰਲ ਹਨ ਅਤੇ ਇਨ੍ਹਾਂ ਵਿਚ ਕਿਸੇ ਤਰ੍ਹਾਂ ਦਾ ਕੋਈ ਸਾਈਡ ਇਫੈਕਟ ਨਹੀਂ ਹੁੰਦਾ, ਨਾਲ ਹੀ ਉਹ ਇਨ੍ਹਾਂ ਦੇ ਨਾਲ ਸੌ ਫੀਸਦੀ ਵਰਗਾ ਪੱਕਾ ਇਲਾਜ ਕਰ ਦਿੰਦੇ ਹਨ। ਇਹ ਸਭ ਕੁਝ ਵਿਗਿਆਨਕ ਪਰਖ 'ਤੇ ਖਰਾ ਨਹੀਂ ਉਤਰਦਾ। ਇਹ ਸਿੱਧੇ ਪ੍ਰਚਾਰ ਦਾ ਭੰਡਾਰ ਹਨ। ਅਜਿਹੇ ਵਿਚ ਕਿਸੇ ਵੀ ਜੜੀ-ਬੂਟੀ ਤੋਂ ਸੌ ਫੀਸਦੀ ਫਾਇਦੇ ਦੀ ਉਮੀਦ ਕਰਨਾ ਸਹੀ ਨਹੀਂ ਹੈ। ਇਹ ਵੀ ਆਪਣੇ ਆਪ ਵਿਚ ਮੁਸ਼ਕਲ ਪੈਦਾ ਕਰਦਾ ਹੈ, ਜਦੋਂ ਅਸੀਂ ਮੰਨ ਲੈਂਦੇ ਹਾਂ ਕਿ ਜੇਕਰ ਇਸ ਜੜੀ-ਬੂਟੀਆਂ ਨੇ ਇਸ ਰਲੇਵੇਂ ਵਿਚ ਇਸ ਵਿਅਕਤੀ ਨੂੰ ਲਾਭ ਪਹੁੰਚਾਇਆ ਹੈ, ਤਾਂ ਮੈਨੂੰ ਵੀ ਮਿਲੇਗਾ। ਇਹ ਗੱਲ ਸਹੀ ਨਹੀਂ ਹੈ। ਜਿਵੇਂ ਕਿ ਐਲੋਪੈਥੀ ਦੀਆਂ ਦਵਾਈਆਂ ਜ਼ਰੂਰੀ ਨਹੀਂ ਹਨ ਕਿ ਹਰ ਵਿਅਕਤੀ 'ਤੇ ਅਸਰ ਕਰਨ, ਉਸੇ ਤਰ੍ਹਾਂ ਜੜੀ-ਬੂਟੀਆਂ ਵਾਲੀਆਂ ਦਵਾਈਆਂ ਵੀ ਜ਼ਰੂਰੀ ਨਹੀਂ ਹੈ ਕਿ ਹਰ ਵਿਅਕਤੀ ਉੱਤੇ ਅਸਰਕਾਰੀ ਹੋਵੇ। ਕਈ ਵਾਰ ਬਹੁਤ ਸਾਰੇ ਲੋਕ ਡਾਕਟਰਾਂ ਦੀਆਂ ਭਾਰੀ ਫੀਸਾਂ ਅਤੇ ਉਨ੍ਹਾਂ ਦੁਆਰਾ ਕਰਵਾਏ ਜਾਣ ਵਾਲੇ ਮਹਿੰਗੇ ਟੈਸਟਾਂ ਤੋਂ ਬਚਣ ਲਈ ਜੜੀ-ਬੂਟੀਆਂ ਦੇ ਇਲਾਜ ਦੀ ਸ਼ਰਨ ਵਿਚ ਆਉਂਦੇ ਹਨ। ਪਰ ਇਹ ਤੁਹਾਡੀ ਆਪਣੀ ਸਮੱਸਿਆ ਹੋ ਸਕਦੀ ਹੈ, ਇਸ ਲਈ ਹਰਬਲ ਦਵਾਈਆਂ ਜ਼ਿੰਮੇਵਾਰ ਨਹੀਂ ਹਨ। ਇਸ ਲਈ ਹਰਬਲ ਤੋਂ ਚਮਤਕਾਰ ਦੀ ਉਮੀਦ ਨਾ ਕਰੋ।



**ਬਹੁਤ ਸਾਰੇ ਲੋਕ ਜਦੋਂ ਐਲੋਪੈਥੀ ਵਿਚ ਕੋਈ ਤੁਰੰਤ ਰਾਹਤ ਨਹੀਂ ਮਿਲਦੀ, ਤਾਂ ਇਹ ਸੋਚ ਕੇ ਜੜੀ-ਬੂਟੀਆਂ ਦੇ ਇਲਾਜ 'ਤੇ ਆ ਜਾਂਦੇ ਹਨ ਕਿ ਇਨ੍ਹਾਂ ਤੋਂ ਭਾਵੇਂ ਤੁਰੰਤ ਲਾਭ ਨਾ ਹੋਵੇ, ਪਰ ਨੁਕਸਾਨ ਕੁਝ ਨਹੀਂ ਹੋਵੇਗਾ ਅਤੇ ਅੰਤ ਵਿਚ ਫਾਇਦਾ ਹੀ ਹੋਵੇਗਾ। ਭਾਵ ਕੋਈ ਸਾਈਡ ਇਫੈਕਟ ਨਹੀਂ ਹੋਵੇਗਾ। ਪਰ ਇਹ ਧਾਰਨਾਵਾਂ ਗਲਤ ਹਨ। ਅਸਲ ਵਿਚ ਇਸ ਤਰ੍ਹਾਂ ਦੀ ਧਾਰਨਾ ਬਣਨਾ ਜੜੀ-ਬੂਟੀਆਂ ਦੇ ਮਾਰਕੀਟਿੰਗ ਦਾ ਕਮਾਲ ਹੈ। ਕਈ ਕੰਪਨੀਆਂ ਧੜਲੇ ਨਾਲ ਕਹਿੰਦੀਆਂ ਹਨ ਕਿ ਇਹ ਜੜੀ-ਬੂਟੀਆਂ ਸੌ ਫੀਸਦੀ ਨੈਚੁਰਲ ਹਨ ਅਤੇ ਇਨ੍ਹਾਂ ਵਿਚ ਕਿਸੇ ਤਰ੍ਹਾਂ ਦਾ ਕੋਈ ਸਾਈਡ ਇਫੈਕਟ ਨਹੀਂ ਹੁੰਦਾ, ਨਾਲ ਹੀ ਉਹ ਇਨ੍ਹਾਂ ਦੇ ਨਾਲ ਸੌ ਫੀਸਦੀ**



## ਹਰ ਰੋਗ ਦਾ ਇੱਕੋ ਜਿਹਾ ਇਲਾਜ ਨਹੀਂ

ਕੁਝ ਅਜਿਹੀਆਂ ਬਿਮਾਰੀਆਂ ਹੁੰਦੀਆਂ ਹਨ, ਜਿਨ੍ਹਾਂ ਵਿਚ ਜੜੀ-ਬੂਟੀਆਂ ਦੀ ਦਵਾਈ ਸਿਰਫ਼ ਸਹਾਇਕ ਹੋ ਸਕਦੀ ਹੈ ਪਰ ਮੁੱਖ ਇਲਾਜ ਉਨ੍ਹਾਂ ਤੋਂ ਨਹੀਂ ਹੁੰਦਾ। ਜਿਵੇਂ ਕਿ ਹਾਰਟ ਅਟੈਕ, ਬ੍ਰੇਨ ਸਟ੍ਰੋਕ ਜਾਂ ਬ੍ਰੇਨ ਹੈਮਰੇਜ ਅਤੇ ਹੋਰ ਗੰਭੀਰ ਬਿਮਾਰੀਆਂ, ਇਨ੍ਹਾਂ ਮੁਸ਼ਕਲਾਂ ਦਾ ਇਲਾਜ ਹਰਬਲ ਕੋਲ ਨਹੀਂ ਹੈ। ਇਨ੍ਹਾਂ ਲਈ ਹਸਪਤਾਲ, ਸਰਜਰੀ ਅਤੇ ਨਿਗਰਾਨੀ ਦੇ ਘੇਰੇ ਵਿਚ ਰਹਿਣਾ ਪੈਂਦਾ ਹੈ। ਇਸੇ ਤਰ੍ਹਾਂ ਟਾਈਫਾਈਡ, ਟੀ.ਬੀ. ਦੇ ਗੰਭੀਰ ਇਨਫੈਕਸ਼ਨ ਦਾ ਇਲਾਜ ਵੀ ਜੜੀ-ਬੂਟੀਆਂ ਦੀਆਂ ਦਵਾਈਆਂ ਕੋਲ ਨਹੀਂ ਹੈ। ਫਿਰ ਵੀ ਜਦੋਂ ਲੋਕ ਜੜੀ-ਬੂਟੀਆਂ ਨੂੰ ਹਰ ਤਰ੍ਹਾਂ ਦੀਆਂ ਮੁਸੀਬਤਾਂ ਦਾ ਚਮਤਕਾਰੀ ਉਪਾਅ ਸਮਝ ਕੇ ਉਨ੍ਹਾਂ 'ਤੇ ਬੇਲੋੜਾ ਬੋਝ ਪਾਉਂਦੇ ਹਨ, ਤਾਂ ਨਾ ਸਿਰਫ਼ ਉਮੀਦਾਂ ਟੁੱਟ ਜਾਂਦੀਆਂ ਹਨ, ਸਗੋਂ ਬਹੁਤ ਸਾਰੇ ਲੋਕਾਂ ਨੂੰ ਲੱਗਦਾ ਹੈ ਕਿ ਜੜ੍ਹੀਆਂ ਬੂਟੀਆਂ 'ਤੇ ਭਰੋਸਾ ਕਰਨਾ ਹੀ ਗਲਤ ਹੈ।

## ਜ਼ੋਖਮ ਲੈਣ ਦੀ ਸੀਮਾ

ਨਾ ਤਾਂ ਜੜੀ-ਬੂਟੀਆਂ 'ਤੇ ਬਹੁਤ ਜ਼ਿਆਦਾ ਵਿਸ਼ਵਾਸ ਕਰਨਾ ਸਹੀ ਹੁੰਦਾ ਅਤੇ ਨਾ ਹੀ ਅਵਿਸ਼ਵਾਸ। ਸ਼ੂਗਰ, ਹਾਈ ਬਲੱਡ ਪ੍ਰੈਸ਼ਰ, ਕੈਂਸਰ ਵਰਗੀਆਂ ਬਿਮਾਰੀਆਂ ਦਾ ਇਲਾਜ ਜੜੀ-ਬੂਟੀਆਂ ਕੋਲ ਨਹੀਂ ਹੈ। ਜੜੀ ਬੂਟੀਆਂ ਤੁਹਾਡੀ ਸਿਰਫ਼ ਜੀਵਨ ਸ਼ੈਲੀ ਵਿਚ ਸੁਧਾਰ ਕਰ ਸਕਦੀਆਂ ਹਨ, ਪਾਚਣ ਸੁਧਾਰ ਕਰ ਸਕਦੀਆਂ ਹਾਂ, ਨੀਂਦ ਬਿਹਤਰ ਕਰ ਸਕਦੀ ਹੈ, ਇਮਿਊਨ ਵਿਚ ਸਹਾਇਤਾ ਕਰ ਸਕਦੀ ਹੈ ਅਤੇ ਇਨ੍ਹਾਂ ਦੇ ਪ੍ਰਭਾਵਾਂ ਦੇ ਚੱਲਦੇ ਹੋਏ ਤੁਸੀਂ ਜ਼ਿੰਦਗੀ ਅਤੇ ਮੌਤ ਦੀਆਂ ਵਾਲੀਆਂ ਬਿਮਾਰੀਆਂ ਵਿਚ ਇਨ੍ਹਾਂ 'ਤੇ ਭਰੋਸੇ ਦਾ ਜ਼ੋਖਮ ਨਹੀਂ ਚੁੱਕ ਸਕਦੇ। ਇਹ ਸਮਝਣਾ ਪਵੇਗਾ।

## ਮਨਮਾਨੇ ਵਰਤੋਂ ਨੂੰ ਕਹੋ ਨਾ

ਜੜੀ-ਬੂਟੀਆਂ ਦੀ ਵਰਤੋਂ ਵਿਚ ਵੀ ਵਿਗਿਆਨਕ ਨਿਗਰਾਨੀ, ਉਨ੍ਹਾਂ ਦੀ ਸ਼ੁੱਧਤਾ ਅਤੇ ਖੁਰਾਕ 'ਤੇ ਗੰਭੀਰ ਧਿਆਨ ਦੇਣਾ ਜ਼ਰੂਰੀ ਹੁੰਦਾ ਹੈ। ਇਹ ਨਹੀਂ ਹੋ ਸਕਦਾ ਕਿ ਕੋਈ ਜੜੀ-ਬੂਟੀਆਂ ਨੂੰ ਤੁਸੀਂ ਮਨਮਾਨੇ ਢੰਗ ਨਾਲ ਖਾਓ, ਇਹ ਮੰਨ ਕੇ ਕਿ ਕਿਹੜਾ ਰਸਾਇਣ ਹੈ। ਉਨ੍ਹਾਂ ਦਾ ਵੀ ਇੱਕ ਮਿਆਰੀਕਰਨ ਹੁੰਦਾ ਹੈ ਅਤੇ ਜਿਵੇਂ ਕਿ ਉਤਪਾਦ ਵਿਚ ਸ਼ੁੱਧਤਾ ਦੀ ਗਾਰੰਟੀ ਜ਼ਰੂਰੀ ਹੁੰਦੀ ਹੈ, ਉਸੇ ਤਰ੍ਹਾਂ ਉਨ੍ਹਾਂ ਦੇ ਉਪਯੋਗੀ ਹੋਣ ਲਈ ਉਨ੍ਹਾਂ ਨੂੰ ਸ਼ੁੱਧ ਹੋਣਾ ਚਾਹੀਦਾ ਹੈ।

## ਇਹ ਸਾਵਧਾਨੀਆਂ ਵਰਤੋ

ਕਿਸੇ ਵੀ ਜੜੀ-ਬੂਟੀਆਂ ਦੀ ਵਰਤੋਂ ਕਰਨ ਤੋਂ ਪਹਿਲਾਂ ਨਿਦਾਨ ਕਰਵਾਓ। ਜਦੋਂ ਵੀ ਤੁਸੀਂ ਬਾਜ਼ਾਰ ਤੋਂ ਕੋਈ ਜੜੀ-ਬੂਟੀਆਂ ਦਾ ਉਤਪਾਦ ਖਰੀਦਦੇ ਹੋ, ਤਾਂ ਉਸ ਦੇ ਬਿਨਾਂ ਕਿਸੇ ਮਾੜੇ ਪ੍ਰਭਾਵ ਵਾਲੇ ਵਾਕ 'ਤੇ ਭਰੋਸਾ ਨਾ ਕਰੋ। ਗਰਭ ਅਵਸਥਾ, ਗੁਰਦੇ, ਜਿਗਰ, ਦਿਲ ਦੀ ਦੌਰੇ ਵਿਚ ਬਿਨਾਂ ਸਲਾਹ ਦੇ ਕਦੇ ਵੀ ਕੋਈ ਜੜੀ-ਬੂਟੀਆਂ ਵਾਲੀ ਦਵਾਈ ਨਾ ਲਓ। ਉੱਥੇ ਇੱਕ ਕਈ ਹਰਬਲ ਦਵਾਈਆਂ ਲੈਣਾ ਵੀ ਨੁਕਸਾਨਦੇਹ ਹੈ। ਇੱਕ ਹੋਰ ਗੱਲ ਇਹ ਹੈ ਕਿ ਬਲੱਡ ਥਿਨਰ, ਸ਼ੂਗਰ ਅਤੇ ਬੀ.ਪੀ. ਦੀਆਂ ਦਵਾਈਆਂ ਦੇ ਨਾਲ ਜੜੀ-ਬੂਟੀਆਂ ਵਾਲੀਆਂ ਦਵਾਈਆਂ ਨੂੰ ਨਾ ਮਿਲਾਓ। ਦੋ ਹਫ਼ਤਿਆਂ ਵਿਚ ਲਾਭ ਨਾ ਦਿਖਾਈ ਦੇਵੇ, ਤਾਂ ਡਾਕਟਰ ਨੂੰ ਜ਼ਰੂਰ ਮਿਲੋ, ਇਸੇ ਤਰ੍ਹਾਂ ਕਈ ਮਹੀਨਿਆਂ ਤੱਕ ਬਿਨਾਂ ਕਿਸੇ ਫਾਇਦੇ ਦੇ ਇਲਾਜ ਨਾ ਕਰੋ, ਤਾਂ ਬਿਹਤਰ ਹੈ।

## ਕਾਸ਼ ਕਿ ਪਰਲੋਂ ਆ ਜਾਂਦੀ

ਕਾਸ਼ ਕਿ ਪਰਲੋਂ ਆ ਜਾਂਦੀ,
ਇੱਕ ਹੋਰ ਭਾਣਾ ਵਰਤਾ ਜਾਂਦੀ,
ਇਸ ਸੜਦੀ ਬਲ਼ਦੀ ਦੁਨੀਆਂ ਦੇ,
ਇਹ ਸੀਨੇ ਠੰਢ ਵਰਤਾ ਜਾਂਦੀ।

ਫੇਰ ਝਗੜਾ ਗੋਰੇ ਕਾਲ਼ੇ ਦਾ,
ਇੱਕ ਝਟਕੇ ਵਿੱਚ ਹੀ ਮੁੱਕ ਜਾਂਦਾ,
ਤੇ ਰਿਸ਼ਤਾ ਜੀਜੇ ਸਾਲ਼ੇ ਦਾ,
ਇੱਕ ਝਪਕੀ ਦੇ ਵਿੱਚ ਮਿਟ ਜਾਂਦਾ।
ਕੋਈ ਨੀਂਵਾਂ ਕਿਸੇ ਨੂੰ ਨਾ ਕਰਦਾ,
ਨਾ ਉਚੇ ਦੀ ਗੁੱਡੀ ਤਹਾਂ ਜਾਂਦੀ,
ਇਸ ਸੜਦੀ ਬਲ਼ਦੀ ਦੁਨੀਆਂ ਦੇ,
ਇਹ ਸੀਨੇ ਠੰਢ ਵਰਤਾ ਜਾਂਦੀ।

ਅੱਲਾ ਆਪਣੀ ਚੌਧਰ ਵਿਚ,
ਫੇਰ ਕੱਲਿਆਂ ਬਾਂਗ ਸੁਣਾਂਦਾ ਨਾ,
ਤੇ ਰਾਮ ਵੀ ਆਪਣੇ ਡੰਕੇ ਦਾ,
ਹਰ ਪਾਸੇ ਟੱਲ ਖੜਕਾਂਦਾ ਨਾ।
ਤੇ ਪਾਕ ਪਵਿੱਤਰ ਥਾਂਵਾਂ ਦੀ,
ਇਹ ਮਿੱਟੀ ਪਲੀਤ ਕਰਾ ਜਾਂਦੀ,
ਇਸ ਸੜਦੀ ਬਲ਼ਦੀ ਦੁਨੀਆਂ ਦੇ,
ਇਹ ਸੀਨੇ ਠੰਢ ਵਰਤਾ ਜਾਂਦੀ।

ਤੇ ਪੈਸੇ ਦੇ ਮੰਦਵਾੜੇ ਦਾ,
ਸੰਸਾਰੀ ਪੁਆੜਾ ਠੱਲ੍ਹ ਜਾਂਦਾ,
ਕਰੋੜਾਂ ਦਾ ਚੜ੍ਹਿਆ ਕਰਜ਼ਾ ਫਿਰ,
ਇੱਕ ਫੁਰਨੇ ਦੇ ਵਿਚ ਤਰ ਜਾਂਦਾ।
ਲੰਡਿਆਂ ਵਿਚ ਉੱਕਰੀ ਲਾਲੇ ਦੀ,
ਵਹੀ ਖਾਤ ਨੂੰ ਧਾ ਜਾਂਦੀ,
ਇਸ ਸੜਦੀ ਬਲ਼ਦੀ ਦੁਨੀਆਂ ਦੇ,
ਇਹ ਸੀਨੇ ਠੰਢ ਵਰਤਾ ਜਾਂਦੀ।

ਮੁਰਦੇ ਨੂੰ ਦੱਬਣ ਤੇ ਫੂਕਣ ਦਾ,
ਝਗੜਾ ਇੱਥੇ ਹੀ ਥੰਮ ਜਾਂਦਾ,
ਨਾ ਸਵਰਗ ਦੇ ਸੁਪਨੇ ਲੈਂਦਾ ਕੋਈ,
ਨਾ ਨਰਕ ਦਾ ਕੋਈ ਗ਼ਮ ਖਾਂਦਾ।
ਨਾ ਦੇਵਤੇ ਕਿਸੇ ਨੂੰ ਭਰਮਾ ਸਕਦੇ,
ਨਾ ਦੈਂਤਾਂ ਦੀ ਕੋਈ ਵਾਹ ਜਾਂਦੀ,
ਇਸ ਸੜਦੀ ਬਲ਼ਦੀ ਦੁਨੀਆਂ ਦੇ,
ਇਹ ਸੀਨੇ ਠੰਢ ਵਰਤਾ ਜਾਂਦੀ।

ਨਾ ਅੱਤਵਾਦ ਦਾ ਹਊਆ ਕੋਈ,
ਕਿਸੇ ਨੂੰ ਕਦੀ ਡਰਾ ਸਕਦਾ,
ਨਾ ਐਟਮ ਬੰਬ ਤੇ ਤੋਪਾਂ ਨਾਲ,
ਕੋਈ ਕਿਸੇ ਨੂੰ ਹਰਾ ਸਕਦਾ।
ਵੱਡੇ ਨਾਂਵਾਂ ਦੀ ਸ਼ੋਹਰਤ ਵੀ,
ਝੱਟ ਮਿੱਟੀ ਵਿਚ ਸਮਾ ਜਾਂਦੀ,
ਇਸ ਸੜਦੀ ਬਲ਼ਦੀ ਦੁਨੀਆਂ ਦੇ,
ਇਹ ਸੀਨੇ ਠੰਢ ਵਰਤਾ ਜਾਂਦੀ।

ਕਾਸ਼ ਕਿ ਪਰਲੋਂ ਆ ਜਾਂਦੀ,
ਇੱਕ ਹੋਰ ਭਾਣਾ ਵਰਤਾ ਜਾਂਦੀ,
ਇਸ ਸੜਦੀ ਬਲ਼ਦੀ ਦੁਨੀਆਂ ਦੇ,
ਇਹ ਸੀਨੇ ਠੰਢ ਵਰਤਾ ਜਾਂਦੀ।



-ਰਵਿੰਦਰ ਸਿੰਘ ਕੁੰਦਰਾ,
ਕੌਵੈਂਟਰੀ, ਯੂ.ਕੇ.

ਪੰਜਾਬ ਮੇਲ USA

## ਖੁਦਾਈ ਅਨੁਭਵ

ਅਸੀਂ ਹਵਾ ਵਿੱਚੋਂ ਲੰਘ ਗਏ, ਹਵਾ ਵਾਂਗਰਾਂ।
ਤੈਨੂੰ ਅੱਜ ਫੇਰ ਮਿਲੇ ਹਾਂ, ਦੁਆ ਵਾਂਗਰਾਂ।

ਕਿਤੇ ਵਿੱਥ ਵੀ ਨਾ ਰਹੀ - ਮਨ, ਤਨ, ਆਤਮਾਂ,
ਇਕ ਮਿਕ ਤੇਰੇ ਨਾਲ ਨੇ, ਫਿਜ਼ਾ ਵਾਂਗਰਾਂ।

ਅਸੀਂ ਅੱਖ ਵੀ ਨਾ ਮਾਰੀ, ਨਾ ਹੀ ਤੁਸੀਂ ਸ਼ਰਮਾਏ,
ਮਿਲੀ ਰੌਸ਼ਨੀ ਨੂੰ ਰੌਸ਼ਨੀ, ਅਦਾ ਵਾਂਗਰਾਂ।

ਸਾਡੀ ਚੁੱਪ ਵਿਚੋਂ ਨਗ਼ਮੇਂ ਹਜ਼ਾਰਾਂ ਜਾਗ ਪਏ,
ਕਿਸੇ ਮਜਨੂੰ ਦੇ ਦਿਲ ਦੇ ਸ਼ੁਦਾ ਵਾਂਗਰਾਂ।

ਕਿੱਥੇ ਆਪ ? ਤੇ ਅਨਾਪ ਕਿੱਥੇ ? ਮੈਂ, ਤੂੰ ਏਥੇ,
ਝਰਨੇ 'ਚ ਖੇਲ੍ਹਦੀ ਸ਼ੁਆ ਵਾਂਗਰਾਂ।

ਸਾਡੀ ਰਚਨਾਂ 'ਚ ਸਾਡਾ ਹੀ ਵਜੂਦ ਵੱਸਦਾ,
ਇਸ ਖਲਕ 'ਚ ਵੱਸਦੇ ਖੁਦਾ ਵਾਂਗਰਾਂ।

-ਰਵਿੰਦਰ ਰਵੀ, ਬੀ.ਸੀ. ਕੈਨੇਡਾ
250-635-4455

ਪੰਜਾਬ ਮੇਲ USA

## ਮੈਖ਼ਾਨਾ

ਤੇਰੇ ਦੋਹਾਂ ਨੈਣਾਂ ਵਿਚ ਮੈਖ਼ਾਨਾ ਹੈ।
ਫਿਰ ਵੀ ਨਾ ਪੀਵਾਂ ਮੇਰੇ ਲਈ ਤਾਹਨਾ ਹੈ।

ਤੇਰੇ ਅੱਗੇ ਪਿੱਛੇ ਘੁੰਮਦੀ ਖਲਕਤ ਤੋਂ,
ਲੱਗਦਾ ਤੇਰਾ ਪੂਰਾ ਸ਼ਹਿਰ ਦੀਵਾਨਾ ਹੈ।

ਮੇਰਾ ਜੀਵਨ ਵਾਂਗ ਫਕੀਰਾਂ ਲੰਘ ਰਿਹਾ,
ਤੇਰਾ ਜ਼ਿੰਦਗੀ ਜੀਣ ਦਾ ਢੰਗ ਸ਼ਾਹਾਨਾ ਹੈ।

ਕਦੇ ਕਦਾਈਂ ਦਰਸ਼ਨ ਤੇਰਾ ਹੋ ਜਾਵੇ,
ਮੇਰੇ ਲਈ ਤਾਂ ਉਹ ਵੱਡਾ ਨਜ਼ਰਾਨਾ ਹੈ।

ਪੰਜ-ਸੱਤ ਸੰਗੀਆਂ ਨਾਲ ਹੀ ਮੈਨੂੰ ਚਾਅ ਚੜ੍ਹਦਾ,
ਸੁਣਿਆ ਤੁਰਦਾ ਤੇਰੇ ਨਾਲ ਜਮਾਨਾ ਹੈ।

ਮਰਦੇ ਦਮ ਤੱਕ ਯਾਦਾਂ ਤੇਰੀਆਂ ਸਾਂਭਾਂਗਾ,
ਦਿਲ ਮੇਰੇ ਦੇ ਅੰਦਰ ਤਾਂ ਤਹਿਖਾਨਾ ਹੈ।

ਤੈਨੂੰ ਜਿਹੜਾ ਅਮਰ ਸਦੀਵੀ ਕਰ ਦੇਵੇ,
ਹਾਲੇ ਤਾਂ ਮੈਂ ਲਿਖਣਾ ਉਹ ਅਫ਼ਸਾਨਾ ਹੈ।

ਅੱਜਕਲ੍ਹ ਵੱਸਦਾ ਜਾ ਕੇ ਦੇਸ਼ ਬਿਗਾਨੇ ਉਹ,
ਜਿਸਨੂੰ ਕੀਤਾ ਤੇਰੇ ਰੂਪ ਦੀਵਾਨਾ ਹੈ।



-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀਆ'
ਯੂਬਾ ਸਿਟੀ, ਕੈਲੀਫੋਰਨੀਆ (ਅਮਰੀਕਾ)
ਫੋਨ:+1-360-448-1989

ਪੰਜਾਬ ਮੇਲ USA

## ਰੰਗਲਾ ਪੰਜਾਬ

ਧਰਮ ਦੇ ਨਾਂ 'ਤੇ ਜੋ ਵੋਟਰਾਂ ਨੂੰ ਲੁੱਟੇ ਨਾ,
ਧਰਨੇ 'ਤੇ ਬੈਠਿਆਂ ਨੂੰ ਧੱਕੇ ਨਾਲ ਕੁੱਟੇ ਨਾ,
ਜਿਹੜੇ ਨਸ਼ੇ ਨੇ ਪੰਜਾਬ ਬਦਨਾਮ ਕਰਿਆ,
ਉਸ ਨਸ਼ੇ ਨੂੰ ਪੰਜਾਬ 'ਚੋਂ ਮੁਕਾ ਦੇਵੇ,
ਚਾਹੁੰਦਾ ਹੈ ਪੰਜਾਬ, ਭਾਈ ਉਹ ਸਰਕਾਰ,
ਜਿਹੜੀ ਰੰਗਲਾ ਪੰਜਾਬ ਬਣਾ ਦੇਵੇ।

ਮੋਦੀ ਵਾਗੂੰ ਅੱਛੇ ਦਿਨਾਂ ਵਾਲੇ ਲਾਵੇ ਲਾਰੇ ਨਾ,
ਵੋਟਰਾਂ ਨੂੰ ਮਿੱਠੀਆਂ ਗੱਲਾਂ ਦੇ ਨਾਲ ਸਾਰੇ ਨਾ,
ਹਰ ਕੌਮ ਨਾਲ ਕਰੇ ਇਨਸਾਫ ਜੋ,
ਬੇਅਦਬੀ ਪੰਜਾਬ 'ਚੋਂ ਹਟਾ ਦੇਵੇ ,
ਚਾਹੁੰਦਾ ਹੈ ਪੰਜਾਬ, ਭਾਈ ਉਹ ਸਰਕਾਰ,
ਜਿਹੜੀ ਰੰਗਲਾ ਪੰਜਾਬ ਬਣਾ ਦੇਵੇ।

ਲੀਰਾਂ ਵਾਗੂੰ ਰੋਲੇ ਨਾ ਜੋ ਸਿਰ ਦਸਤਾਰਾਂ ਨੂੰ,
ਕਰੇ ਨਾ ਜ਼ਲੀਲ ਕਦੇ ਧੀਆਂ ਮੁਟਿਆਰਾਂ ਨੂੰ,
ਪਾਲੇ ਨਾ ਜੋ ਮੁਜਰਿਮ ਮੰਤਰੀ,
ਦੋਸ਼ੀ ਹੋਵੇ ਜੇਲ ਵਿਚ ਪਾ ਦੇਵੇ ,
ਚਾਹੁੰਦਾ ਹੈ ਪੰਜਾਬ, ਭਾਈ ਉਹ ਸਰਕਾਰ,
ਜਿਹੜੀ ਰੰਗਲਾ ਪੰਜਾਬ ਬਣਾ ਦੇਵੇ।

ਪੰਜਾਬ ਨੂੰ ਪੰਜਾਬ ਹੀ ਬਣਾ ਦੇ ਜੋਗੇ ਆਲਿਆਂ,
ਕਰੇ ਕਲਾਕਾਰ ਬੈਨ ਜਿਨ੍ਹਾਂ ਵਿਰਸਾ ਵਿਗਾੜਿਆ,
ਪੜ੍ਹੇ ਲਿਖਿਆਂ ਨਾ ਕਰੇ ਇਨਸਾਫ ਜੋ,
ਐਵੇਂ ਬਿਨਾਂ ਗੱਲੋਂ ਡਾਂਗਾਂ ਨਾ ਵਰਾ ਦੇਵੇ,
ਚਾਹੁੰਦਾ ਹੈ ਪੰਜਾਬ, ਭਾਈ ਉਹ ਸਰਕਾਰ,
ਜਿਹੜੀ ਰੰਗਲਾ ਪੰਜਾਬ ਬਣਾ ਦੇਵੇ।



ਜਸਵੰਤ ਸਿੰਘ ਜੋਗਾ
ਫੋਨ : 62396-43306

ਪੰਜਾਬ ਮੇਲ USA

## ਪੱਕੇ ਪੇਪਰ



ਪੱਕੇ ਪੇਪਰ ਹੁਣ ਆ ਗਏ ਨੇੜੇ,
ਦੱਬ ਕੇ ਪੜ੍ਹ ਲਓ ਸ਼ਾਮ ਸਵੇਰੇ।
ਸਮਾਂ ਸਾਰਨੀ ਬਣਾ ਕੇ ਪੜ੍ਹਨਾ,
ਛੱਡ ਦੋ ਇਧਰ ਓਧਰ ਖੜ੍ਹਨਾ।
ਕਿਤਾਬਾਂ ਅੱਗੇ ਲਾਓ ਪੱਕੇ ਡੇਰੇ,
ਪੱਕੇ ਪੇਪਰ ਹੁਣ.... .... ....
ਖੇਡਣਾ ਕੁੱਦਣਾ ਕਰ ਦਿਓ ਬੰਦ,
ਜੀ ਲਾ ਕੇ ਪੜ੍ਹੋ ਨਿੱਤ ਘੰਟੇ ਪੰਜ।
ਮਾਪਿਆਂ ਤੋਂ ਨਹੀਂ ਖਾਣੇ ਲਫੇੜੇ,
ਪੱਕੇ ਪੇਪਰ ਹੁਣ.... .... ....
ਟੀ.ਵੀ. ਦੇਖਣ ਤੋਂ ਕਰਲੋ ਕਿਨਾਰਾ,
ਧਿਆਨ ਭੰਗ ਕਰ ਦਿੰਦਾ ਸਾਰਾ।
ਫੋਨ ਵੇਖਣ ਨੂੰ ਦਿਨ ਹੋਰ ਬਥੇਰੇ,
ਪੱਕੇ ਪੇਪਰ ਹੁਣ.... .... ....
ਵਧੀਆ ਨੰਬਰਾਂ ਨਾਲ ਹੋਣਾ ਪਾਸ,
ਮਾਪਿਆਂ ਨੇ ਲਗਾ ਰੱਖੀ ਹੈ ਆਸ।
ਵਿੱਦਿਆ ਬਿਨ੍ਹਾਂ ਤਾਂ ਘੋਰ ਹਨ੍ਹੇਰੇ,
ਪੱਕੇ ਪੇਪਰ ਹੁਣ.... .... ....
'ਚਮਨ' ਸਰਦੀ ਤੋਂ ਬਚਕੇ ਰਹਿਣਾ,
ਆਪਣੇ ਗੁਰੂ ਦਾ ਮੰਨਿਓ ਕਹਿਣਾ।
ਯਾਦ ਨੇ ਪ੍ਰਸ਼ਨ ਉਨ੍ਹਾਂ ਦੱਸੇ ਜਿਹੜੇ ?
ਪੱਕੇ ਪੇਪਰ ਹੁਣ.... .... ....



-ਚਮਨਦੀਪ ਸ਼ਰਮਾ, ਪਟਿਆਲਾ
ਮੋਬ : 95010-33005

ਪੰਜਾਬ ਮੇਲ USA

## ਕਦੇ ਇਹ ਵੀ ਹੁੰਦਾ ਸੀ ਮੇਰਾ ਪੰਜਾਬ

ਸੁਸਤ ਸੀ ਚਾਲ ਜ਼ਮਾਨੇ ਦੀ, ਬੈਲ ਗੱਡਿਆਂ 'ਤੇ ਚੱਲਦੇ ਸੀ।
ਹਲ ਵਾਹੁੰਦੇ ਸੁਹਾਗਾ ਫੇਰਦੇ, ਪੈਦਲ ਹੀ ਵਾਂਢੇ ਕੱਢਦੇ ਸੀ।
ਚੁੰਘਦੇ ਮੱਝਾਂ ਬੂਰੀਆਂ ਸੀ, ਗਭਰੂ ਡੰਡ ਬੈਠਕਾਂ ਕੱਢਦੇ ਸੀ।
ਜ਼ੋਰ ਕਰਦੇ ਵਿਚ ਛਿੰਝਾਂ ਦੇ, ਆਕੜ ਨਾਢੂ ਖਾਂ ਦੀ ਭੰਨਦੇ ਸੀ।

ਖੂਹ ਦੀ ਗਾਧੀ ਉੱਤੇ ਬੈਠ, ਹੇਕਾਂ ਢੋਲੇ ਮਾਹੀਏ ਦੀ ਲਾਂਦੇ ਸੀ।
ਬੂੜੇ ਦੀ ਗਿੜ ਗਿੜ ਹੁੰਦੀ, ਕੁੱਤੇ ਦੀ ਟਿੱਕ ਨਾਲ ਗਾਂਦੇ ਸੀ।
ਹਰਾ ਛੋਲੀਆ ਖਾਂਦੇ ਸੀ, ਛੱਲੀਆਂ ਚੱਬਦੇ ਮੁਰਮੁਰੇ ਖਾਂਦੇ ਸੀ।
ਤੱਤਾ ਗੁੜ ਖਾਣਾ ਗੰਡ ਉੱਤੇ, ਗਾਜਰਾਂ ਸ਼ਲਗਮ ਭੀ ਭਾਂਦੇ ਸੀ।

ਦਿਨ ਚੜ੍ਹਦੇ ਦੀ ਲਾਲੀ ਵਰਗਾ, ਚੇਹਰਾ ਜਵਾਨਾਂ ਤੇਰਾ ਸੀ।
ਦੁੱਧ ਮੱਖਣਾ ਨਾਲ ਪਲ਼ੀ ਜਵਾਨੀ, ਜੁੱਸਾ ਕਰੜਾ ਜੇਰਾ ਸੀ।
ਘੁੱਗ ਵੱਸਦਾ ਪੰਜਾਬ ਸੀ ਮੁੱਢ ਤੋਂ, ਘਰ ਦਾ ਅੰਨ ਬਥੇਰਾ ਸੀ।
ਦੱਬ ਕੇ ਵਾਹੁੰਦਾ ਰੱਜ ਕੇ ਖਾਂਦਾ, ਸਾਧਾਂ ਦਾ ਵਿਰਲਾ ਡੇਰਾ ਸੀ।

ਪੰਜਾਬ ਸੀ ਸਭ ਦਾ ਸਾਂਝਾ, ਮੁਸਲਿਮ, ਹਿੰਦੂ ਨਾ ਇਸਾਈ ਸੀ,
ਕੱਬਡੀ, ਛਿੰਝਾਂ ਮੇਲੇ ਲੱਗਦੇ ਸੀ, ਫਿਰਕਾਪ੍ਰਸਤੀ ਨ ਕਾਈ ਸੀ।
ਮੰਦਿਰ-ਮਸਜ਼ਿਦ ਨਾ ਰੌਲ਼ਾ ਸੀ, ਨਹੀਂ ਲੜਦੇ ਮੁੱਲਾਂ, ਭਾਈ ਸੀ,
'ਏਕ ਨੂਰ 'ਤੇ ਸਭ ਜੱਗ ਉਪਜਿਆ', ਗੱਲ ਗੁਰੂ ਸਮਝਾਈ ਸੀ।

ਕਿਨ੍ਹਾਂ ਦੇ ਅੜਿੱਕੇ ਚੜ੍ਹ ਗਿਐਂ ਤੂੰ, ਜਾਣਦੀ ਦੁਨੀਆਂ ਸਾਰੀ ਹੈ।
ਛੱਡ 'ਤੇ ਰਾਮ, ਅੱਲਾ ਵਾਹਿਗੁਰੂ, ਨਸ਼ਿਆਂ ਨੇ ਮੱਤ ਮਾਰੀ ਹੈ।
ਪੁੱਠੇ ਰਾਹ ਤੂੰ ਪੈ ਗਿਐਂ ਸੱਜਣਾ, ਜਿੱਥੇ ਤਾਂ ਸਿਰਫ਼ ਖੁਆਰੀ ਹੈ।
ਅੱਗ ਲੱਗੀ ਕਹਿਣ ਬਸੰਤਰ, ਭਲ਼ਕੇ ਉਨ੍ਹਾਂ ਦੀ ਵਾਰੀ ਹੈ।



-ਸੇਵਾ ਸਿੰਘ 'ਨੂਰਪੁਰੀ'

ਪੰਜਾਬ ਮੇਲ USA

PUNJAB MAIL USA

TV Channel, Newspaper, Radio

24 Hours 7 Days




All over America, Canada, Australia & Europe

- IP TV (24 Hours)
- App: Punjab Mail USA (24 Hours)
- Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

Gold # 2867, Gem # 375, TV Zon # 6888, Glow TV # 1828, Tashan # 131, Real TV etc.

For any Information & Advertisement Call at

+1-916-320-9444



FOR SALE & PURCHASE OF ANY KIND OF PROPERTY



RE/MAX

RE/MAX®
Outstanding Agents
Outstanding Results®
DRE Lic. # 01215931 (Broker)

Gurjatinder S. Randhawa

REALTOR CA DRE licence # 01490567

916-320-9444